ਪੰਦਰਵਾਂ ਸਾਲ

PARDES TIMES

15th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

ਮਾਂ ਬੋਲੀ ਨੂੰ ਸਮਰਪਿਤ

pardestimes

ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 15 | No. 361 | December 2, 2020 | E-mali : info@pardestimes.com | Ph 510-938-7771 | Ph 530-315-1020

ਪਰਦੇਸ ਟਾਇਮਜ਼ ਦੇ ਪਾਠਕਾਂ, ਪ੍ਰਸ਼ੰਸਕਾਂ, ਇਸ਼ਤਿਹਾਰਦਾਤਿਆਂ ਨੂੰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

# ਕਿਸਾਨ ਸੰਘਰਸ ਲਗਾਤਾਰ ਜਾਰੀ, ਕੇਂਦਰ ਨਾਲ 3 ਨੂੰ ਹੋਵੇਗੀ ਮੀਟਿੰਗ



ਨਵੀਂ ਦਿੱਲੀ- ਤਿੰਨ ਕੇਂਦਰੀ ਖੇਤੀ ਕਾਨੂੰਨਾਂ ਦੇ ਵਿਰੋਧ ’ਚ ਪੰਜਾਬ, ਹਰਿਆਣਾ, ਰਾਜਸਥਾਨ ਤੇ ਯੂਪੀ ਦੇ ਕਿਸਾਨਾਂ ਦਾ ਦਿੱਲੀ ਬਾਰਡਰ ’ਤੇ ਪ੍ਰਦਰਸ਼ਨ ਜਾਰੀ ਹੈ। ਕਿਸਾਨ ਟੀਕਰੀ ਬਾਰਡਰ, ਸਿੰਘੂ ਬਾਰਡਰ ਤੇ ਯੂਪੀ ਗੇਟ ’ਤੇ ਪਿਛਲੇ 6 ਦਿਨਾਂ ਤੋਂ ਪ੍ਰਦਰਸ਼ਨ ਕਰ ਰਹੇ ਹਨ। ਕੇਂਦਰ ਸਰਕਾਰ ਦੀ ਵਿਗਿਆਨ ਭਵਨ ਵਿਚ 35 ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਸ਼ੁਰੂ ਹੋ ਗਈ ਹੈ। ਮੀਟਿੰਗ ’ਚ ਕਿਸਾਨਾਂ ਦੇ ਵਫ਼ਦ ’ਚ ਜਗਜੀਤ ਸਿੰਘ ਡੱਲੇਵਾਲ, ਬਲਬੀਰ ਸਿੰਘ ਰਾਜੇਵਾਲ, ਬਲਦੇਵ ਸਿੰਘ ਸਿਰਸਾ, ਸੁਰਜੀਤ ਸਿੰਘ (ਪੰਜਾਬ ) ਸ਼ਿਵ ਕੁਮਾਰ ਕੱਕਾ ਜੀ ਮੱਧ ਪ੍ਰਦੇਸ਼, ਗੁਰਨਾਮ ਸਿੰਘ ਹਰਿਆਣਾ ਤੋਂ ਹਨਨ ਮੌਲਾ ਵੈਸਟ ਬੰਗਾਲ ਤੋਂ ਕਿਸਾਨਾਂ ਦੇ ਵਫਦ ਦੇ ਰੂਪ ਵਿੱਚ ਸ਼ਾਮਲ ਹੋਏ ਹਨ। ਕੇਂਦਰ ਸਰਕਾਰ ਵੱਲੋਂ ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ, ਕੇਂਦਰੀ ਰੇਲ ਮੰਤਰੀ ਪੀਯੂਸ਼ ਗੋਇਲ ਤੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਗੱਲਬਾਤ ਕਰ ਰਹੇ ਹਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਸ਼ਾਮਲ ਨਹੀਂ ਹੋਏ।

ਕਿਸਾਨ ਸੰਗਠਨਾਂ ਤੇ ਕੇਂਦਰ ਸਰਕਾਰ ਦਰਮਿਆਨ ਮੀਟਿੰਗ ਤੋਂ ਬਾਅਦ ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਕਿ ਮੀਟਿੰਗ ਵਧੀਆ ਰਹੀ ਤੇ ਅਸੀਂ ਫ਼ੈਸਲਾ ਲਿਆ ਹੈ ਕਿ ਫਿਰ ਤੋਂ ਵਾਰਤਾ 3 ਦਸੰਬਰ ਨੂੰ ਹੋਵੇਗੀ। ਉਨ੍ਹਾਂ ਨੇ ਅੱਗੇ ਕਿਹਾ ਕਿ ਅਸੀਂ ਚਾਹੁੰਦੇ ਸੀ ਕਿ ਇਕ ਛੋਟਾ ਸਮੂਹ ਗਠਿਤ ਕੀਤਾ ਜਾਵੇ ਪਰ ਕਿਸਾਨ ਨੇਤਾ ਚਾਹੁੰਦੇ ਸਨ ਕਿ ਵਾਰਤਾ ਸਾਰਿਆਂ ਨਾਲ ਹੋਵੇ, ਸਾਨੂੰ ਇਸ ਤੋਂ ਕੋਈ ਸਮੱਸਿਆ ਨਹੀਂ ਹੈ। ਮੀਟਿੰਗ ਵਿਚ ਕੇਂਦਰੀ ਖੇਤੀ ਮੰਤਰੀ ਨਰਿੰਦਰ ਤੋਮਰ, ਕੇਂਦਰੀ ਮੰਤਰੀ ਪਿਯੂਸ਼ ਗੋਇਲ ਸਮੇਤ ਕਿਸਾਨ ਸੰਗਠਨਾਂ ਦੇ ਨੇਤਾ ਸ਼ਾਮਲ ਰਹੇ।

ਕਿਸਾਨ ਜਥੇਬੰਦੀਆਂ ਨੇ ਕਿਹਾ ਕਿ ਨਵੇਂ ਖੇਤੀ ਕਾਨੂੰਨ ਸਾਡੇ ਲਈ ਡੈੱਥ ਵਾਰੰਟ ਹਨ। ਉਨ੍ਹਾਂ ਕਿਹਾ ਕਿ ਹੁਣ ਕਮੇਟੀਆਂ ਬਣਾਉਣ ਦਾ ਸਮਾਂ ਨਹੀਂ ਕਾਰਪੋਰੇਟ ਘਰਾਣੇ ਸਾਡੀਆਂ ਜ਼ਮੀਨਾਂ ਲੈ ਜਾਣਗੇ। ਜਥੇਬੰਦੀਆਂ ਨੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ।

ਤਿੰਨ ਖੇਤੀ ਕਾਨੂੰਨਾਂ ਸਬੰਧੀ ਕਿਸਾਨਾਂ ਦੀ ਕੇਂਦਰ ਸਰਕਾਰ ਨਾਲ ਹੋਈ ਮੀਟਿੰਗ ’ਚ ਕੇਂਦਰ ਵੱਲੋਂ ਕਾਨੂੰਨਾਂ ਦੀ ਸਮੀਖਿਆ ਲਈ ਕਮੇਟੀ ਬਣਾਉਣ ਦੇ ਮਤੇ ਨੂੰ ਕਿਸਾਨਾਂ ਨੇ ਰੱਦ ਕਰ ਦਿੱਤਾ ਹੈ। ਮੀਟਿੰਗ ਦੌਰਾਨ ਕੇਂਦਰ ਨੇ ਕਾਨੂੰਨਾਂ ਦੀ ਸਮੀਖਿਆ ਲਈ ਕਮੇਟੀ ਬਣਾਉਣ ਦਾ ਪ੍ਰਸਤਾਵ ਰੱਖਿਆ ਸੀ। ਕੇਂਦਰ ਨੇ ਕਮੇਟੀ ਬਣਾਉਣ ਲਈ ਕਿਸਾਨ ਆਗੂਆਂ ਤੋਂ ਪੰਜ ਮੈਂਬਰਾਂ ਦੇ ਨਾਂਅ ਮੰਗੇ ਸਨ। ਉੱਧਰ ਕੇਂਦਰ ਤੇ ਕਿਸਾਨਾਂ ਦੀ ਮੀਟਿੰਗ ’ਤੇ ਬੋਲਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਨੂੰ ਐਮਐਸਪੀ ਜਾਰੀ ਰੱਖਣੀ ਚਾਹੀਦੀ ਹੈ। ਹਰਿਆਣਾ ਦੇ ਆਜ਼ਾਦ ਵਿਧਾਇਕ ਸੋਮਵੀਰ ਸਾਂਗਵਾਨ ਨੇ ਕਿਸਾਨਾਂ ਦਾ ਸਾਥ ਦਿੰਦੇ ਹੋਏ ਮਨੋਹਰ ਲਾਲ ਸਰਕਾਰ ਤੋਂ ਸਮਰਥਨ ਵਾਪਸ ਲੈ ਲਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਸਬੰਧੀ ਉਹ ਸਰਕਾਰ ਤੋਂ ਸਮਰਥਨ ਵਾਪਸ ਲੈ ਰਹੇ ਹਨ।

ਆਮ ਆਦਮੀ ਪਾਰਟੀ ਦੇ ਤਿਲਕ ਨਗਰ ਤੋਂ ਵਿਧਾਇਕ ਜਰਨੈਲ ਸਿੰਘ ਮੰਗਲਵਾਰ ਨੂੰ ਕਿਸਾਨਾਂ ਦੀ ਹਮਾਇਤ ’ਚ ਕਨੌਟ ਪਲੇਸ ਪਹੁੰਚੇ। ਮਨੁੱਖੀ ਲੜੀ (Human Chain) ਬਣਾਉਣ ਤੋਂ ਪਹਿਲਾਂ ਹੀ ਪੁਲਿਸ ਨੇ ਉਨ੍ਹਾਂ ਨੂੰ ਹਿਰਾਸਤ ’ਚ ਲੈ ਲਿਆ। ਵਿਧਾਇਕ ਨੇ ਕਿਹਾ ਕਿ ਦੇਸ਼ ਦੇ ਕਿਸਾਨਾਂ ਦੇ ਨਾਲ ਕੇਂਦਰ ਸਰਕਾਰ ਗ਼ਲਤ ਕਰ ਰਹੀ ਹੈ। ਕਈ ਦਿਨਾਂ ਤੋਂ ਬਾਰਡਰ ਇਲਾਕੇ ’ਚ ਠੰਢ ’ਚ ਕਿਸਾਨ ਬੈਠੇ ਹਨ। ਸਰਕਾਰ ਨੂੰ ਕਿਸਾਨਾਂ ਬਾਰੇ ਸੋਚਣਾ ਚਾਹੀਦਾ ਹੈ। ਦੱਸ ਦੇਈਏ ਕਿ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਦਾ ਵਿਰੋਧ ਪ੍ਰਦਰਸ਼ਨ ਤੇ ਟਕਰਾਅ ਦਾ ਹੱਲ ਕੱਢਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਕਿਸਾਨਾਂ ਨੇ ਸਿੰਘੂ ਬਾਰਡਰ ’ਤੇ ਬੈਠਕ ਕਰ ਕੇ ਤੈਅ ਕੀਤਾ ਹੈ ਕਿ ਉਹ ਅੱਜ 3 ਵਜੇ ਕੇਂਦਰ ਸਰਕਾਰ ਨਾਲ ਮੰਤਰੀਆਂ ਦੇ ਸਮੂਹ ਨਾਲ ਗੱਲਬਾਤ ਕਰਨ ਦਿੱਲੀ ਜਾਣਗੇ। ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਬਿਨਾਂ ਸ਼ਰਤ ਗੱਲਬਾਤ ਦਾ ਮਤਾ ਸਵੀਕਾਰ ਕਰ ਲਿਆ ਹੈ। ਇਨ੍ਹਾਂ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚਾ ਦੇ 4 ਮੈਂਬਰ ਵੀ ਗੱਲਬਾਤ ’ਚ ਸ਼ਾਮਲ ਹੋਣਗੇ। ਟੀਕਰੀ ਤੇ ਸਿੰਘੂ ਬਾਰਡਰ ਦੇ ਨਾਲ ਹੁਣ ਦਿੱਲੀ-ਯੂਪੀ ਗੇਟ ’ਤੇ ਵੀ ਕਿਸਾਨਾਂ ਦੀ ਗਿਣਤੀ ਵਧਣ ਲੱਗੀ ਹੈ। ਓਧਰ, ਸਿੰਘੂ ਬਾਰਡਰ ਵੱਲੋਂ ਦਿੱਲੀ ’ਚ ਜਬਰਨ ਐਂਟਰ ਕਰਨ ਦੌਰਾਨ ਕਿਸਾਨਾਂ ਵੱਲੋਂ ਕੀਤੀ ਗਈ ਹਿੰਸਾ ਦੇ ਖ਼ਿਲਾਫ਼ ਅਲੀਪੁਰ ਥਾਣੇ ’ਚ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਸੀਸੀਟੀਵੀ ਫੁਟੇਜ ’ਤੇ ਹੋਰ ਸਰੋਤਾਂ ਤੋਂ ਮਿਲੇ ਸਬੂਤਾਂ ਦੇ ਆਧਾਰ ’ਤੇ ਮਾਮਲੇ ਦੀ ਜਾਂਚ ਕਰ ਰਹੀ ਹੈ। ਹਾਲਾਂਕਿ ਹੁਣ ਤਕ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਕੀਤੀ ਗਈ ਹੈ।

## ਦਿੱਲੀ-ਯੂਪੀ ਬਾਰਡਰ ’ਤੇ ਆਏ ਕਿਸਾਨ

ਉੱਤਰ ਪ੍ਰਦੇਸ਼ ਦੇ ਕਿਸਾਨਾਂ ਨੇ ਵੀ ਯੂਪੀ ਗੇਟ ’ਤੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਸਬੰਧੀ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਦਿੱਤਾ ਹੈ। ਇੱਥੇ ਹੌਲੀ-ਹੌਲੀ ਕਿਸਾਨਾਂ ਦੀ ਗਿਣਤੀ ਵਧਣ ਲੱਗੀ ਹੈ।

ਖੇਤੀ ਕਾਨੂੰਨਾਂ ਦੇ ਵਿਰੋਧ ’ਚ ਚੱਲ ਰਹੇ ਕਿਸਾਨਾਂ ਦੇ ਅੰਦੋਲਨ ਨੂੰ ਹਰਿਆਣਾ ਦੀਆਂ ਖਾਪ ਪੰਚਾਇਤਾਂ ਦਾ ਵੀ ਸਮਰਥਨ ਮਿਲ ਗਿਆ ਹੈ। ਇਸ ਦੇ ਨਾਲ ਹੀ ਆਲ ਇੰਡੀਆ ਸਾਰਥੀ ਐਂਡ ਆਨਰ ਐਸੋਸੀਏਸ਼ਨ ਦੇ ਮੁਖੀ ਬਲਵੰਤ ਸਿੰਘ ਭੁੱਲਰ ਤੇ ਦਿੱਲੀ ਗੁਡਜ਼ ਟਰਾਂਸਪੋਰਟ ਐਸੋਸੀਏਸ਼ਨ ਦੇ ਚੇਅਰਮੈਨ ਪਰਮੀਤ ਸਿੰਘ ਗੋਲਡੀ ਨੇ ਸਿੰਘੂ ਬਾਰਡਰ ’ਤੇ ਪਹੁੰਚ ਕੇ ਕਿਸਾਨਾਂ ਦੀ ਹਮਾਇਤ ਕੀਤੀ।

ਉਨ੍ਹਾਂ ਸਾਂਝੇ ਤੌਰ ’ਤੇ ਕਿਹਾ ਕਿ ਸਰਕਾਰ ਵੱਲੋਂ ਜੇਕਰ ਦੋ ਦਿਨਾਂ ’ਚ ਖੇਤੀ ਕਾਨੂੰਨਾਂ ਨੂੰ ਵਾਪਸ ਨਾ ਲਿਆ ਗਿਆ ਤਾਂ ਦਿੱਲੀ ’ਚ ਟਰੱਕ ਟੈਂਪੂ, ਟੈਕਸੀ ਤੇ ਬੱਸ ਸੇਵਾਵਾਂ ਬੰਦ ਕਰ ਦਿੱਤੀਆਂ ਜਾਣਗੀਆਂ ਤੇ ਡਰਾਈਵਰ ਅਣਮਿੱਥੀ ਹੜਤਾਲ ’ਤੇ ਚਲੇ ਜਾਣਗੇ। ਉਨ੍ਹਾਂ ਦੇਸ਼ ਭਰ ਦੇ ਟਰੱਕ, ਟੈਕਸੀ ਤੇ ਬੱਸ ਡਰਾਈਵਰਾਂ ਨੂੰ ਉਨ੍ਹਾਂ ਦਾ ਸਾਥ ਦੇਣ ਦੀ ਅਪੀਲ ਕੀਤੀ।

Certified Insurance Agent
COVERED CALIFORNIA
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
Mann Insurance Brokers Inc.
4123 Dyer St., #230, Union City, CA 94587

Allstate. You're in good hands.
Avninder Singh
Insurance Specialist, CA Lic. # 0822501
Auto - Home - Life - Health - Business - Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544

AUTOBAHN Body & Paint
Specializing in Convenience & Quality
ਡੈਂਟਿੰਗ ਅਤੇ ਪੇਂਟ ਦਾ ਕੰਮ ਕਰਵਾਉਣ ਲਈ ਮਿਲੋ
Baghel Singh Jaswal
Ph: (650) 966-1840, Fax: (650) 966-1023
www.autobahnbodypaint.com
778 Yuba Drive, Mountain View, CA 94041

Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545

ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ: 44808 S. Grimmer Blvd # 208 Fremont, CA 94538 510-657-6444
ਨਿਊਯਾਰਕ ਦਫਤਰ: 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ: 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ: 4491 w. Shaw Ave # 300B Near Costco Fresno, CA 93722 phone 559-271-5511

Raj Budwal
(Investment and Financial Advisor)
408-972-8000,
408-835-0202 (Cell)
Budwal and Associates
315 Piercy Road, San Jose, CA 95138
Budwal@sagepointadvisor.com

See me today and get the discounts and service you deserve
STATE FARM INSURANCE
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL

# ਕੰਟਰੈਕਟ ਫਾਰਮਿੰਗ ਕਾਨੂੰਨ ਕੀ ਹੈ ਅਤੇ ਇਸ ’ਚ ਕੀ ਫਾਇਦੇ-ਨੁਕਸਾਨ ਹਨ?





ਭਾਰਤ ਵਿੱਚ ਤਿੰਨ ਨਵੇਂ ਖੇਤੀ ਕਾਨੂੰਨ ਆਉਣ ਤੋਂ ਬਾਅਦ ਕੁਝ ਅਲਫਾਜ਼ ਕਾਫ਼ੀ ਸੁਣਨ ਨੂੰ ਮਿਲ ਰਹੇ ਹਨ, ਇਨ੍ਹਾਂ ਵਿੱਚੋਂ ਹੀ ਇੱਕ ਹੈ ਕੰਟਰੈਕਟ ਫਾਰਮਿੰਗ। ਕਿਸਾਨ ਕੰਟਰੈਕਟ ਫਾਰਮਿੰਗ ਸਬੰਧੀ ਨਵੇਂ ਕਾਨੂੰਨ ਦਾ ਵਿਰੋਧ ਵੀ ਕਰ ਰਹੇ ਹਨ ਅਤੇ ਦੂਜੇ ਪਾਸੇ ਸਰਕਾਰ ਇਸ ਨੂੰ ਕਿਸਾਨਾਂ ਦੇ ਹੱਕ ਵਿੱਚ ਦੱਸ ਰਹੀ ਹੈ।

ਹਾਲ ਵਿੱਚ ਹੀ ਬਣਾਏ ਗਏ ਨਵੇਂ ਖੇਤੀ ਕਾਨੂੰਨਾਂ ਵਿੱਚ ਕੰਟਰੈਕਟ ਫਾਰਮਿੰਗ ਨਾਲ ਜੁੜੇ ਨਿਯਮਾਂ ਬਾਰੇ ਤਜਵੀਜ਼ ਕੀਤੀ ਗਈ ਹੈ। ਪੰਜਾਬ-ਹਰਿਆਣਾ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਇਨ੍ਹਾਂ ਤਜਵੀਜ਼ਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ ਤਾਂ ਦੂਜੇ ਪਾਸੇ ਸਰਕਾਰ ਇਸ ਨੂੰ ਕਿਸਾਨਾਂ ਲਈ ਲਾਹੇਵੰਦ ਦੱਸ ਰਹੀ ਹੈ।

### ਕੰਟਰੈਕਟ ਫਾਰਮਿੰਗ ਕੀ ਹੈ?

ਕੰਟਰੈਕਟ ਫਾਰਮਿੰਗ ਦਾ ਪੰਜਾਬੀ ਅਨੁਵਾਦ ਕਰੀਏ ਤਾਂ ਮਤਲਬ ਨਿਕਲਦਾ ਹੈ ਇਕਰਾਰਨਾਮਾ ਕਰਕੇ ਖੇਤੀ ਕਰਨਾ। ਸੌਖੇ ਸ਼ਬਦਾਂ ਵਿੱਚ ਕੰਟਰੈਕਟ ਫਾਰਮਿੰਗ ਉਹ ਹੈ ਜਦੋਂ ਕਿਸਾਨ ਕਿਸੇ ਜਿਣਸ ਦੇ ਉਤਪਾਦ ਤੋਂ ਪਹਿਲਾਂ ਹੀ ਉਸ ਦੀ ਵਿਕਰੀ ਸਬੰਧੀ ਕਿਸੇ ਨਾਲ ਇਕਰਾਰਨਾਮਾ ਕਰ ਲਵੇ। ਉਦਾਹਰਨ ਵਜੋਂ ਆਲੂ ਦੇ ਚਿਪਸ ਬਣਾਉਣ ਵਾਲੀ ਕੋਈ ਫਰਮ, ਫਸਲ ਬੀਜਣ ਤੋਂ ਪਹਿਲਾਂ ਹੀ ਕਿਸਾਨ ਨਾਲ ਇਕਰਾਰਨਾਮਾ ਕਰ ਲਵੇ ਕਿ ਇਸ ਖਾਸ ਕਿਸਮ ਦੇ ਇੰਨੇ ਆਲੂ, ਇਸ ਕੀਮਤ ’ਤੇ ਉਹ ਕਿਸਾਨ ਕੋਲੋਂ ਖਰੀਦੇਗੀ।

ਪੰਜਾਬ ਵਿੱਚ ਵੀ ਪੈਪਸੀਕੋ ਨੇ ਆਲੂ ਦੀ ਕੰਟਰੈਕਟ ਫਾਰਮਿੰਗ ਦਾ ਮਾਡਲ ਲਿਆਂਦਾ ਸੀ, ਪਰ ਖੇਤੀ ਮਾਹਿਰ ਰਣਜੀਤ ਸਿੰਘ ਘੁੰਮਣ ਮੁਤਾਬਕ, ਇਹ ਤਜ਼ਰਬਾ ਪੰਜਾਬ ਵਿੱਚ ਬਹੁਤਾ ਕਾਮਯਾਬ ਨਹੀਂ ਰਿਹਾ। ਪੰਜਾਬ ਵਿੱਚ ਸਾਲ 2013 ’ਚ ਪੰਜਾਬ ਕੰਟਰੈਕਟ ਫਾਰਮਿੰਗ ਐਕਟ ਵੀ ਲਿਆਂਦਾ ਗਿਆ ਸੀ, ਪਰ ਇਸ ਐਕਟ ਮੁਤਾਬਕ ਕੰਟਰੈਕਟ ਫਾਰਮਿੰਗ ਵੱਡੇ ਪੱਧਰ ’ਤੇ ਸੂਬੇ ਵਿੱਚ ਨਹੀਂ ਹੋਈ।

ਪਰ ਹਾਲ ਹੀ ਵਿੱਚ ਲਿਆਂਦੇ ਤਿੰਨ ਨਵੇਂ ਕਾਨੂੰਨਾਂ ਵਿੱਚੋਂ ਇੱਕ, ਫਾਰਮਰਜ਼ (ਇੰਪਾਵਰਮੈਂਟ ਐਂਡ ਪ੍ਰੋਟੈਕਸ਼ਨ) ਅਗਰੀਮੈਂਟ ਆਨ ਪਰਾਈਸ ਅਸ਼ਿਓਰੈਂਸ ਐਂਡ ਫਾਰਮ ਸਰਵਿਸਜ਼ ਐਕਟ-2020, ਵਿੱਚ ਕੰਟਰੈਕਟ ਫਾਰਮਿੰਗ ਸਬੰਧੀ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਹੋਏ ਹਨ। ਇਸ ਨਵੇਂ ਕਾਨੂੰਨ ਵਿੱਚ ਕੰਟਰੈਕਟ ਫਾਰਮਿੰਗ ਦੇ ਨਿਯਮ ਪਹਿਲਾਂ ਨਾਲੋਂ ਕੁਝ ਬਦਲੇ ਗਏ ਹਨ।

### ਕੀ ਹੈ ਨਵਾਂ ਕਾਨੂੰਨ?

ਕੰਟਰੈਕਟ ਫਾਰਮਿੰਗ ਸਬੰਧੀ ਨਵੇਂ ਕਾਨੂੰਨ ਜ਼ਰੀਏ ਬਣਾਏ ਨਿਯਮਾਂ ਵਿੱਚੋਂ ਕੁਝ ਖਾਸ ਨਿਯਮਾਂ ਦੀ ਇੱਥੇ ਗੱਲ ਕਰਦੇ ਹਾਂ...

ਇਕਰਾਰ ਲਿਖਤੀ ਹੋਣਾ ਚਾਹੀਦਾ ਹੈ ਅਤੇ ਸੌਖੀ ਤੇ ਖੇਤਰੀ ਭਾਸ਼ਾ ਵਿੱਚ ਹੋਣਾ ਚਾਹੀਦਾ ਹੈ ਤਾਂ ਕਿ ਦੋਵੇਂ ਧਿਰਾਂ ਚੰਗੀ ਤਰ੍ਹਾਂ ਸਮਝ ਲੈਣ। ਐਕਟ ਦੇ ਸੈਕਸ਼ਨ-12 ਤਹਿਤ ਅਗਰੀਮੈਂਟ ਦੀ ਈ-ਰਜਿਸਟਰੀ ਹੋਣੀ ਚਾਹੀਦੀ ਹੈ। ਇਕਰਾਰਨਾਮੇ ਵਿੱਚ ਸਾਰੀਆਂ ਧਿਰਾਂ, ਉਤਪਾਦ, ਕੀਮਤ, ਡਿਲੀਵਰੀ, ਤਰੀਕੇ ਅਤੇ ਸਮਝੌਤੇ ਨਾਲ ਸਬੰਧਤ ਸਾਰੇ ਪਹਿਲੂਆਂ ਬਾਰੇ ਲਿਖਿਆ ਹੋਣਾ ਚਾਹੀਦਾ ਹੈ।

ਫਾਰਮਿੰਗ ਅਗਰੀਮੈਂਟ ਦਾ ਸਮਾਂ ਸਪਸ਼ਟ ਰੂਪ ਵਿੱਚ ਲਿਖਿਆ ਹੋਣਾ ਚਾਹੀਦਾ ਹੈ, ਜੋ ਕਿ ਘੱਟੋ-ਘੱਟ ਇੱਕ ਫਸਲੀ ਚੱਕਰ ਜਾਂ ਉਤਪਾਦ ਚੱਕਰ ਅਤੇ ਵੱਧ ਤੋਂ ਵੱਧ ਪੰਜ ਸਾਲ ਹੋ ਸਕਦਾ ਹੈ। ਜੇ ਕਿਸੇ ਉਤਪਾਦ ਦਾ ਚੱਕਰ ਪੰਜ ਸਾਲ ਤੋਂ ਵੱਧ ਹੈ ਤਾਂ ਉਸ ਕੇਸ ਵਿੱਚ ਅਗਰੀਮੈਂਟ ਦਾ ਸਮਾਂ ਪੰਜ ਸਾਲ ਤੋਂ ਵਧਾਇਆ ਜਾ ਸਕਦਾ ਹੈ।

ਜੋ ਵੀ ਪ੍ਰੋਡਕਸ਼ਨ ਮੈਥਡ ਅਤੇ ਸਟੈਂਡਰਡ, ਅਗਰੀਮੈਂਟ ਵਿੱਚ ਲਿਖੇ ਜਾਣਗੇ ਕਿਸਾਨ ਨੂੰ ਉਨ੍ਹਾਂ ਦੀ ਪਾਲਣਾ ਕਰਨੀ ਹੋਏਗੀ। ਖਰੀਦਦਾਰ, ਪ੍ਰੋਡਕਸ਼ਨ ਸਾਈਟ ’ਤੇ ਸਲਾਹ ਦੇਣ, ਜਾਂ ਪ੍ਰੋਡਕਸ਼ਨ ਪ੍ਰੋਸੈਸ ਨੂੰ ਸੁਪਰਵਾਈਜ਼ ਕਰਨ ਆ ਸਕਦਾ ਹੈ ਪਰ ਕਦੋਂ ਆ ਸਕਦਾ ਹੈ ਅਤੇ ਕਿੰਨੀ ਵਾਰ ਆ ਸਕਦਾ ਹੈ, ਇਹ ਸਭ ਅਗਰੀਮੈਂਟ ਵਿੱਚ ਲਿਖਿਆ ਹੋਣਾ ਚਾਹੀਦਾ ਹੈ।

ਫ਼ਸਲ ਜਾਂ ਉਤਪਾਦ ਤਿਆਰ ਹੋਣ ਤੋਂ ਬਾਅਦ, ਜਦੋਂ ਉਸ ਦਾ ਮੁਆਇਨਾ ਹੋਵੇ ਤਾਂ ਦੋਵੇਂ ਧਿਰਾਂ ਮੌਜੂਦ ਰਹਿਣੀਆਂ ਚਾਹੀਦੀਆਂ ਹਨ, ਜੇ ਖਰੀਦਦਾਰ ਉਸ ਵੇਲੇ ਉਤਪਾਦ ਨੂੰ ਮਨਜ਼ੂਰੀ ਦੇ ਦਵੇ ਤਾਂ ਵਿਕਰੀ ਵੇਲੇ ਖਰੀਦਣ ਤੋਂ ਮਨ੍ਹਾਂ ਨਹੀਂ ਕਰ ਸਕਦਾ। ਫਸਲ ਖਰੀਦਣ ਵਾਲੇ ਦਿਨ ਹੀ ਕਿਸਾਨ ਨੂੰ ਕੀਮਤ ਦੀ ਅਦਾਇਗੀ ਹੋ ਜਾਣੀ ਚਾਹੀਦੀ ਹੈ।

ਖਰੀਦਦਾਰ ਜਾਂ ਸਪੌਂਸਰ, ਇਸ ਫਾਰਮਿੰਗ ਅਗਰੀਮੈਂਟ ਨੂੰ ਕਿਸਾਨ ਦੀ ਜ਼ਮੀਨ ’ਤੇ ਆਪਣਾ ਹੱਕ ਜਤਾਉਣ ਲਈ ਨਹੀਂ ਵਰਤ ਸਕਦਾ। ਕਿਸਾਨ ਦੀ ਜ਼ਮੀਨ ’ਤੇ ਕੋਈ ਪਰਮਾਨੈਂਟ ਬਦਲਾਅ ਵੀ ਨਹੀਂ ਕਰ ਸਕਦਾ। ਆਰਜ਼ੀ ਬਦਲਾਅ ਹੋ ਸਕਦੇ ਹਨ, ਪਰ ਅਗਰੀਮੈਂਟ ਖ਼ਤਮ ਹੁੰਦੇ ਹੀ ਕਿਸਾਨ ਨੂੰ ਉਸ ਦੀ ਜ਼ਮੀਨ ਪਹਿਲਾਂ ਦੀ ਹਾਲਤ ਵਿੱਚ ਮਿਲਣੀ ਚਾਹੀਦੀ ਹੈ।

ਫਾਰਮਿੰਗ ਅਗਰੀਮੈਂਟ ਜ਼ਰੀਏ ਕਿਸਾਨ ਦੀ ਜ਼ਮੀਨ ਦੀ ਵਿਕਰੀ, ਟਰਾਂਸਫਰ, ਲੀਜ਼ ਜਾਂ ਮੌਰਟਗੇਜ ਨਹੀਂ ਹੋ ਸਕਦੀ।

ਦੋਵਾਂ ਧਿਰਾਂ ਵਿੱਚ ਹੋਏ ਵਿਵਾਦ ਦੇ ਹੱਲ ਬਾਰੇ ਵੀ ਅਗਰੀਮੈਂਟ ਵਿੱਚ ਲਿਖਿਆ ਹੋਣਾ ਚਾਹੀਦਾ ਹੈ, ਜੇ ਨਾ ਲਿਖਿਆ ਹੋਵੇ ਜਾਂ ਉਸ ਮੁਤਾਬਕ ਹੱਲ ਨਾ ਹੋ ਸਕੇ ਤਾਂ ਕੋਈ ਵੀ ਧਿਰ ਐਸ.ਡੀ.ਐਮ ਕੋਲ ਜਾ ਸਕਦੀ ਹੈ ਅਤੇ ਵਿਵਾਦ ਦੇ ਹੱਲ ਲਈ ਬੋਰਡ ਦਾ ਗਠਨ ਹੋਵੇਗਾ। ਜੇ ਮਸਲਾ 30 ਦਿਨਾਂ ਅੰਦਰ ਨਾ ਸੁਲਝੇ ਤਾਂ ਕੋਈ ਵੀ ਪਾਰਟੀ ਸਬ ਡਿਵੀਜ਼ਨਲ ਅਥਾਰਟੀਜ਼ ਕੋਲ ਸ਼ਿਕਾਇਤ ਕਰ ਸਕਦੀ ਹੈ।

### ਖ਼ੇਤੀ ਕਾਨੂੰਨਾਂ ਦਾ ਅਸਰ ਖ਼ੇਤੀ ਮਾਹਿਰ ਤੋਂ ਸਮਝੋ

ਇਸ ਨਵੇਂ ਕਾਨੂੰਨ ਦਾ ਪੰਜਾਬ ਦੇ ਕਿਸਾਨਾਂ ’ਤੇ ਕੀ ਅਸਰ ਪੈ ਸਕਦਾ ਹੈ ਅਤੇ ਕਿਸਾਨਾਂ ਨੂੰ ਇਸ ਬਾਰੇ ਕੀ ਖਦਸ਼ੇ ਹਨ, ਇਸ ਬਾਰੇ ਖੇਤੀ ਅਤੇ ਆਰਥਿਕ ਮਾਮਲਿਆਂ ਦੇ ਮਾਹਿਰ ਡਾ.ਰਣਜੀਤ ਸਿੰਘ ਘੁੰਮਣ ਨੇ ਵਿਸਥਾਰ ਵਿੱਚ ਦੱਸਿਆ।

ਉਨ੍ਹਾਂ ਕਿਹਾ, "ਜੇ ਕੇਂਦਰ ਦੇ ਕਾਨੂੰਨ ਨੂੰ ਪੜ੍ਹੀਏ ਤਾਂ ਕਿਸਾਨ ਦੇ ਉਲਟ ਨਹੀਂ ਲਗਦਾ ਪਰ ਜਦੋਂ ਵਿਸ਼ਲੇਸ਼ਣ ਕਰਦੇ ਹਾਂ ਤਾਂ ਕਿਸਾਨਾਂ ਦਾ ਖਦਸ਼ਾ ਹੈ ਕਿ ਇਹ ਕਾਨੂੰਨ ਉਨ੍ਹਾਂ ਦੇ ਉਲਟ ਜਾਵੇਗਾ। ਹਾਲਾਂਕਿ ਜੇ ਕਿਸੇ ਕਾਰਨ ਕੰਪਨੀ ਕਿਸਾਨ ਨੂੰ ਤੈਅ ਸਮੇਂ ਵਿੱਚ ਭੁਗਤਾਨ ਨਹੀਂ ਕਰਦੀ ਤਾਂ ਉਸ ਨੂੰ ਡੇਢ ਗੁਣਾ ਭੁਗਤਾਨ ਕਰਨਾ ਪਵੇਗਾ ਅਤੇ ਜੇ ਕਿਸਾਨ ਡਲੀਵਰ ਨਹੀਂ ਕਰ ਪਾਉਂਦਾ ਤਾਂ ਉਸ ਨੂੰ ਕੰਪਨੀ ਵੱਲੋਂ ਹੋਈ ਲਾਗਤ ਹੀ ਮੋੜਣੀ ਹੋਵੇਗੀ।" "ਮੰਨ ਲਓ ਕਿਸਾਨ ਪੰਜ ਸਾਲ ਲਈ ਕਿਸੇ ਕੰਪਨੀ ਨਾਲ ਕੰਟਰੈਕਟ ਵਿੱਚ ਚਲਾ ਜਾਂਦਾ ਹੈ, ਪਰ ਉਸ ਨੂੰ ਜ਼ਮੀਨ ਵੇਚਣ ਦੀ ਜਾਂ ਕਿਸੇ ਹੋਰ ਲੋੜ ਲਈ ਜ਼ਰੂਰਤ ਪੈ ਜਾਵੇ ਤਾਂ ਕਿਸਾਨ ਕੋਲ ਕੀ ਰਸਤਾ ਹੈ?"

"ਕਿਸਾਨਾਂ ਦਾ ਖਦਸ਼ਾ ਹੈ ਕਿ ਕੰਪਨੀ ਉਨ੍ਹਾਂ ਦੀ ਜ਼ਮੀਨ ’ਤੇ ਕਬਜਾ ਕਰ ਲਵੇਗੀ, ਕਾਨੂੰਨ ਮੁਤਾਬਕ ਤਾਂ ਅਜਿਹਾ ਨਹੀਂ ਹੋ ਸਕਦਾ। ਪਰ ਕਿਸਾਨਾਂ ਦਾ ਖਦਸ਼ਾ ਇਹ ਹੈ ਕਿ ਹੋ ਸਕਦੈ ਕੰਪਨੀਆਂ ਹੁਸ਼ਿਆਰੀ ਨਾਲ ਇਕਰਾਰਨਾਮੇ ਵਿੱਚ ਕੁਝ ਹੋਰ ਲਿਖਵਾ ਲੈਣ ਅਤੇ ਉਨ੍ਹਾਂ ਨੂੰ ਕੁਝ ਹੋਰ ਦੱਸਣ।" ਡਾ.ਘੁੰਮਣ ਨੇ ਕਿਹਾ ਕਿ ਮੰਨ ਲਓ ਆਰਥਿਕ ਪੱਖੋਂ ਕੰਟਰੈਕਟ ਫਾਰਮਿੰਗ ਕਾਮਯਾਬ ਹੋ ਵੀ ਜਾਂਦੀ ਹੈ ਤਾਂ ਵੀ ਕਿਸਾਨ ਇਸ ਨੂੰ ਪੰਜਾਬ ਦੇ ਸਵੈ-ਮਾਣ ’ਤੇ ਸੱਟ ਵਜੋਂ ਦੇਖ ਰਹੇ ਹਨ। ਉਨ੍ਹਾਂ ਕਿਹਾ, "ਕਿਸਾਨਾਂ ਨੂੰ ਇਹ ਵੀ ਖਦਸ਼ਾ ਹੈ ਕਿ ਕੀ ਉਨ੍ਹਾਂ ਨੂੰ ਆਪਣੇ ਹੀ ਖੇਤਾਂ ਵਿੱਚ ਮਜ਼ਦੂਰੀ ਜਾਂ ਕਿਸੇ ਦੀ ਸੁਪਰਵਿਜ਼ਨ ਵਿੱਚ ਕੰਮ ਤਾਂ ਨਹੀਂ ਕਰਨਾ ਪਵੇਗਾ?" ਪੰਜਾਬ ਵਿੱਚ ਜੱਟ ਤੇ ਜ਼ਮੀਨ ਦੇ ਰਿਸ਼ਤੇ ਦਾ ਹਵਾਲਾ ਦਿੰਦਿਆਂ ਘੁੰਮਣ ਨੇ ਕਿਹਾ ਕਿ ਕਿਸਾਨਾਂ ਨੂੰ ਲਗਦਾ ਹੈ ਕਿ ਜੇ ਉਹ ਆਪਣੀ ਜ਼ਮੀਨ ’ਤੇ ਆਪਣੀ ਮਰਜੀ ਨਾਲ ਕੰਮ ਕਰਦੇ ਹਨ, ਕੱਲ੍ਹ ਨੂੰ ਜੇ ਕੰਪਨੀਆਂ ਦੀ ਮਰਜ਼ੀ ਮੁਤਾਬਕ ਕੰਮ ਕਰਨਾ ਪਿਆ ਤਾਂ ਉਨ੍ਹਾਂ ਦੇ ਸਮਾਜਿਕ ਅਤੇ ਆਰਥਿਕ ਰੁਤਬੇ ਨੂੰ ਵੀ ਸੱਟ ਲੱਗੇਗੀ।"

ਡਾ. ਘੁੰਮਣ ਨੇ ਦੱਸਿਆ ਕਿ ਨਵੇਂ ਕਾਨੂੰਨ ਮੁਤਾਬਕ ਕਿਸਾਨ ਅਤੇ ਫਰਮ ਦੇ ਵਿਵਾਦ ਸੁਲਝਾਉਣ ਲਈ ਵੀ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਅਧਿਕਾਰ ਦਿੱਤੇ ਗਏ ਹਨ ਅਤੇ ਕਿਸਾਨਾਂ ਨੂੰ ਲਗਦਾ ਹੈ ਕਿ ਵੱਡੀਆਂ ਕੰਪਨੀਆਂ ਇਹ ਮਸਲੇ ਆਪਣੇ ਪੱਖ ਵਿੱਚ ਕਰਵਾ ਸਕਦੀਆਂ ਹਨ। ਰਣਜੀਤ ਸਿੰਘ ਘੁੰਮਣ ਮੁਤਾਬਕ, ਬੇਸ਼ੱਕ ਕੰਟਰੈਕਟ ਫਾਰਮਿੰਗ ਨਾਲ ਜੁੜਨਾ ਹਰ ਕਿਸਾਨ ਲਈ ਲਾਜ਼ਮੀ ਨਹੀਂ, ਪਰ ਸਮਾਂ ਪੈ ਕੇ ਜੇ ਐਮਐਸਪੀ ਅਤੇ ਏਪੀਐਮਸੀ ਨੂੰ ਖੋਰਾ ਲਗਦਾ ਹੈ ਤਾਂ, ਕੰਟਰੈਕਟ ਫਾਰਮਿੰਗ ਵਿੱਚ ਜਾਣਾ ਕਿਸਾਨਾਂ ਦੀ ਮਜਬੂਰੀ ਬਣ ਸਕਦੀ ਹੈ। ਉਨ੍ਹਾਂ ਕਿਹਾ ਕਿ ਕੰਟਰੈਕਟ ਫਾਰਮਿੰਗ ਦੇ ਕਾਨੂੰਨ ਨੂੰ ਅਲਹਿਦਾ ਨਹੀਂ ਦੇਖਿਆ ਜਾ ਸਕਦਾ, ਬਾਕੀ ਦੋ ਕਾਨੂੰਨਾਂ ਦੇ ਸੰਦਰਭ ਵਿੱਚ ਹੀ ਵਿਸ਼ਲੇਸ਼ਣ ਹੋਣਾ ਚਾਹੀਦਾ ਹੈ। ਬੇਸ਼ੱਕ ਕਿਸਾਨ ਨਵੇਂ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ, ਪਰ ਸਰਕਾਰ ਇਨ੍ਹਾਂ ਨੂੰ ਅਗਾਂਹਵਧੂ ਅਤੇ ਕਿਸਾਨ ਹਿਤੈਸ਼ੀ ਦੱਸ ਰਹੀ ਹੈ।

# ਨਵੇਂ ਕਾਨੂੰਨ ਆਉਣ ਤੋਂ ਬਾਅਦ ਖੇਤੀ ’ਤੇ ਕੀ ਅਸਰ ਪਵੇਗਾ

ਖੇਤੀਬਾੜੀ ਬਿੱਲ ਬਾਰੇ ਕਿਸਾਨਾਂ ਦੇ ਖਦਸ਼ਿਆਂ ’ਤੇ ਸਰਕਾਰ ਵਲੋਂ ਕਈ ਦਾਅਵੇ ਹੁਣ ਤੱਕ ਕੀਤੇ ਗਏ ਹਨ। ਇਨ੍ਹਾਂ ਬਿੱਲਾਂ ਦੇ ਅਸਰ ਅਤੇ ਕਿਸਾਨਾਂ ਦੇ ਰੋਸ ਬਾਰੇ ਖੇਤੀ ਸਨਅਤ ਦੇ ਮਾਹਿਰ ਦਵਿੰਦਰ ਸ਼ਰਮਾ ਨਾਲ ਵਿਸ਼ੇਸ਼ ਗੱਲਬਾਤ ਕੀਤੀ।

ਸਵਾਲ - ਸਰਕਾਰ ਨੇ ਹਾੜੀ ਦੀਆਂ ਕੁੱਝ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਯਾਨੀ ਐਮਐਸਪੀ ਵਧਾ ਦਿੱਤਾ ਹੈ। ਕੀ ਇਸ ਨਾਲ ਕਿਸਾਨ ਸ਼ਾਂਤ ਹੋਣਗੇ?

ਜਵਾਬ-ਐਮ ਐਸ ਪੀ ਤਾਂ ਹਰ ਸਾਲ ਜਾਂ ਛੇ ਮਹੀਨੇ ਬਾਅਦ ਵਧਦਾ ਹੀ ਹੈ, ਮੈਂ ਨਹੀਂ ਸਮਝਦਾ ਕਿ ਇਹ ਕੋਈ ਨਵੀਂ ਚੀਜ਼ ਹੋਈ ਹੈ। ਸਰਕਾਰ ਇੱਕ ਭਰੋਸਾ ਦੇਣਾ ਚਾਹੁੰਦੀ ਹੈ ਕਿ ਐਮਐਸਪੀ ਜਾਏਗੀ ਨਹੀਂ ਤੇ ਇਹ ਚੰਗਾ ਵੀ ਹੈ ਕਿ ਇਹ ਸੰਦੇਸ਼ ਕਿਸਾਨ ਨੂੰ ਦਿੱਤਾ ਜਾਵੇ।

ਸਵਾਲ - ਸਰਕਾਰ ਲਗਾਤਾਰ ਕਹਿ ਰਹੀ ਹੈ ਕਿ ਐਮਐਸਪੀ ਕਿਤੇ ਨਹੀਂ ਜਾ ਰਹੀ ਤਾਂ ਵੀ ਕਿਸਾਨ ਕਿਸਾਨ ਡਰ ਰਿਹਾ ਹੈ।

ਜਵਾਬ- ਅਸੀਂ ਸਮਝਦੇ ਹਾਂ ਕਿ ਕਿਸਾਨ ਨੂੰ ਕੁੱਝ ਸਮਝ ਨਹੀਂ ਆ ਰਿਹਾ, ਇਹ ਵੀ ਕਿਹਾ ਜਾਂਦਾ ਹੈ ਕਿ ਕੁੱਝ ਲੋਕ ਉਨ੍ਹਾਂ ਨੂੰ ਵਰਗਲਾ ਰਹੇ ਹਨ। ਮੇਰਾ ਮੰਨਣਾ ਹੈ ਕਿ ਉਹ ਕਾਫ਼ੀ ਸਮਝਦਾਰ ਹਨ ਤੇ ਆਪਣਾ ਚੰਗਾ ਬੁਰਾ ਸਮਝਦਾ ਹੈ। ਉਨ੍ਹਾਂ ਨੂੰ ਡਰ ਹੈ ਕਿ ਐਮਐਸਪੀ ਹੌਲੇ ਹੌਲੇ ਖ਼ਤਮ ਹੋ ਜਾਏਗੀ ਤੇ ਮੰਡੀਆਂ ਦਾ ਵੀ ਅਸਰ ਘੱਟ ਜਾਏਗਾ। ਉਨ੍ਹਾਂ ਦੇ ਡਰ ਦਾ ਕਾਰਨ ਹੈ, ਕਿਸਾਨ ਨੂੰ ਇੱਕ ਵਿਸ਼ਵਾਸ ਹੈ ਕਿ ਇਹ ਪ੍ਰਣਾਲੀ ਖ਼ਤਮ ਹੋ ਜਾਏਗੀ।

ਸਵਾਲ-ਕਈ ਲੋਕ ਇਹ ਸਵਾਲ ਕਰ ਰਹੇ ਹਨ ਕਿ ਸਿਰਫ਼ ਪੰਜਾਬ ਤੇ ਹਰਿਆਣਾ ਦੇ ਹੀ ਕਿਸਾਨਾਂ ਵਿਚ ਗ਼ੁੱਸਾ ਕਿਉਂ ਹੈ?

ਜਵਾਬ-ਮੈਂ ਉਨ੍ਹਾਂ ਨੂੰ ਪੁੱਛਾਂਗਾ ਕਿ ਜਦੋਂ ਇੱਕ ਹਵਾਈ ਕੰਪਨੀ ਜਾਂ ਮੀਡੀਆ ਦੇ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਿਆ ਜਾਂਦਾ ਹੈ ਤਾਂ ਦੂਜੀ ਕੰਪਨੀ ਹੜਤਾਲ ਜਾਂ ਪ੍ਰਦਰਸ਼ਨ ਕਿਉਂ ਨਹੀਂ ਕਰਦੀ। ਅਸੀਂ ਇਹ ਕਿਉਂ ਸੋਚ ਲੈਂਦੇ ਹਾਂ ਕਿ ਕੇਵਲ ਕਿਸਾਨਾਂ ਦੇ ਹੀ ਮੋਢੇ ’ਤੇ ਸਾਰੇ ਦੇਸ਼ ਦੀ ਜ਼ਿੰਮੇਵਾਰੀ ਹੈ, ਇੱਕ ਤਾਂ ਇਹ ਗੱਲ ਹੈ।



ਦੂਜਾ ਇਹ ਕਿ ਪੰਜਾਬ ਤੇ ਹਰਿਆਣਾ ਵਿੱਚ ਪੰਜ ਦਹਾਕਿਆਂ ਤੋਂ ਕਣਕ ਤੇ ਝੋਣੇ ਦੀ ਸਰਕਾਰੀ ਖ਼ਰੀਦ ਹੁੰਦੀ ਹੈ। ਦੇਸ਼ ਦੀਆਂ 70 ਫ਼ੀਸਦੀ ਮੰਡੀਆਂ ਪੰਜਾਬ ਤੇ ਹਰਿਆਣਾ ਵਿੱਚ ਹਨ। ਐਮਐਸਪੀ ਦਾ ਵਿਤਰਨ ਵੀ ਇਹਨਾਂ ਦੋਵਾਂ ਸੂਬਿਆਂ ਵਿੱਚ ਹੁੰਦਾ ਹੈ। ਬਾਕੀ ਜਗਾ ਤੇ ਜਦੋਂ ਮੰਡੀਆਂ ਤੇ ਐਮਐਸਪੀ ਹੈ ਹੀ ਨਹੀਂ ਤਾਂ ਉਨ੍ਹਾਂ ਨੂੰ ਕਿਵੇਂ ਇਹਨਾਂ ਬਾਰੇ ਪਤਾ ਹੋਏਗਾ। ਪਰ ਹੌਲੇ ਹੌਲੇ ਕਈ ਜਗਾ ’ਤੇ ਅਸੀਂ ਵੇਖ ਰਹੇ ਹਾਂ ਕਿ ਪ੍ਰਦਰਸ਼ਨ ਹੋਣ ਲੱਗੇ ਹਨ ਜਿਵੇਂ ਕਰਨਾਟਕ ਤੇ ਗੁਜਰਾਤ ਵਿੱਚ ਇਸ ਦੀ ਸ਼ੁਰੂਆਤ ਹੋ ਚੁੱਕੀ ਹੈ।

ਪਰ ਮੇਰੀ ਇਹ ਦਲੀਲ ਨਹੀਂ ਹੈ। ਗਲ ਇਹ ਹੈ ਕਿ ਇੱਥੋਂ ਦੇ ਕਿਸਾਨਾਂ ਨੇ ਬੜੀ ਮਿਹਨਤ ਨਾਲ ਇੱਕ ਸਿਸਟਮ ਬਣਾਇਆ ਹੈ ਤੇ ਉਹ ਚਾਹੁੰਦੇ ਹਨ ਕਿ ਇਹ ਬਰਕਰਾਰ ਰਹੇ।

ਸਵਾਲ- ਪਰ ਫ਼ਿਲਹਾਲ ਸਰਕਾਰ ਆਪਣੇ ਰੁੱਖ ’ਤੇ ਅਡਿੱਗ ਹੈ ਤੇ ਕਿਸਾਨ ਆਪਣੇ ’ਤੇ?

ਜਵਾਬ- ਮੈਂ ਇੱਕ ਟੈਲੀਵਿਜ਼ਨ ਚੈਨਲ ’ਤੇ ਸੀ ਤਾਂ ਮੈਨੂੰ ਪੁੱਛਿਆ ਗਿਆ ਕਿ ਕੀ ਕਾਰਨ ਹੈ ਕਿ ਬਾਜ਼ਾਰ ਤਾਂ ਬਹੁਤ ਖ਼ੁਸ਼ ਹੈ ਤੇ ਕਿਸਾਨ ਇਸ ਦਾ ਵਿਰੋਧ ਕਰ ਰਹੇ ਹਨ। ਤਾਂ ਮੈਂ ਉਨ੍ਹਾਂ ਨੂੰ ਕਿਹਾ ਕਿ ਜਵਾਬ ਤਾਂ ਤੁਸੀਂ ਆਪ ਹੀ ਦੇ ਦਿੱਤਾ ਕਿ ਇਹ ਬਿੱਲ ਹੀ ਜੇ ਬਾਜ਼ਾਰ ਵਾਸਤੇ ਹੈ ਤਾਂ ਕਿਸਾਨ ਤਾਂ ਗੁੱਸੇ ਵਿੱਚ ਆਏਗਾ। ਅਸੀਂ ਕਿਵੇਂ ਨਹੀਂ ਵੇਖ ਰਹੇ ਕਿ ਜੋ ਚੀਜ਼ ਬਾਜ਼ਾਰ ਵਾਸਤੇ ਠੀਕ ਹੈ ਉਹ ਕਿਸਾਨ ਵਾਸਤੇ ਵੀ ਠੀਕ ਹੈ।

ਸਵਾਲ- ਲੋਕ ਸਭਾ ਤੇ ਰਾਜ ਸਭਾ ਨੇ ਬਿਲ ਪਾਸ ਕਰ ਦਿੱਤੇ ਹਨ ਤੇ ਰਾਸ਼ਟਰਪਤੀ ਦੇ ਸਹਿਮਤੀ ਤੋਂ ਬਾਅਦ ਇਹ ਕਾਨੂੰਨ ਬਣ ਗਏ ਹਨ। ਇਸ ਦਾ ਅਸਰ ਕਦੋਂ ਤੱਕ ਵੇਖਣ ਨੂੰ ਮਿਲ ਸਕਦਾ ਹੈ?

ਜਵਾਬ- ਅਜੇ ਇੱਕ ਦੋ ਸਾਲ ਤੱਕ ਅਸੀਂ ਇਹ ਨਾ ਉਮੀਦ ਕਰੀਏ ਕਿ ਕੋਈ ਅਸਰ ਵੇਖਣ ਨੂੰ ਮਿਲੇਗਾ। ਦੂਜਾ ਇਹ ਤਾਂ ਸਮਾਂ ਹੀ ਦੱਸੇਗਾ ਕਿ ਕਿਸਾਨਾਂ ਦਾ ਵਿਰੋਧ ਕਿੰਨਾ ਲੰਬਾ ਚੱਲੇਗਾ।

ਨਾਲੇ ਗੱਲ ਇਹ ਵੀ ਹੈ ਕਿ ਜੋ ਸਰਕਾਰ ਨੇ ਜਲਦੀ ਜਲਦੀ ਇਹ ਬਿੱਲ ਪਾਸ ਕੀਤੇ ਹਨ ਤੇ ਇਹਨਾਂ ਵੱਡਾ ਤਬਕਾ ਜੋ ਰੋਸ ਪ੍ਰਗਟ ਕਰ ਰਿਹਾ ਹੈ ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਨਾਲ ਗੱਲਬਾਤ ਸ਼ੁਰੂ ਕਰੇ ਤੇ ਸਮਝਿਆ ਜਾਵੇ ਕਿ ਉਹ ਕੀ ਚਾਹੁੰਦੇ ਹਨ।

ਸਵਾਲ-ਕੀ ਹੁਣ ਝੋਨੇ ਤੇ ਫੇਰ ਕਣਕ ਦੇ ਸੀਜ਼ਨ ਆਮ ਵਾਂਗ ਚਲਦੇ ਰਹਿਣਗੇ?

ਜਵਾਬ- ਵੇਖੋ ਇਹ ਦੋਵਾਂ ਫ਼ਸਲਾਂ ’ਤੇ ਤਾਂ ਸਰਕਾਰ ਐਮਐਸਪੀ ਨੂੰ ਲੈ ਕੇ ਕਿਸਾਨਾਂ ਦੀ ਸ਼ੰਕਾਵਾਂ ਦੂਰ ਕਰਨ ਦੀ ਕੋਸ਼ਿਸ਼ ਕਰਦੀ ਰਹੇਗੀ। ਪਰ ਬਾਕੀ ਫ਼ਸਲਾਂ ਵਿੱਚ ਤਾਂ ਕਾਰਪੋਰੇਟ ਹੌਲੀ ਹੌਲੀ ਆ ਰਿਹਾ ਹੈ। ਬਾਸਮਤੀ ਤੇ ਕਪਾਹ ਨੂੰ ਲੈ ਕੇ ਪਹਿਲਾਂ ਹੀ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਅਸੀਂ ਮੰਡੀਆਂ ਤੋਂ ਨਹੀਂ ਖ਼ਰੀਦਾਂਗੇ। ਸੋ ਮੰਡੀਆਂ ਦਾ ਡਿਗਣਾ ਤਾਂ ਸ਼ੁਰੂ ਹੋ ਚੁੱਕਾ ਹੈ।

# ਸ.ਕਮਲਜੀਤ ਸਿੰਘ ਅਟਵਾਲ ਦੇ ਪਿਤਾ ਜੀ ਸਵਰਗਵਾਸ



ਫਰੀਮਾਂਟ- ਨਵੰਬਰ ਦੀ 22 ਤਾਰੀਖ਼ ਨੂੰ ਪੰਜਾਬ ਦੇ ਨਵਾਂ ਸ਼ਹਿਰ ਲਾਗਲੇ ਕਸਬੇ ਜਾਂਡਲਾ ਕੋਲ ਜੀ. ਟੀ. ਰੋਡ ਤੇ ਸਕੂਟਰ 'ਤੇ ਜਾ ਰਹੇ ਸ. ਜੋਗਿੰਦਰ ਸਿੰਘ ਅਟਵਾਲ ਇਕ ਸੜਕ ਹਾਦਸੇ ਦੀ ਲਪੇਟ 'ਚ ਆ ਕੇ ਸਵਰਗਵਾਸ ਹੋ ਗਏ। ਪਿਛਲੇ ਕਈ ਵਰ੍ਹਿਆਂ ਤੋਂ ਉਹ ਬੇ-ਏਰੀਆ 'ਚ ਆਪਣੇ ਪੁੱਤਰ ਕੋਲ ਹੀ ਰਹਿ ਰਹੇ ਸਨ।

ਉਹਨਾਂ ਦੇ ਪਿੱਛੇ ਉਹਨਾਂ ਦੇ ਤਿੰਨ ਪੁੱਤਰ ਤੇ ਭਤੀਜੇ ਹਨ, ਜਿਹਨਾਂ 'ਚ ਪੁੱਤਰਾਂ 'ਚ ਕਮਲਜੀਤ ਸਿੰਘ ਅਟਵਾਲ, ਅਮਰੀਕ ਸਿੰਘ ਅਟਵਾਲ ਤੇ ਲਖਬੀਰ ਸਿੰਘ (ਕੈਨੇਡਾ) ਹਨ ਤੇ ਭਤੀਜੇ ਸ. ਦਿਲਬਰ ਸਿੰਘ ਤੇ ਸਤਨਾਮ ਹਨ।

ਇਹਨਾਂ ਦਾ ਪਿਛਲਾ ਪਿੰਡ ਓਟਾਲ ਨੇੜੇ ਜਾਂਡਲਾ ਜ਼ਿਲ੍ਹਾ ਨਵਾਂ ਸ਼ਹਿਰ ਹੈ। ਸ. ਜੋਗਿੰਦਰ ਸਿੰਘ ਹਰ ਸਾਲ ਦੀ ਤਰ੍ਹਾਂ ਐਤਕੀ ਵੀ ਨਵੰਬਰ ਦੀ 9 ਤਾਰੀਖ ਨੂੰ ਪੰਜਾਬ ਗਏ ਸਨ, ਜਿੱਥੇ ਕੁਝ ਦਿਨਾਂ ਬਾਅਦ ਹੀ ਇਹ ਭਾਣਾ ਵਾਪਰ ਗਿਆ। ਉਹਨਾਂ ਦਾ ਸਸਕਾਰ ਵੀ 23 ਨਵੰਬਰ ਨੂੰ ਪੰਜਾਬ 'ਚ ਕਰ ਦਿੱਤਾ ਗਿਆ।

ਵਾਹਿਗੁਰੂ ਅੱਗੇ ਅਸੀਂ ਉਹਨਾਂ ਦੀ ਰੂਹ ਦੀ ਸ਼ਾਂਤੀ ਲਈ ਤੇ ਪਿੱਛੇ ਰਹਿ ਗਏ ਪਰਿਵਾਰ ਲਈ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕਰਦੇ ਹਾਂ।

ਦੁੱਖ ਦੀ ਘੜੀ ਵਿਚ ਉਹਨਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਕਰੋ ਜੀ:

**ਕਮਲਜੀਤ ਸਿੰਘ ਅਟਵਾਲ 510-750-4303**
**ਦਿਲਬਰ ਸਿੰਘ ਅਟਵਾਲ 510-461-0730**
**ਅਮਰੀਕ ਸਿੰਘ ਅਟਵਾਲ 360-383-7427**

# ਬਾਇਡਨ ਤੇ ਗੁਟੇਰੇਜ਼ ਵੱਲੋਂ ਭਾਈਵਾਲੀ ਦੀ ਮਜ਼ਬੂਤੀ ਬਾਰੇ ਗੱਲਬਾਤ

ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਚੁਣੇ ਗਏ ਜੋਅ ਬਾਇਡਨ ਤੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਅਮਰੀਕਾ ਤੇ ਸੰਯੁਕਤ ਰਾਸ਼ਟਰ ਵਿਚਕਾਰ ਭਾਈਵਾਲੀ ਮਜ਼ਬੂਤ ਕਰਨ ਦੇ ਮੁੱਦੇ ਉਤੇ ਗੱਲਬਾਤ ਕੀਤੀ ਹੈ। ਬਾਇਡਨ ਤੇ ਗੁਟੇਰੇਜ਼ ਵਿਚਾਲੇ ਗੱਲਬਾਤ ਕਰੋਨਾਵਾਇਰਸ, ਜਲਵਾਯੂ ਤਬਦੀਲੀ ਤੇ ਸ਼ਾਂਤੀ-ਸੁਰੱਖਿਆ ਜਿਹੇ ਮੁੱਦਿਆਂ 'ਤੇ ਕੇਂਦਰਤ ਰਹੀ। ਸੋਮਵਾਰ ਫੋਨ ਉਤੇ ਹੋਈ ਗੱਲਬਾਤ ਦੌਰਾਨ ਬਾਇਡਨ ਨੇ ਜਿੱਤ ਦੀ ਵਧਾਈ ਦੇਣ ਲਈ ਸਕੱਤਰ ਜਨਰਲ ਦਾ ਸ਼ੁਕਰੀਆ ਅਦਾ ਕੀਤਾ। ਬਾਇਡਨ ਦੇ ਦਫ਼ਤਰ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਦੋਵਾਂ ਆਗੂਆਂ ਨੇ ਲੋਕਤੰਤਰਿਕ





ਕਦਰਾਂ-ਕੀਮਤਾਂ ਨੂੰ ਉਭਾਰਨ ਤੇ ਮਨੁੱਖੀ ਹੱਕਾਂ ਜਿਹੇ ਮੁੱਦਿਆਂ 'ਤੇ ਵੀ ਗੱਲਬਾਤ ਕੀਤੀ। ਇਥੋਪੀਆ ਵਿਚ ਵਧੀ ਹਿੰਸਾ 'ਤੇ ਵੀ ਬਾਇਡਨ ਨੇ ਗੁਟੇਰੇਜ਼ ਕੋਲ ਚਿੰਤਾ ਪ੍ਰਗਟ ਕੀਤੀ। ਸੰਯੁਕਤ ਰਾਸ਼ਟਰ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਗੁਟੇਰੇਜ਼ ਨਵੇਂ ਰਾਸ਼ਟਰਪਤੀ ਨਾਲ ਕੰਮ ਕਰਨ ਲਈ ਤਿਆਰ ਹਨ।

ਬਾਇਡਨ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਉਨ੍ਹਾਂ ਦਾ ਪ੍ਰਸ਼ਾਸਨ ਮੁੜ ਤੋਂ ਪੈਰਿਸ ਜਲਵਾਯੂ ਸਮਝੌਤੇ ਦਾ ਹਿੱਸਾ ਬਣੇਗਾ। ਇਸੇ ਦੌਰਾਨ ਰਾਸ਼ਟਰਪਤੀ ਦੇ ਅਹੁਦੇ ਲਈ ਪਈਆਂ ਵੋਟਾਂ 'ਚ ਦੋ ਅਹਿਮ ਅਮਰੀਕੀ ਸੂਬਿਆਂ- ਐਰੀਜ਼ੋਨਾ ਤੇ ਵਿਸਕੌਂਸਿਨ ਨੇ ਡੈਮੋਕਰੈਟ ਉਮੀਦਵਾਰ ਜੋਅ ਬਾਇਡਨ ਨੂੰ ਜੇਤੂ ਐਲਾਨ ਦਿੱਤਾ ਹੈ। ਉਨ੍ਹਾਂ ਨੂੰ ਜਿੱਤ ਦਾ ਸਰਟੀਫਿਕੇਟ ਦੇ ਦਿੱਤਾ ਗਿਆ ਹੈ। ਜੋਅ ਬਾਇਡਨ ਨੂੰ ਰਾਸ਼ਟਰਪਤੀ ਨੂੰ ਦਿੱਤੀ ਜਾਣ ਵਾਲੀ 'ਡੇਲੀ ਬ੍ਰੀਫ਼' ਮਿਲਣੀ ਸ਼ੁਰੂ ਹੋ ਗਈ ਹੈ। ਇਸੇ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਕਰੋਨਾਵਾਇਰਸ ਬਾਰੇ ਵਿਵਾਦਤ ਵਿਸ਼ੇਸ਼ ਸਲਾਹਕਾਰ ਡਾ. ਸਕੌਟ ਐਟਲਸ ਨੇ ਅਸਤੀਫ਼ਾ ਦੇ ਦਿੱਤਾ ਹੈ।

# ਕਈ ਮੁਲਕਾਂ ਦੇ ਪਰਵਾਸੀ ਭਾਰਤੀਆਂ ਵੱਲੋਂ ਕਿਸਾਨਾਂ ਦੇ ਹੱਕ 'ਚ ਰੈਲੀਆਂ

ਵੈਨਕੂਵਰ- ਭਾਰਤ 'ਚ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਵੱਲੋਂ ਕਈ ਦਿਨਾਂ ਤੋਂ ਵਿੱਢੇ ਸੰਘਰਸ਼ ਦੀ ਹਮਾਇਤ ਵਿੱਚ ਵਿਦੇਸ਼ ਵਸੇ ਭਾਰਤੀ ਸਰਗਰਮ ਹੋ ਗਏ ਹਨ। ਕੈਨੇਡਾ ਦੇ ਕਈ ਸ਼ਹਿਰਾਂ ਵਿੱਚ ਸੜਕਾਂ 'ਤੇ ਮੁਜ਼ਾਹਰੇ ਕਰ ਕੇ ਕਿਸਾਨ ਅੰਦੋਲਨ ਨੂੰ ਜਾਇਜ਼ ਠਹਿਰਾਉਂਦਿਆਂ ਭਾਰਤ ਸਰਕਾਰ ਤੋਂ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਇਸ ਦੌਰਾਨ ਅੰਦੋਲਨ ਦੀ ਵਿੱਤੀ ਮਦਦ ਦੇ ਰੁਝਾਨ ਦਾ ਫ਼ਾਇਦਾ ਚੁੱਕਣ ਲਈ ਕੁਝ ਠੱਗ ਕਿਸਮ ਦੇ ਲੋਕਾਂ ਨੇ ਫੰਡ ਖਾਤੇ ਖੋਲ੍ਹ ਲਏ ਹਨ ਤੇ ਪੈਸੇ ਇਕੱਠੇ ਕਰਨ ਲੱਗ ਗਏ ਹਨ। ਅੱਜ ਐਬਟਸਫੋਰਡ ਵਿੱਚ ਵੱਡੀ ਗਿਣਤੀ 'ਚ ਲੋਕਾਂ ਨੇ ਸੜਕ 'ਤੇ ਰੋਸ ਰੈਲੀ ਕੀਤੀ। ਭਲਕੇ 2 ਦਸੰਬਰ ਨੂੰ ਵੈਨਕੂਵਰ ਸਥਿਤ ਭਾਰਤੀ ਸਫ਼ਾਰਤਖਾਨੇ ਅੱਗੇ ਰੋਸ ਰੈਲੀ ਕੀਤੀ ਜਾਣੀ ਹੈ।

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਜਥੇਬੰਦੀ ਨੇ ਇੱਕ ਮੀਟਿੰਗ ਕਰ ਕੇ ਯੂ ਐਨ ਓ ਦੀ ਮਨੁੱਖੀ ਹੱਕਾਂ ਬਾਰੇ ਕਮੇਟੀ ਨੂੰ ਚਿੱਠੀ ਲਿਖਕੇ ਕਿਸਾਨੀ ਅੰਦੋਲਨ ਬਾਰੇ ਜਾਣੂ ਕਰਵਾਉਂਦਿਆਂ ਭਾਰਤ ਸਰਕਾਰ 'ਤੇ ਦਬਾਅ ਬਣਾਉਣ ਦੀ ਮੰਗ ਕੀਤੀ ਹੈ। ਜਥੇਬੰਦੀ ਨੇ ਕੈਨੇਡਾ 'ਚ ਭਾਰਤੀ ਮੂਲ ਦੇ ਸਾਰੇ ਐਮਪੀਜ਼, ਵਿਧਾਇਕਾਂ, ਮੇਅਰਾਂ, ਕੌਂਸਲਰਾਂ ਅਤੇ ਹੋਰ ਆਗੂਆਂ



ਨੂੰ ਕਿਸਾਨ ਅੰਦੋਲਨ ਨਾਲ ਜੁੜਕੇ ਭਾਰਤ ਸਰਕਾਰ 'ਤੇ ਦਬਾਅ ਬਣਾਉਣ ਦੀ ਮੰਗ ਕੀਤੀ ਹੈ। ਜਥੇਬੰਦੀ ਦੇ ਪ੍ਰਮੁੱਖ ਕੁਲਦੀਪ ਸਿੰਘ ਨੇ ਦੱਸਿਆ ਕਿ ਲਿਖੀਆਂ ਚਿੱਠੀਆਂ ਦੇ ਜੁਆਬ ਉਤਸ਼ਾਹੀ ਰੂਪ ਵਿਚ ਆਏ ਹਨ।

ਆਸਟਰੇਲੀਆ ਦੀ ਸੰਸਦ 'ਚ ਲੇਬਰ ਪਾਰਟੀ ਤੋਂ ਸੰਸਦ ਮੈਂਬਰ ਰੌਬ ਮਿਚਲ ਨੇ ਕਿਹਾ ਕਿ ਮੌਜੂਦਾ ਸਮੇਂ ਪੰਜਾਬੀ ਕਿਸਾਨਾਂ ਅਤੇ ਭਾਰਤ ਸਰਕਾਰ 'ਚ ਨਵੇਂ ਖੇਤੀ ਕਾਨੂੰਨਾਂ ਬਾਰੇ ਸੰਘਰਸ਼ ਚੱਲ ਰਿਹਾ ਹੈ ਜੋ ਮੱਧਵਰਗੀ ਕਿਸਾਨਾਂ ਨੂੰ ਸਨਅਤੀ ਅਦਾਰਿਆਂ ਹੱਥ ਦੇਣ ਦੇ ਖ਼ਦਸ਼ੇ ਪੈਦਾ ਕਰਨ ਵਾਲੇ ਹਨ। ਉਨ੍ਹਾਂ ਕਿਹਾ ਕਿ ਉਹ ਇਹ ਨੀਤੀਆਂ ਆਸਟਰੇਲੀਆ 'ਚ ਪਹਿਲਾਂ ਹੀ ਦੇਖ ਚੁੱਕੇ ਹਨ ਜਿਸ ਦੌਰਾਨ ਕਿਸਾਨ ਪਰਿਵਾਰਾਂ ਨੂੰ ਵੱਡੇ ਸਨਅਤਕਾਰਾਂ ਸਾਹਮਣੇ ਖੇਤ ਛੱਡਣ ਤੱਕ ਲਈ ਮਜਬੂਰ ਹੋਣਾ ਪਿਆ ਹੈ। ਉਨ੍ਹਾਂ ਕਰਜ਼ੇ 'ਚ ਡੁੱਬੀ ਪੰਜਾਬ ਦੀ ਕਿਸਾਨੀ ਦਾ ਜ਼ਿਕਰ ਵੀ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਹਲਕੇ 'ਚ ਵਸਦੇ ਲੋਕ ਪਿੱਛੇ ਭਾਰਤ ਵਿੱਚ ਰਹਿੰਦੇ ਆਪਣੇ ਪਰਿਵਾਰਾਂ ਦੀ ਭਲਾਈ ਲਈ ਚਿੰਤਤ ਹਨ ਅਤੇ ਉਹ ਭਾਰਤ ਸਰਕਾਰ ਨੂੰ ਅਪੀਲ ਕਰਦੇ ਹਨ ਕਿ ਉਹ ਇਸ ਅਹਿਮ ਮਸਲੇ 'ਤੇ ਉਦਾਰ ਅਤੇ ਸਹੀ ਰਵੱਈਏ ਦਾ ਸਬੂਤ ਦਿੰਦਿਆਂ ਗੱਲਬਾਤ ਨਾਲ ਮਸਲੇ ਦਾ ਹੱਲ ਕਰੇ। ਇਸ ਦੌਰਾਨ ਅੱਜ ਮੁਲਕ ਦੇ ਕਈ ਸ਼ਹਿਰਾਂ ਸਣੇ ਮੈਲਬਰਨ ਵਿੱਚ ਸੂਬਾਈ ਸੰਸਦ ਅੱਗੇ ਅਤੇ ਫੈਡਰੇਸ਼ਨ ਸਕੁਏਅਰ 'ਤੇ ਵੀ ਨੌਜਵਾਨਾਂ ਨੇ ਖੇਤੀ ਕਾਨੂੰਨਾਂ ਖ਼ਿਲਾਫ਼ ਮੁਜ਼ਾਹਰਾ ਕੀਤਾ।

# ਪੰਜਾਬ 'ਚ ਕਿਸਾਨ ਅੰਦੋਲਨ ਭਖਾਉਣ ਲਈ ਮਸ਼ਾਲ ਮਾਰਚ ਆਰੰਭ

ਚੰਡੀਗੜ੍ਹ- ਪੰਜਾਬ ਵਿੱਚ ਖੇਤੀ ਕਾਨੂੰਨਾਂ ਵਿਰੁਧ ਕਿਸਾਨ ਜਥੇਬੰਦੀਆਂ ਦੇ ਧਰਨਿਆਂ ਤੋਂ ਮੋਦੀ ਸਰਕਾਰ ਖ਼ਿਲਾਫ਼ ਬੁਲਾਰਿਆਂ ਦੀ ਸੁਰ ਹੋਰ ਵੀ ਤਿੱਖੀ ਹੋ ਗਈ ਹੈ। ਕਿਸਾਨ ਜਥੇਬੰਦੀਆਂ ਨੇ ਨਵੀਂ ਦਿੱਲੀ ਅਤੇ ਪੰਜਾਬ 'ਚ ਬਰਾਬਰ ਦੀ ਲਾਮਬੰਦੀ ਕਰਨ ਲਈ ਪਿੰਡਾਂ ਵਿੱਚ ਮਸ਼ਾਲ ਮਾਰਚ ਕੱਢਣੇ ਸ਼ੁਰੂ ਕਰ ਦਿੱਤੇ ਹਨ। ਸੂਬੇ ਵਿੱਚ ਭਾਜਪਾ ਆਗੂਆਂ ਦੇ ਘਰਾਂ ਮੂਹਰੇ, ਪੈਟਰੋਲ ਪੰਪਾਂ ਸਮੇਤ ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ, ਟੌਲ ਪਲਾਜ਼ਿਆਂ ਅਤੇ ਰੇਲਵੇ ਸਟੇਸ਼ਨਾਂ ਦੇ ਪਾਰਕਾਂ 'ਚ ਚੱਲ ਰਹੇ ਧਰਨਿਆਂ ਦੌਰਾਨ ਕਿਸਾਨ ਆਗੂਆਂ ਨੇ ਭਾਜਪਾ ਦੇ ਆਈਟੀ ਸੈੱਲ ਵੱਲੋਂ ਕਿਸਾਨੀ ਅੰਦੋਲਨ ਨੂੰ ਵੱਖਵਾਦੀ ਤੇ ਫਿਰਕੂ ਰੰਗਤ ਦੇਣ ਦੀ ਨਿਖੇਧੀ ਕਰਦਿਆਂ ਐਲਾਨ ਕੀਤਾ ਕਿ ਭਾਜਪਾ ਦੀ ਹਰ ਚਾਲ ਦਾ ਕਰਾਰਾ ਜਵਾਬ ਦਿੱਤਾ ਜਾਵੇਗਾ। ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਆਗੂਆਂ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਨੇ ਐਲਾਨ ਕੀਤਾ ਕਿ ਪੰਜਾਬ 'ਚ ਅੰਦੋਲਨ ਨੂੰ ਮੱਠਾ ਨਹੀਂ ਪੈਣ ਦਿੱਤਾ ਜਾਵੇਗਾ।

ਕਿਸਾਨ ਆਗੂਆਂ ਨੇ ਕਿਹਾ ਕਿ ਦਿੱਲੀ ਸੰਘਰਸ਼ ਨੂੰ ਹੋਰ ਪ੍ਰਚੰਡ ਕਰਨ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਮਾਲਵੇ ਦੇ ਸੰਗਰੂਰ, ਬਰਨਾਲਾ, ਮਾਨਸਾ ਅਤੇ ਬਠਿੰਡਾ ਸਮੇਤ ਅੱਧੀ ਦਰਜਨ ਤੋਂ ਵੱਧ ਜ਼ਿਲ੍ਹਿਆਂ ਵਿੱਚ ਮਸ਼ਾਲ ਮਾਰਚ ਕੱਢ ਕੇ ਮੋਦੀ ਅਤੇ ਸਰਮਾਏਦਾਰ ਕਾਰ-ਪੋਰੇਟਰਾਂ ਦੀਆਂ ਨੀਤੀਆਂ ਪ੍ਰਤੀ



ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਦੇ ਜਥੇ ਲਗਾਤਾਰ ਆਪਣੇ ਸਾਧਨਾਂ ਰਾਹੀਂ ਦਿੱਲੀ ਧਰਨੇ 'ਚ ਸ਼ਾਮਲ ਹੋਣ ਲਈ ਰਵਾਨਾ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਤੇ ਮੀਡੀਆ ਦਾ ਇਕ ਹਿੱਸਾ ਇਸ ਗੈਰ-ਸਿਆਸੀ ਕਿਸਾਨੀ ਸੰਘਰਸ਼ ਨੂੰ ਖਾਲਿਸਤਾਨੀ, ਨਕਸਲਵਾਦੀ, ਅਤਿਵਾਦੀ ਗਰਦਾਨ ਕੇ ਢਾਹ ਲਾਉਣਾ ਚਾਹੁੰਦਾ ਹੈ, ਪਰ ਦੇਸ਼ ਭਰ ਦੇ ਬੁੱਧੀਜੀਵੀ, ਲੇਖਕ, ਮੁਲਾਜ਼ਮ ਜਥੇਬੰਦੀਆਂ, ਜਨਤਕ ਜਥੇਬੰਦੀਆਂ ਦੇ ਜਾਗਰੂਕ ਲੋਕਾਂ ਕਰਕੇ ਸੰਘਰਸ਼ ਲੋਕ ਲਹਿਰ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਕਿਸਾਨ ਬੁਲਾਰਿਆਂ ਨੇ ਕਿਹਾ ਕਿ ਮੋਦੀ ਸਰਕਾਰ ਲੋਕਾਂ ਉਤੇ ਜ਼ੁਲਮ ਕਰ ਕੇ ਉਨ੍ਹਾਂ ਦੇ ਹੱਕ ਮਾਰਨ ਵਾਲੀ ਕੁੱਲ ਆਲਮ ਦੀ ਪਹਿਲੀ ਸਰਕਾਰ ਬਣ ਚੁੱਕੀ ਹੈ। ਭਾਜਪਾ ਸਰਕਾਰ ਨੇ ਕਿਸਾਨਾਂ ਦੇ ਨਾਲ ਹੋਰ ਸਾਰੇ ਕਿਰਤੀ ਲੋਕਾਂ ਨੂੰ ਦੋ ਡੰਗ ਦੀ ਰੋਟੀ ਖਾਣ ਤੋਂ ਵੀ ਸੱਖਣਾ ਕਰ ਦਿੱਤਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਏਪੀਐਮਸੀ (ਜ਼ਰੂਰੀ ਵਸਤਾਂ ਸੋਧ) ਬਿੱਲ ਆਉਣ ਦੇ ਨਾਲ ਜ਼ਖੀਰੇਬਾਜ਼ੀ ਵਧੇਗੀ ਅਤੇ ਸਾਰਾ ਅੰਨ ਭੰਡਾਰ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿਚ ਚਲਾ ਜਾਵੇਗਾ। ਬੁਲਾਰਿਆਂ ਨੇ ਕਿਹਾ ਕਿ ਕਿਸਾਨ ਸੰਘਰਸ਼ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਅਤੇ ਬਿਜਲੀ ਸੋਧ ਕਾਨੂੰਨ ਨੂੰ ਰੱਦ ਕਰਵਾਉਣ ਤੱਕ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਦਿੱਲੀ ਮੋਰਚੇ ਦੇ ਬਾਵਜੂਦ ਇੱਥੇ ਵੀ ਸੰਘਰਸ਼ ਦੇ ਅਖਾੜੇ ਮਘਦੇ ਰਹਿਣਗੇ। ਭਾਰਤੀ ਕਿਸਾਨ ਯੂਨੀਅਨ-ਏਕਤਾ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਕਿਹਾ ਕਿ ਜਥੇਬੰਦੀ ਦੀ ਅਗਵਾਈ 'ਚ ਪੰਜਾਬ ਵਿੱਚੋਂ ਨੌਜਵਾਨਾਂ ਦੇ ਕਾਫ਼ਲਿਆਂ ਦਾ ਦਿੱਲੀ ਲਈ ਕੂਚ ਜਾਰੀ ਹੈ। ਉਨ੍ਹਾਂ ਦੱਸਿਆ ਕਿ ਦਿੱਲੀ ਗਏ ਕਿਸਾਨਾਂ ਦੇ ਹੌਸਲੇ ਤੇ ਜਜ਼ਬਾ ਪੂਰੀ ਤਰ੍ਹਾਂ ਕਾਇਮ ਹਨ। ਠੰਢ ਦੇ ਬਾਵਜੂਦ ਕਿਸਾਨ ਜਥੇਬੰਦੀਆਂ ਦੀ ਏਕਤਾ ਅਤੇ ਅਨੁਸ਼ਾਸਨ ਤਹਿਤ ਕਿਸਾਨ ਚੜ੍ਹਦੀ ਕਲਾ 'ਚ ਹਨ। ਕਿਸਾਨ ਆਗੂ ਜਗਤਾਰ ਸਿੰਘ ਦੇਹੜਕਾ ਨੇ ਦੱਸਿਆ ਕਿ ਕਿਸਾਨਾਂ ਨੇ ਪਿੰਡਾਂ ਤੇ ਸੂਬਿਆਂ ਦੇ ਵਖਰੇਵੇਂ ਦੇ ਬਾਵਜੂਦ ਲੰਗਰ, ਸੌਣ ਥਾਵਾਂ ਦੀ ਸਾਂਝ ਬਣਾ ਕੇ ਸਦੀਵੀ ਜਮਾਤੀ ਏਕਤਾ ਦਾ ਪ੍ਰਗਟਾਵਾ ਕੀਤਾ ਹੈ।




# ਸੰਪਾਦਕੀ

## ਕਿਸਾਨ ਸ਼ਰਾਰਤੀ ਅਨਸਰਾਂ ਤੋਂ ਬਚ ਕੇ ਅੰਦੋਲਨ ਚਲਾਉਣ

ਪੰਜਾਬ ਦੀਆਂ 31 ਕਿਸਾਨ ਜਥੇਬੰਦੀਆਂ ਨਵੇਂ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਦੇਸ਼ ਭਰ ਦੀਆਂ ਕਿਸਾਨ ਜਥੇਬੰਦੀਆਂ ਨਾਲ ਦਿੱਲੀ ਡਟੀਆਂ ਹੋਈਆਂ ਹਨ। ਵੱਡੀ ਗਿਣਤੀ 'ਚ ਪੰਜਾਬ ਦੇ ਲੋਕ ਇਸ ਅੰਦੋਲਨ ਦਾ ਹਿੱਸਾ ਬਣ ਰਹੇ ਹਨ ਤੇ ਸਰਕਾਰ ਦੀਆਂ ਪਰੇਸ਼ਾਨੀਆਂ 'ਚ ਵਾਧਾ ਕਰ ਰਹੇ ਹਨ। ਇਸ ਦੇ ਮੱਦੇਨਜ਼ਰ ਹੀ ਕੇਂਦਰ ਸਰਕਾਰ ਨੇ ਕਿਸਾਨਾਂ ਨਾਲ ਗੱਲਬਾਤ ਕਰ ਕੇ ਮਸਲੇ ਨੂੰ ਸੁਲਝਾਉਣ ਵਾਲੇ ਪਾਸੇ ਕਦਮ ਪੁੱਟੇ ਹਨ। ਇਸ ਵਾਸਤੇ ਖ਼ੁਦ ਗ੍ਰਹਿ ਮੰਤਰੀ ਅਮਿਤ ਸ਼ਾਹ ਪਹਿਲ ਕਰ ਰਹੇ ਹਨ। ਹਾਲਾਂਕਿ ਕੇਂਦਰ ਵੱਲੋਂ ਪਹਿਲਾਂ ਹੀ ਤਿੰਨ ਦਸੰਬਰ ਨੂੰ ਕਿਸਾਨਾਂ ਨਾਲ ਗੱਲਬਾਤ ਕਰਨ ਬਾਰੇ ਐਲਾਨ ਕੀਤਾ ਜਾ ਚੁੱਕਾ ਹੈ।

ਇਸ ਤੋਂ ਪਹਿਲਾਂ ਵੀ ਗ੍ਰਹਿ ਮੰਤਰੀ ਨੇ ਗੱਲਬਾਤ ਕਰਨ ਦੀ ਗੱਲ ਕੀਤੀ ਸੀ ਪਰ ਕਿਸਾਨ ਆਗੂਆਂ ਨੇ ਕਿਸੇ ਵੀ ਤਰ੍ਹਾਂ ਦੀਆਂ ਸ਼ਰਤਾਂ ਤਹਿਤ ਵਾਰਤਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਲਈ ਹੁਣ ਨਵੇਂ ਸਿਰੇ ਤੋਂ ਕਿਸਾਨਾਂ ਨਾਲ ਗੱਲਬਾਤ ਹੋਵੇਗੀ। ਭਾਵੇਂ ਕਈ ਕੇਂਦਰੀ ਮੰਤਰੀ ਕਈ ਦਿਨਾਂ ਤੋਂ ਅੰਦੋਲਨ ਛੱਡਣ ਦੀਆਂ ਅਪੀਲਾਂ ਕਰ ਰਹੇ ਹਨ ਪਰ ਕਿਸਾਨਾਂ 'ਤੇ ਇਸ ਦਾ ਕੋਈ ਅਸਰ ਨਹੀਂ ਹੋ ਰਿਹਾ ਹੈ। ਦਿੱਲੀ 'ਚ ਮਹੀਨਿਆਂ-ਬੱਧੀ ਰਹਿਣ ਦਾ ਰਾਸ਼ਨ ਲੈ ਕੇ ਬੈਠੇ ਕਿਸਾਨਾਂ ਨੂੰ ਨਾ ਸਿਰਫ਼ ਸਥਾਨਕ ਲੋਕਾਂ ਦਾ ਵੱਡੇ ਪੱਧਰ 'ਤੇ ਸਾਥ ਮਿਲ ਰਿਹਾ ਹੈ ਬਲਕਿ ਸਪਲਾਈ ਚੇਨ ਵੀ ਮਜ਼ਬੂਤ ਹੁੰਦੀ ਜਾ ਰਹੀ ਹੈ।

ਇਸ ਲਈ ਕਿਆਸ ਲਾਏ ਜਾ ਰਹੇ ਹਨ ਕਿ ਜੇ ਫੌਰੀ ਹੱਲ ਨਾ ਨਿਕਲਿਆ ਤਾਂ ਕਿਸਾਨ ਅੰਦੋਲਨ ਕੇਂਦਰ ਸਰਕਾਰ ਲਈ ਹੋਰ ਮੁਸ਼ਕਲਾਂ ਖੜ੍ਹੀਆਂ ਕਰੇਗਾ। ਇਤਿਹਾਸ 'ਚ ਇਸ ਦੀਆਂ ਬਹੁਤ ਸਾਰੀਆਂ ਮਿਸਾਲਾਂ ਮਿਲ ਜਾਂਦੀਆਂ ਹਨ ਕਿ ਜਦੋਂ ਵੀ ਅੰਦੋਲਨ ਲੰਬੇ ਖਿੱਚੇ ਗਏ ਤਾਂ ਉਸ ਦਾ ਸਰੂਪ ਵਿਗੜਦਾ ਰਿਹਾ। ਇਸ ਲਈ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੁਝ ਸ਼ਰਾਰਤੀ ਅਨਸਰ ਅੰਦੋਲਨ ਨੂੰ ਖ਼ਰਾਬ ਕਰ ਦੇਣ। ਭਾਵੇਂ ਕਿਸਾਨ ਆਗੂ ਇਸ ਗੱਲ ਤੋਂ ਪੂਰੀ ਤਰ੍ਹਾਂ ਸੁਚੇਤ ਹਨ ਪਰ ਦਿੱਕਤ ਇਹ ਹੈ ਕਿ ਅੰਦੋਲਨ ਸਿਰਫ਼ ਕਿਸਾਨਾਂ ਦੀਆਂ ਜੱਥੇਬੰਦੀਆਂ ਦਾ ਨਾ ਹੋ ਕੇ ਇਸ ਵਿਚ ਸਮਾਜ ਦੇ ਹਰ ਵਰਗ ਦੇ ਲੋਕ ਸ਼ਾਮਲ ਹੋ ਚੁੱਕੇ ਹਨ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿਸਾਨਾਂ ਦੇ ਮਸਲੇ ਕੇਂਦਰ ਸਰਕਾਰ ਛੇਤੀ ਹੱਲ ਕਰੇਗੀ ਅਤੇ ਲੱਖਾਂ ਦੀ ਗਿਣਤੀ 'ਚ ਠੰਢ 'ਚ ਸੜਕਾਂ 'ਤੇ ਬੈਠੇ ਕਿਸਾਨ ਆਪੋ-ਆਪਣੇ ਘਰਾਂ ਨੂੰ ਪਰਤਣਗੇ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771, Ph : 510-516-3536
36415 RUSCHIN DR. NEWARK, CA 94560
Pardes Times (2nd office)
Ranjit Kandola ,Managing Editor
530-315-1020, email-Kandola@macloans.net
Buta Ram joshi Staff Reporter, Fresno 559-803-0055
Sanjeev Garg Kali, Reporter Malwa Area, 96713-53789
RAJ BUDWAL
MEDIA PARTNER / REPRESENTATIVE
8350202@gmail.com 408-835-0202
Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਬੰਗਾਲ ਲਈ ਚੋਣ ਰਣਨੀਤੀ 'ਤੇ ਬਿਹਾਰ ਦਾ ਅਸਰ



ਬਿਹਾਰ ਦੀਆਂ ਚੋਣਾਂ ਵਿਚ ਮਹਾਂਗੱਠਜੋੜ ਜਿਸ ਵਿਚ ਰਾਸ਼ਟਰੀ ਜਨਤਾ ਦਲ, ਕਾਂਗਰਸ ਅਤੇ ਕਮਿਊਨਿਸਟ ਪਾਰਟੀਆਂ ਸ਼ਾਮਿਲ ਸਨ/ਹਨ, ਦੀ ਹਾਰ ਨੂੰ ਮੁੱਖ ਤੌਰ 'ਤੇ ਕਾਂਗਰਸ ਦੀ ਰਣਨੀਤੀ ਦੀ ਅਸਫ਼ਲਤਾ ਵਜੋਂ ਦੇਖਿਆ ਜਾ ਰਿਹਾ ਹੈ। ਕੁਝ ਰਾਜਸੀ ਮਾਹਿਰ ਇਨ੍ਹਾਂ ਚੋਣਾਂ ਵਿਚ ਕਮਿਊਨਿਸਟ ਪਾਰਟੀ ਆਫ਼ ਇੰਡੀਆ (ਮਾਰਕਸਿਸਟ-ਲੈਨਿਨਿਸਟ)-ਲਿਬਰੇਸ਼ਨ ਵੱਲੋਂ ਲੜੀਆਂ 19 ਸੀਟਾਂ 'ਚੋਂ 12 'ਚ ਸਫ਼ਲਤਾ ਨੂੰ ਵਿਸ਼ੇਸ਼ ਮਹੱਤਵ ਦੇ ਰਹੇ ਹਨ। ਇਹ ਕਿਹਾ ਜਾ ਸਕਦਾ ਹੈ ਕਿ 243 ਮੈਂਬਰਾਂ ਵਾਲੀ ਵਿਧਾਨ ਸਭਾ ਵਿਚ 16 ਕਮਿਊਨਿਸਟ ਐੱਮਐੱਲਏ (12 ਲਿਬਰੇਸ਼ਨ, 2 ਸੀਪੀਆਈ, 2 ਸੀਪੀਐੱਮ) ਹੋਣਾ ਕੋਈ ਖ਼ਾਸ ਗੱਲ ਨਹੀਂ ਪਰ ਇਸ ਦਲੀਲ ਕਿ ਮੌਜੂਦਾ ਦੌਰ ਵਿਚ ਕਿਸੇ ਵੀ ਵਿਧਾਨ ਸਭਾ ਵਿਚ 16 ਖੱਬੇ-ਪੱਖੀ ਨੁਮਾਇੰਦੇ, ਮਜ਼ਦੂਰਾਂ, ਕਿਸਾਨਾਂ ਅਤੇ ਲਿਤਾੜੇ ਜਾ ਰਹੇ ਲੋਕਾਂ ਦੀ ਆਵਾਜ਼ ਵਿਧਾਨ ਸਭਾ ਤਕ ਪਹੁੰਚਾਉਣ ਵਿਚ ਵੱਡੀ ਭੂਮਿਕਾ ਅਦਾ ਕਰ ਸਕਦੇ ਹਨ, ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਲਿਬਰੇਸ਼ਨ ਦੀ ਇਸ ਸਫ਼ਲਤਾ ਤੋਂ ਬਾਅਦ ਪਾਰਟੀ ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ ਦਾ ਇਹ ਬਿਆਨ ਕਿ ਪੱਛਮੀ ਬੰਗਾਲ ਵਿਚ ਸਭ ਪਾਰਟੀਆਂ, ਜਿਨ੍ਹਾਂ ਵਿਚ ਤ੍ਰਿਣਾਮੂਲ ਕਾਂਗਰਸ ਵੀ ਸ਼ਾਮਿਲ ਹੈ, ਨੂੰ ਭਾਜਪਾ ਵਿਰੁੱਧ ਇਕਜੁੱਟ ਹੋਣਾ ਚਾਹੀਦਾ ਹੈ, ਖ਼ਾਸ ਮਹੱਤਵ ਰੱਖਦਾ ਹੈ। ਦੀਪਾਂਕਰ ਭੱਟਾਚਾਰੀਆ ਨੇ ਕਿਹਾ ਹੈ ਕਿ ਦੇਸ਼ ਦੀਆਂ ਜਮਹੂਰੀ ਅਤੇ ਧਰਮ-ਨਿਰਪੱਖ ਸ਼ਕਤੀਆਂ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਭਾਜਪਾ ਦੀ ਚੜ੍ਹਤ ਨੂੰ ਰੋਕਣਾ ਹੈ। ਸੀਪੀਐੱਮ ਦੀ ਪੱਛਮੀ ਬੰਗਾਲ ਵਿਚ ਟੀਐੱਮਸੀ ਨੂੰ ਹਰਾਉਣ ਨੂੰ ਪਹਿਲ ਦੇਣ ਵਾਲੀ ਸਿਆਸੀ ਨੀਤੀ ਬਾਰੇ ਟਿੱਪਣੀ ਕਰਦਿਆਂ ਭੱਟਾਚਾਰੀਆ ਨੇ ਇਸ (ਨੀਤੀ) ਨੂੰ ਗ਼ੈਰ-ਅਮਲੀ ਅਤੇ ਗ਼ੈਰ-ਵਿਹਾਰਕ ਦੱਸਿਆ।

ਜਮਹੂਰੀ ਤਾਕਤਾਂ ਨੂੰ ਦੀਪਾਂਕਰ ਭੱਟਾਚਾਰੀਆ ਦੀ ਦਲੀਲ ਬਾਰੇ ਸੰਜੀਦਗੀ ਤੇ ਗੰਭੀਰਤਾ ਨਾਲ ਸੋਚਣ ਦੀ ਜ਼ਰੂਰਤ ਹੈ। ਇਸ ਤੋਂ ਪਹਿਲਾਂ ਸੀਪੀਆਈ ਵਿਚ ਐੱਸਏ ਡਾਂਗੇ ਅਤੇ ਸੀਪੀਐੱਮ ਵਿਚ ਹਰਕਿਸ਼ਨ ਸਿੰਘ ਸੁਰਜੀਤ ਜਿਹੇ ਆਗੂਆਂ ਨੇ ਜਨਸੰਘ-ਭਾਜਪਾ ਤੋਂ ਪੈਦਾ ਹੋਣ ਵਾਲੇ ਖ਼ਤਰੇ ਬਾਰੇ ਗੱਲ ਕੀਤੀ ਸੀ ਪਰ ਉਨ੍ਹਾਂ ਨੂੰ ਆਪਣੀਆਂ ਪਾਰਟੀਆਂ 'ਚੋਂ ਹੀ ਵਿਰੋਧ ਦਾ ਸਾਹਮਣਾ ਕਰਨਾ ਪਿਆ। ਦੀਪਾਂਕਰ ਭੱਟਾਚਾਰੀਆ ਨੇ ਕਿਹਾ ਹੈ, ''ਪੱਛਮੀ ਬੰਗਾਲ ਵਿਚ ਭਾਜਪਾ ਦੀ ਸਰਕਾਰ ਖੱਬੇ-ਪੱਖੀਆਂ ਅਤੇ ਸਮੁੱਚੇ ਜਮਹੂਰੀ ਮੁਹਾਜ਼ ਲਈ ਵੱਡਾ ਖ਼ਤਰਾ ਹੋਵੇਗੀ।'' ਦੀਪਾਂਕਰ ਨੇ ਸੀਪੀਐੱਮ ਦੀ ਅਲੋਚਨਾ ਕੀਤੀ ਕਿ ਉਹ ਪੱਛਮੀ ਬੰਗਾਲ ਵਿਚ ਭਾਜਪਾ ਦੀ ਚੜ੍ਹਤ ਨੂੰ ਰੋਕ ਨਹੀਂ ਸਕੀ। ਉਸ ਨੇ ਕਾਂਗਰਸ ਦੀ ਦਾਬੂ ਸੁਰ 'ਤੇ ਵੀ ਇਤਰਾਜ਼ ਜਿਤਾਇਆ ਕਿਉਂਕਿ ਇਸ ਕਾਰਨ ਪੱਛਮੀ ਬੰਗਾਲ ਵਿਚ ਮਹਾਂਗੱਠਬੰਧਨ (ਬਿਹਾਰ ਦੇ) ਵਰਗਾ ਗੱਠਜੋੜ ਬਣਾਉਣ ਵਿਚ ਦਿੱਕਤਾਂ ਆ ਸਕਦੀਆਂ ਹਨ। ਉਸ ਨੇ ਆਸ ਪ੍ਰਗਟਾਈ ਕਿ ਕਾਂਗਰਸ ਬਿਹਾਰ ਦੀਆਂ ਚੋਣਾਂ ਦੇ ਨਤੀਜਿਆਂ, ਜਿਨ੍ਹਾਂ ਵਿਚ ਉਸ ਨੇ 70 ਸੀਟਾਂ 'ਚੋਂ ਸਿਰਫ਼ 19 ਜਿੱਤੀਆਂ, ਤੋਂ ਵੀ ਸਬਕ ਸਿੱਖੇਗੀ।

ਇਤਿਹਾਸ ਦਾ ਅਮਲ ਬਹੁਤ ਬੇਕਿਰਕੀ ਅਤੇ ਕਠੋਰਤਾ ਵਾਲਾ ਹੁੰਦਾ ਹੈ। ਦੀਪਾਂਕਰ ਭੱਟਾਚਾਰੀਆ ਦਾ ਬਿਆਨ ਦਰਸਾਉਂਦਾ ਹੈ ਕਿ 1964 ਵਿਚ ਕਮਿਊਨਿਸਟ ਪਾਰਟੀ ਦੇ ਦੋਫ਼ਾੜ ਦੇ 56 ਸਾਲ ਬਾਅਦ ਖੱਬੇ-ਪੱਖੀ ਪਾਰਟੀਆਂ ਨੂੰ ਆਪਣੀ ਸੋਚ ਦੀ ਦਿਸ਼ਾ ਬਦਲਣੀ ਪੈ ਰਹੀ ਹੈ। ਦੀਪਾਂਕਰ ਭੱਟਾਚਾਰੀਆ ਅਨੁਸਾਰ ਇਹ ਸਮਾਂ ਭਾਰਤ ਦੀ ਜਮਹੂਰੀਅਤ ਦੇ ਇਤਿਹਾਸ ਵਿਚ ਸਭ ਤੋਂ ਹਨੇਰਾ ਸਮਾਂ ਹੈ ਅਤੇ ਜਮਹੂਰੀਅਤ ਨੂੰ ਇੰਨੇ ਵੱਡੇ ਖ਼ਤਰੇ ਦਾ ਪਹਿਲਾਂ ਕਦੇ ਵੀ ਸਾਹਮਣਾ ਨਹੀਂ ਕਰਨਾ ਪਿਆ। ਕਿਸੇ ਵੀ ਤਰ੍ਹਾਂ ਦੀ ਸਿਆਸਤ ਨੂੰ ਆਪਣੇ ਸਾਹਮਣੇ ਉਹ ਟੀਚੇ ਰੱਖਣੇ ਚਾਹੀਦੇ ਹਨ ਜਿਹੜੇ ਉਸ ਸਿਆਸਤ 'ਤੇ ਅਮਲ ਕਰ ਰਹੀਆਂ ਪਾਰਟੀਆਂ ਪ੍ਰਾਪਤ ਕਰ ਸਕਦੀਆਂ ਹੋਣ। ਮੌਜੂਦਾ ਹਾਲਾਤ ਵਿਚ ਖੱਬੇ-ਪੱਖੀ ਤੇ ਜਮਹੂਰੀ ਸ਼ਕਤੀਆਂ ਦਾ ਮੁੱਖ ਨਿਸ਼ਾਨਾ ਦੇਸ਼ ਵਿਚਲੀਆਂ ਕੱਟੜਪੰਥੀ ਤਾਕਤਾਂ ਨੂੰ ਹਰਾਉਣਾ ਹੀ ਹੋਣਾ ਚਾਹੀਦਾ ਹੈ। ਇਨ੍ਹਾਂ ਪਾਰਟੀਆਂ ਨੂੰ ਵਿਚਾਰਧਾਰਾਵਾਂ ਦੇ ਵਖਰੇਵਿਆਂ ਨੂੰ ਇਕ ਪਾਸ ਰੱਖਦਿਆਂ ਵਿਸ਼ਾਲ ਜਮਹੂਰੀ ਅਤੇ ਦੇਸ਼ਭਗਤ ਮਹਾਂਗੱਠਬੰਧਨ ਬਣਾਉਣ ਦੀ ਜ਼ਰੂਰਤ ਹੈ। ਪਾਰਟੀਆਂ ਦੀ ਸਿਆਸਤ ਇਸ ਮੁੱਖ ਟੀਚੇ ਨੂੰ ਪ੍ਰਾਪਤ ਕਰਨ ਵੱਲ ਹੀ ਸੇਧਿਤ ਹੋਣੀ ਚਾਹੀਦੀ ਹੈ। ਕਿਸੇ ਵੀ ਪਾਰਟੀ ਦੀ ਸਿਰਫ਼ ਆਪਣੀ ਹੀ ਪਾਰਟੀ ਦੀ ਸੋਚ ਨੂੰ ਸਹੀ ਤੇ ਪਵਿੱਤਰ ਸਮਝਣ ਦੀ ਪ੍ਰਵਿਰਤੀ ਜਮਹੂਰੀ ਮੁਹਾਜ਼ ਬਣਨ ਦੇ ਵਿਚ ਅੜਿੱਕਾ ਸਾਬਤ ਹੋ ਸਕਦੀ ਹੈ। ਇਹ ਜਮਹੂਰੀ ਅਤੇ ਧਰਮਨਿਰਪੱਖ ਸ਼ਕਤੀਆਂ ਦੇ ਇਮਤਿਹਾਨ ਦਾ ਵੇਲਾ ਹੈ। ਇਸ ਲੜਾਈ ਵਿਚ ਉਨ੍ਹਾਂ ਦੇ ਸਾਥੀ ਜ਼ਮੀਨੀ ਪੱਧਰ ਦੇ ਲੋਕ-ਸੰਘਰਸ਼ ਅਤੇ ਇਨ੍ਹਾਂ ਸੰਘਰਸ਼ਾਂ ਦੌਰਾਨ ਉਨ੍ਹਾਂ ਦੀ ਏਕਤਾ ਹੀ ਹੋ ਸਕਦੀ ਹੈ।

# ਲੇਖ ਦੀ ਕਮਾਈ ਅਤੇ ਅਮਲਾਂ ਦੇ ਨਿਬੇੜੇ

**ਗੁਰਪ੍ਰੀਤ ਸਿੰਘ ਤੰਗੋਰੀ**

2005 ਵਿਚ ਮੈਂ ਸਕੂਟਰ-ਮੋਟਰ ਸਾਇਕਲ ਚਲਾਉਣ ਦਾ ਲਾਇਸੈਂਸ ਬਣਵਾਇਆ ਸੀ ਜੋ 2025 ਤੱਕ ਦਾ ਹੈ। ਚੰਡੀਗੜ੍ਹ ਅਕਸਰ ਗੇੜਾ ਲੱਗਦਾ ਰਹਿੰਦਾ ਹੈ ਪਰ ਟ੍ਰੈਫਿਕ ਪੁਲਿਸ ਨੇ ਕਦੇ ਵੀ ਰੋਕ ਕੇ ਕਦੇ ਲਾਇਸੈਂਸ ਚੈੱਕ ਨਹੀਂ ਸੀ ਕੀਤਾ। ਇਹ ਇਸ ਕਰ ਕੇ ਹੋ ਸਕਦਾ ਹੈ ਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਉਂਜ, ਸੱਚੀ ਗੱਲ ਹੈ, ਕਈ ਵਾਰ ਸੜਕ ਖਾਲੀ ਦੇਖ ਕੇ ਲਾਲ ਬੱਤੀ ਵੀ ਲੰਘ ਜਾਈਦਾ ਸੀ। ਇਸ ਦੇ ਨਾਲ ਹੀ ਇਹ ਗੱਲ ਹਮੇਸ਼ਾਂ ਦਿਮਾਗ ਵਿਚ ਰਹਿੰਦੀ ਹੈ ਕਿ ਨਿਯਮ ਸਾਡੇ ਬਚਾਅ ਲਈ ਹੀ ਹਨ। ਕਈ ਵਾਰ ਮਾਮੂਲੀ ਜਿਹੀ ਕੋਤਾਹੀ ਕਰ ਕੇ ਜਦੋਂ ਕੋਈ ਹਾਦਸਾ ਵਾਪਰ ਜਾਂਦਾ ਹੈ, ਉਦੋਂ ਬੰਦਾ ਪਛਤਾਉਣ ਜੋਗਾ ਹੀ ਰਹਿ ਜਾਦਾ ਹੈ। ਕਦੀ ਕਦੀ ਤਾਂ ਪਛਤਾਵਾ ਕਰਨ ਜੋਗਾ ਵੀ ਨਹੀਂ ਬਚਦਾ।

ਗੱਲ 5 ਕੁ ਸਾਲ ਪੁਰਾਣੀ ਹੈ, ਚੰਡੀਗੜ੍ਹ ਦੀਆਂ ਖੁੱਲ੍ਹੀਆਂ ਸੜਕਾਂ ਗਾਹੁੰਦਾ ਟ੍ਰਿਬਿਊਨ ਚੌਕ ਤੋਂ ਮੁਹਾਲੀ ਵੱਲ ਆ ਰਿਹਾ ਸਾਂ। ਚੌਕ ਤੋਂ ਥੋੜ੍ਹਾ ਮੁਹਾਲੀ ਵੱਲ ਆ ਕੇ ਦੋ ਟ੍ਰੈਫਿਕ ਲਾਈਟਾਂ ਬਿਲਕੁੱਲ ਨੇੜੇ ਨੇੜੇ ਹਨ ਜਿੱਥੇ ਅਕਸਰ ਲੋਕਾਂ ਦੇ ਬਹੁਤ ਚਲਾਨ ਹੁੰਦੇ ਹਨ ਕਿਉਂਕਿ ਉਨ੍ਹਾਂ ਲਾਈਟਾਂ ਕੋਲ ਆ ਕੇ ਪਤਾ ਨਹੀਂ ਲੱਗਦਾ ਕਿ ਲਾਈਟਾਂ ਸਿੱਧਾ ਜਾਣ ਲਈ ਹੋਈਆਂ ਹਨ ਜਾਂ ਖੱਬੇ ਸੱਜੇ ਮੁੜਨ ਲਈ। ਮੈਂ ਜਿਉਂ ਹੀ ਲਾਈਟਾਂ ਪਾਰ ਕੀਤੀਆਂ, ਇੱਕ ਪੁਲੀਸ ਵਾਲੇ ਨੇ ਇਕਦਮ ਅਗਾਂਹ ਵਧ ਕੇ ਰੁਕਣ ਦਾ ਇਸ਼ਾਰਾ ਕੀਤਾ। ਮੈਂ ਮੋਟਰ ਸਾਇਕਲ ਸੜਕ ਤੋਂ ਪਾਸੇ ਕਰ ਕੇ ਲਾਇਆ ਅਤੇ ਉਸ ਵੱਲ ਸਵਾਲੀਆ ਨਜ਼ਰਾਂ ਨਾਲ ਝਾਕਿਆ। ਉਸ ਨੇ ਕਿਹਾ, "ਤੁਸੀਂ ਲਾਲ ਬੱਤੀ ਕਰਾਸ ਕੀਤੀ ਆ, ਉੱਧਰ ਆ ਜਾਓ, ਸਾਬ੍ਹ ਨਾਲ ਗੱਲ ਕਰ ਲਓ।" ਸਾਈਡ ਤੇ ਖੜ੍ਹੀ ਗੱਡੀ ਵਿਚ ਪਗੜੀਧਾਰੀ ਥਾਣੇਦਾਰ ਚਲਾਨ ਦੀ ਕਾਪੀ ਵਿਚ ਕੁਝ ਭਰੀ ਬੈਠਾ ਲੱਗਦਾ ਸੀ।

ਮੈਨੂੰ ਜਾਪਿਆ, ਹੁਣ ਮੇਰਾ ਨਾਮ ਹੀ ਭਰਨਾ ਬਾਕੀ ਹੈ। ਜਿਉਂ ਹੀ ਉਸ ਨਾਲ ਗੱਲ ਕਰਨੀ ਚਾਹੀ, ਉਸ ਨੇ ਮੇਰਾ ਲਾਇਸੈਂਸ ਮੰਗ ਲਿਆ। ਮੈਂ ਵੀ ਚੁੱਪ-ਚਾਪ ਲਾਇਸੈਂਸ ਕੱਢ ਕੇ ਉਸ ਦੇ ਹੱਥ ਵਿਚ ਫੜਾ ਦਿੱਤਾ। ਲਾਇਸੈਂਸ ਦੇਖ ਕੇ ਉਹ ਕਹਿੰਦਾ, "ਆਹ ਤਾਂ ਬੰਦ ਹੋ ਗਏ, ਚਲਾਨ ਵੀ ਡਬਲ ਹੋਊ।" ਅਸਲ ਵਿਚ ਮੇਰੇ ਕੋਲ ਪੁਰਾਣਾ, ਕਾਪੀ ਵਾਲਾ ਲਾਇਸੈਂਸ ਸੀ ਜਿਸ ਦੇ ਪੰਨੇ ਖਾਸੇ ਘਸਮੈਲੇ ਹੋ ਚੁੱਕੇ ਹਨ। ਉਸ ਉੱਤੇ ਲਿਖੀਆਂ ਤਾਰੀਕਾਂ ਵੀ ਅੱਖਾਂ ਤੇ ਵਾਹਵਾ ਜ਼ੋਰ ਪਾ ਕੇ ਹੀ ਪੜ੍ਹੀਆ ਜਾ ਸਕਦੀਆਂ ਸਨ।

ਮੈਂ ਕਿਹਾ, "ਨਹੀਂ ਜੀ, ਲਾਇਸੈਂਸ 2025 ਤੱਕ ਹੈ ਜੀ। ਆਹ ਦੇਖੋ...।" ਨਾਲ ਹੀ ਮੈਂ ਤਾਰੀਕ ਪੜ੍ਹਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਦੂਜਾ ਨੁਕਤਾ ਛੇੜ ਲਿਆ, "ਚੱਲ ਠੀਕ ਐ ਪਰ ਤੂੰ ਲਾਲ ਬੱਤੀ ਤਾਂ ਲੰਘਿਆ ਈ ਏਂ।" ਉਹੀ ਗੱਲ ਹੋਈ ਸੀ, ਫਿਰ ਵੀ ਮੈਂ ਬੋਲਿਆ, "ਨਹੀਂ ਜੀ, ਮੈਂ ਲਾਲ ਬੱਤੀ ਨਹੀਂ ਲੰਘਿਆ ਜੀ। ਮੈਂ ਦੇਖ ਕੇ ਆਇਆਂ ਜੀ, ਬੱਤੀ ਹਰੀ ਸੀ।" ਉਸ ਨੇ ਸਮਝਾਇਆ, "ਹਰੀ ਬੱਤੀ ਸਾਈਡ ਨੂੰ ਮੁੜਨ ਲਈ ਐ, ਤੇ ਤੂੰ ਸਿੱਧਾ ਆਇਆਂ। ਅੱਗੇ ਵਾਲੀ ਲਾਈਟ ਤਾਂ ਲਾਲ ਸੀ।"

ਹੁਣ ਮੇਰੇ ਕੋਲ ਕੋਈ ਜਵਾਬ ਨਹੀਂ ਸੀ। ਲਾਈਟਾਂ ਹੀ ਉਲਝਾਉਣ ਵਾਲੀਆਂ ਸਨ। ਥਾਣੇਦਾਰ ਨੂੰ ਚਲਾਨ ਨਾ ਕੱਟਣ ਦੀ ਬੇਨਤੀ ਕੀਤੀ, ਤਰਕ ਦਿੱਤਾ ਕਿ 'ਮੇਰਾ ਅੱਜ ਤੱਕ ਕਿਤੇ ਕੋਈ ਚਲਾਨ ਨਹੀਂ ਹੋਇਆ' ਪਰ ਉਹ ਮੰਨਣ ਲਈ ਤਿਆਰ ਨਹੀਂ ਸੀ।

ਕੁਝ ਦਿਨ ਪਹਿਲਾਂ ਹੀ ਟ੍ਰੈਫਿਕ ਨਿਯਮਾਂ ਬਾਰੇ ਮੇਰਾ ਲੇਖ ਅਖ਼ਬਾਰ ਵਿਚ ਛਪਿਆ ਸੀ। ਆਖ਼ਰੀ ਹੰਭਲੇ ਦੇ ਹਿਸਾਬ ਨਾਲ ਮੈਂ ਫੋਨ ਵਿਚ ਖਿੱਚੀ ਉਸ ਲੇਖ ਦੀ ਫੋਟੋ ਥਾਣੇਦਾਰ ਸਾਹਮਣੇ ਕਰ ਦਿੱਤੀ, "ਸਰ, ਮੈਂ ਤਾਂ ਖੁਦ ਟ੍ਰੈਫਿਕ ਨਿਯਮਾਂ ਬਾਰੇ ਅਖਬਾਰ ਵਿਚ ਲਿਖਿਆ ਹੈ।" ਥਾਣੇਦਾਰ ਨੇ ਤਿਰਛੀ ਨਜ਼ਰ ਨਾਲ ਮੇਰੇ ਵੱਲ ਦੇਖਿਆ ਤੇ ਕਿਹਾ, "ਜਾਹ ਯਾਰ, ਖਿਆਲ ਰੱਖਿਆ ਕਰੋ।" ਇਸ ਘਟਨਾ ਨੂੰ ਭਾਵੇਂ ਕਾਫੀ ਸਮਾਂ ਬੀਤ ਗਿਆ ਹੈ ਪਰ ਜਦੋਂ ਕਦੇ ਟ੍ਰਿਬਿਊਨ ਚੌਕ ਵੱਲ ਜਾਈਦਾ ਹੈ ਤਾਂ ਇਹ ਕਹਾਣੀ ਯਾਦ ਆ ਜਾਂਦੀ ਹੈ। ਉਦੋਂ ਦੀ ਹੀ ਇਹ ਗੱਲ ਪੱਲੇ ਬੰਨ੍ਹੀ ਹੋਈ ਹੈ ਕਿ ਜੋ ਕੁਝ ਲਿਖਿਆ ਜਾਵੇ, ਉਸ ਉੱਤੇ ਪਹਿਲਾਂ ਖੁਦ ਅਮਲ ਕਰਨਾ ਜ਼ਰੂਰੀ ਹੈ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | | |
|---|---|---|---|
| (1) ਸ. ਦੀਦਾਰ ਸਿੰਘ ਬੈਂਸ | (10) ਡਾ. ਚਰਨਜੀਤ ਸਿੰਘ ਉਪਲ | (19) ਕਸ਼ਮੀਰ ਸਿੰਘ ਧੁੱਗਾ | (28) ਹੈਰੀ ਸਿੱਧੂ |
| (2) ਅਵਤਾਰ ਸਿੰਘ ਸਹੋਤਾ | (11) ਕੁਲਦੀਪ ਸਿੰਘ ਅਟਵਾਲ | (20) ਅਮੋਲਕ ਸਿੰਘ ਗਾਖਲ | (29) ਜਸਵੀਰ ਸਿੰਘ ਕੁਲਾਰ |
| (3) ਗੈਰੀ ਬਸਰਾਏ | (12) ਸੁਰਜੀਤ ਸਿੰਘ ਅਟਵਾਲ | (21) ਹਰਨੇਕ ਸਿੰਘ ਅਟਵਾਲ | (30) ਰਾਜ ਬਡਵਾਲ |
| (4) ਹਰਦੀਪ ਸਿੰਘ ਢਾਡਲੀ | (13) ਬਘੇਲ ਸਿੰਘ ਜਸਵਾਲ | (22) ਬਲਦੇਵ ਸਿੰਘ ਮਾਨ | (31) ਕਮਲਜੀਤ ਸਿੰਘ ਅਟਵਾਲ |
| (5) ਬਲਬੀਰ ਸਿੰਘ ਸੋਹਲ | (14) ਗੁਰਵਿੰਦਰ ਸਿੰਘ ਮਾਵੀ | (23) ਸ੍ਰੀ ਸੁੱਚਾ ਰਾਮ ਜੀ | (32) ਡਾ. ਭੁਪਿੰਦਰ ਭੰਡਾਰੀ |
| (6) ਗੁਰਨਾਮ ਸਿੰਘ ਪੰਮਾ | (15) ਡਾ ਦਲਵੀਰ ਪੰਨੂ | (24) ਜੌਹਨ ਸਿੰਘ ਗਿੱਲ | (33) ਅਜੈਬ ਸਿੰਘ ਮੱਲੀ |
| (7) ਦਲਵੀਰ ਸਿੰਘ ਗਿੱਲ | (16) ਡਾ. ਹਰਮੇਸ਼ ਕੁਮਾਰ | (25) ਉਂਕਾਰ ਸਿੰਘ ਸੈਣੀ | (34) ਹਰਜੀਤ ਗਿੱਲ |
| (8) ਗੁਰਮੇਜ ਸਿੰਘ ਗਿੱਲ | (17) ਸੁਰਿੰਦਰ ਸਿੰਘ ਧਨੋਆ | (26) ਕੁਲਵੰਤ ਸਿੰਘ ਨਿਜਰ | (35) ਸਰਬਜੀਤ ਸਿੰਘ ਸਾਬੀ |
| (9) ਸੁਖਰਾਜ ਸਿੰਘ ਢਿੱਲੋਂ | (18) ਅਵਤਾਰ ਸਿੰਘ ਤਾਰੀ | (27) ਸੁਖਵੀਰ ਸਿੰਘ ਨਿਜਰ | (36) ਕੁਲਦੀਪ ਸਿੰਘ ਸਹੋਤਾ (ਡੀਪੀਈ) |

# ਕਿਸਾਨ ਅੰਦੋਲਨ ਦਾ ਅਗਲਾ ਪੜਾਅ ਅਤੇ ਵੰਗਾਰਾਂ



ਹਮੀਰ ਸਿੰਘ

ਕੇਂਦਰ ਸਰਕਾਰ ਵੱਲੋਂ ਖੇਤੀ ਨੂੰ ਪੇਸ਼ੇ ਦੇ ਬਜਾਇ ਵਣਜ ਅਤੇ ਵਪਾਰ ਮੰਨ ਕੇ ਬਣਾਏ ਤਿੰਨ ਕਾਨੂੰਨਾਂ ਖ਼ਿਲਾਫ਼ ਪੰਜਾਬ ਦੇ ਕਿਸਾਨਾਂ ਦਾ ਸੰਘਰਸ਼ ਦੇਸ਼ ਪੱਧਰ ਉੱਤੇ ਦਸਤਕ ਦੇਣ ਲੱਗਿਆ ਹੈ। ਦਿੱਲੀ ਪੁਲੀਸ ਵੱਲੋਂ ਰਾਮਲੀਲਾ ਮੈਦਾਨ ਵਿਚ ਰੈਲੀ ਕਰਨ ਦੀ ਅਰਜ਼ੀ ਰੱਦ ਕਰਨ ਦੇ ਬਾਵਜੂਦ ਦੇਸ਼ ਦੇ ਕਿਸਾਨਾਂ ਨੇ ਦੇਸ਼ ਦੇ ਵੱਖ ਵੱਖ ਪਾਸਿਆਂ ਤੋਂ ਆਉਂਦੇ ਪੰਜ ਵੱਡੇ ਸ਼ਾਹਰਾਹਾਂ ਰਾਹੀਂ 26 ਨਵੰਬਰ ਨੂੰ ਦਿੱਲੀ ਵੱਲ ਵਹੀਰਾਂ ਘੱਤਣ ਦਾ ਫੈਸਲਾ ਕੀਤਾ ਹੈ। ਪੰਜਾਬ ਵਿਚ ਖਾਸ ਤੌਰ ਉੱਤੇ ਲਗਭਗ ਦੋ ਮਹੀਨੇ ਤੋਂ ਲਗਾਤਾਰ ਚੱਲ ਰਿਹਾ ਕਿਸਾਨ ਅੰਦੋਲਨ ਪੂਰੀ ਤਰ੍ਹਾਂ ਸ਼ਾਂਤਮਈ ਹੈ। ਕਿਸਾਨਾਂ ਵੱਲੋਂ ਸ਼ਾਂਤਮਈ ਤਰੀਕੇ ਨਾਲ ਦਿੱਲੀ ਦੇ ਰਾਮਲੀਲਾ ਗਰਾਊਂਡ ਵਿਚ ਰੈਲੀ ਕਰਨ ਦੀ ਕੀਤੀ ਅਪੀਲ ਖਾਰਜ ਕਰਨ ਪਿੱਛੋਂ ਹਰਿਆਣਾ ਸਰਕਾਰ ਪੰਜਾਬ ਨਾਲ ਲਗਦੀਆਂ ਹੱਦਾਂ ਸੀਲ ਕਰ ਕੇ ਕੇਂਦਰ ਦੀ ਬੀਨ ਵਜਾ ਰਹੀ ਹੈ।

ਇਸ ਤੋਂ ਪਹਿਲਾਂ 1982 ਵਿਚ ਅਕਾਲੀ ਦਲ ਦੇ ਧਰਮ ਯੁੱਧ ਮੋਰਚੇ ਸਮੇਂ ਏਸ਼ਿਆਈ ਖੇਡਾਂ ਮੌਕੇ ਸ਼੍ਰੋਮਣੀ ਅਕਾਲੀ ਦਲ ਨੇ ਦੁਨੀਆ ਨੂੰ ਇਹ ਦੱਸਣ ਲਈ ਦਿੱਲੀ ਜਾਣ ਦਾ ਫੈਸਲਾ ਕੀਤਾ ਸੀ ਕਿ ਤਤਕਾਲੀ ਸਰਕਾਰ ਪੰਜਾਬ ਨਾਲ ਧੱਕਾ ਕਰ ਰਹੀ ਹੈ। ਉਸ ਵਕਤ ਦੇ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਨੇ ਕਿਸੇ ਵੀ ਸਿੱਖ ਨੂੰ ਦਿੱਲੀ ਨਾ ਲੰਘਣ ਦੇਣ ਦਾ ਐਲਾਨ ਕਰ ਦਿੱਤਾ ਸੀ। ਇਸ ਨਾਲ ਬਹੁਤ ਸਾਰਿਆਂ ਦੀਆਂ ਪੱਗਾਂ ਲਹੀਆਂ ਅਤੇ ਇਸ ਬੇਇਜ਼ਤੀ ਤੋਂ ਤੰਗ ਹੋ ਕੇ ਬਹੁਤ ਸਾਰੇ ਸੇਵਾਮੁਕਤ ਫੌਜੀ ਅਫਸਰ ਅਤੇ ਜਵਾਨ ਵੀ ਗਰਮਖਿਆਲ ਸਿਆਸਤ ਦੇ ਨੇੜੇ ਚਲੇ ਗਏ ਸਨ। ਹੁਣ ਕਿਸਾਨਾਂ ਦੇ ਦਿੱਲੀ ਵੱਲ ਕੂਚ ਕਰਨ ਉੱਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ 25-26 ਤਾਰੀਖ਼ ਨੂੰ ਹਰਿਆਣਾ ਦੀ ਪੰਜਾਬ ਨਾਲ ਲੱਗਦੀ ਅਤੇ 26-27 ਤਾਰੀਖ ਨੂੰ ਦਿੱਲੀ ਨਾਲ ਲਗਦੀ ਹੱਦ ਸੀਲ ਕਰ ਕੇ ਸਖ਼ਤੀ ਕਰਨ ਦਾ ਐਲਾਨ ਕੀਤਾ ਹੈ। ਹਰਿਆਣਾ ਦੇ ਕਿਸਾਨ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਦਾ ਸਿਲਸਲਾ ਸ਼ਾਂਤਮਈ ਤਰੀਕੇ ਨਾਲ ਇਕੱਠੇ ਹੋਣ ਦੇ ਸੰਵਿਧਾਨਕ ਹੱਕ ਉੱਤੇ ਵੀ ਡਾਕਾ ਹੈ। ਕੇਂਦਰ ਸਰਕਾਰ ਨੇ ਇੱਕ ਪਾਸੇ ਕਿਸਾਨਾਂ ਨੂੰ 3 ਦਸੰਬਰ ਲਈ ਗੱਲਬਾਤ ਦਾ ਸੱਦਾ ਦਿੱਤਾ ਹੈ ਪਰ ਸ਼ਾਂਤਮਈ ਤਰੀਕੇ ਨਾਲ ਰੋਸ ਪ੍ਰਗਟ ਕਰਨ ਤੋਂ ਰੋਕਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਯਾਤਰੂ ਰੇਲਾਂ ਦੇ ਬਹਾਨੇ ਮਾਲ ਗੱਡੀਆਂ ਨਾ ਚਲਾਉਣ ਦਾ ਫੈਸਲਾ ਵੀ ਪੰਜਾਬ ਦੀ ਆਰਥਿਕ ਘੇਰਾਬੰਦੀ ਕਰਨ ਦੀ ਰਣਨੀਤੀ ਦਾ ਹਿੱਸਾ ਸੀ। ਇਸ ਲਈ ਕੇਂਦਰ ਸਰਕਾਰ ਅਤੇ ਭਾਜਪਾ ਦੀ ਨੀਅਤ ਅਤੇ ਨੀਤੀ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਦਿਸ਼ਾ ਵਿਚ ਦਿਖਾਈ ਨਹੀਂ ਦਿੰਦੀ।

ਇਹ ਹਕੀਕਤ ਹੈ ਕਿ ਕਿਸਾਨ ਅੰਦੋਲਨ ਦਾ ਸੇਕ ਦਿੱਲੀ ਦੀਆਂ ਬਰੂਹਾਂ ਤੱਕ ਪਹੁੰਚ ਰਿਹਾ ਹੈ। ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਅੰਦਰ ਬਗ਼ਾਵਤ ਵਰਗਾ ਮਾਹੌਲ ਪੈਦਾ ਹੋਇਆ ਹੈ, ਅੱਧੀ ਦਰਜਨ ਤੋਂ ਵੱਧ ਕਈ ਕੱਦਾਵਾਰ ਆਗੂ ਪਾਰਟੀ ਛੱਡ ਗਏ ਅਤੇ ਦੂਸਰਿਆਂ ਕਈਆਂ ਨੇ ਕੇਂਦਰ ਕੋਲ ਜਾ ਕੇ ਕਿਸਾਨਾਂ ਨਾਲ ਗੱਲਬਾਤ ਕਰਨ ਦੀ ਅਪੀਲ ਕੀਤੀ। ਸਿਆਸੀ ਜ਼ਮੀਨ ਖੁੱਸਦੀ ਦੇਖ ਕੇ ਭਾਰਤੀ ਜਨਤਾ ਪਾਰਟੀ ਦੇ ਲਗਭਗ ਤਿੰਨ ਦਹਾਕਿਆਂ ਤੋਂ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਯੂ-ਟਰਨ ਲੈਣ ਲਈ ਮਜਬੂਰ ਹੋਣਾ ਪਿਆ। ਸ਼ੁਰੂਆਤੀ ਸਮੇਂ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਪਾਰਟੀ ਨੇ ਕੇਂਦਰੀ ਆਰਡੀਨੈਂਸਾਂ ਨੂੰ ਕਿਸਾਨ ਦੇ ਪੱਖ ਵਿਚ ਹੋਣ ਦੀਆਂ ਦਲੀਲਾਂ ਦੇ ਕੇ ਇਸ ਦਾ ਪੱਖ ਲੈਣ ਦੀ ਕੋਸ਼ਿਸ਼ ਕੀਤੀ ਪਰ ਸਿਆਸੀ ਜ਼ਮੀਨ ਖਿਸਕਦੀ ਦੇਖ ਕੇ ਪਾਰਲੀਮੈਂਟ ਦਾ ਸੈਸ਼ਨ ਆਉਣ ਤੱਕ ਪਾਰਟੀ ਨੇ ਨਾ ਕੇਵਲ ਆਪਣੀ ਮੰਤਰੀ ਹਰਸਿਮਰਤ ਕੌਰ ਬਾਦਲ ਦਾ ਅਸਤੀਫ਼ਾ ਦਿਵਾ ਦਿੱਤਾ ਬਲਕਿ ਕੌਮੀ ਜਮਹੂਰੀ ਗੱਠਜੋੜ (ਐੱਨਡੀਏ) ਵਿਚੋਂ ਬਾਹਰ ਆਉਣ ਦਾ ਫੈਸਲਾ ਵੀ ਕਰ ਲਿਆ ਅਤੇ ਪਾਰਲੀਮੈਂਟ ਵਿਚ ਇਨ੍ਹਾਂ ਬਿਲਾਂ ਦੇ ਵਿਰੋਧ ਵਿਚ ਵੋਟਾਂ ਪਾਈਆਂ।

ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਕਿਸਾਨ ਅੰਦੋਲਨ ਦੀ ਮੰਗ ਅਨੁਸਾਰ ਦੋ ਵਾਰ ਵਿਧਾਨ ਸਭਾ ਦੇ ਸੈਸ਼ਨ ਬੁਲਾਉਣੇ ਪਏ। 28 ਅਗਸਤ ਵਾਲੇ ਪਹਿਲੇ ਸੈਸ਼ਨ ਵਿਚ ਖੇਤੀ ਆਰਡੀਨੈਂਸਾਂ ਖ਼ਿਲਾਫ਼ ਮਤਾ ਪਾਸ ਕੀਤਾ ਗਿਆ। ਦੂਸਰੇ ਸੈਸ਼ਨ ਵਿਚ 20 ਅਕਤੂਬਰ 2020 ਵਾਲੇ ਦਿਨ ਕੇਂਦਰੀ ਬਿਲਾਂ ਖਿਲਾਫ਼ ਮਤੇ ਦੇ ਨਾਲ ਦੀ ਨਾਲ ਵਿਧਾਨ ਸਭਾ ਅੰਦਰ ਤਿੰਨ ਬਿਲ ਲਿਆਉਣ ਲਈ ਮਜਬੂਰ ਹੋਣਾ ਪਿਆ। ਮਤੇ ਅਤੇ ਬਿਲਾਂ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਅਤੇ ਘੱਟੋ-ਘੱਟ ਸਮਰਥਨ ਮੁੱਲ ਦੀ ਗਰੰਟੀ ਬਾਰੇ ਕਾਨੂੰਨ ਬਣਾਉਣ ਦੀ ਮੰਗ ਕੀਤੀ ਗਈ। ਭਾਰਤੀ ਜਨਤਾ ਪਾਰਟੀ ਦੇ ਦੋਵੇਂ ਵਿਧਾਇਕ ਗੈਰ ਹਾਜ਼ਰ ਰਹੇ। ਕਾਂਗਰਸ, ਅਕਾਲੀ ਦਲ, ਆਮ ਆਦਮੀ ਪਾਰਟੀ, ਲੋਕ ਇਨਸਾਫ ਪਾਰਟੀ ਅਤੇ ਬਾਗੀ ਵਿਧਾਇਕਾਂ ਦਾ 115 ਦਾ ਸਮੂਹ ਰਾਜਪਾਲ ਨੂੰ ਮਿਲ ਕੇ ਇਨ੍ਹਾਂ ਬਿਲਾਂ ਨੂੰ ਮਨਜ਼ੂਰੀ ਦੇਣ ਦੀ ਅਪੀਲ ਵੀ ਕਰ ਕੇ ਆਇਆ। ਕਾਂਗਰਸੀਆਂ ਨੇ ਲੱਡੂ ਵੰਡ ਕੇ ਅਤੇ ਦੂਸਰੀਆਂ ਧਿਰਾਂ ਨੇ ਇਨ੍ਹਾਂ ਬਿਲਾਂ ਖਿਲਾਫ਼ ਸਟੈਂਡ ਲੈ ਕੇ ਇਹ ਸਾਬਤ ਕੀਤਾ ਕਿ ਇਨ੍ਹਾਂ ਦਾ ਸਰੋਕਾਰ ਕਿਸਾਨਾਂ ਜਾਂ ਪੰਜਾਬ ਨਾਲ ਘੱਟ, 2022 ਦੀ ਸੱਤਾ ਨਾਲ ਜ਼ਿਆਦਾ ਹੈ।

ਇਸ ਅੰਦੋਲਨ ਨੇ ਕੇਵਲ ਕੇਂਦਰ ਸਰਕਾਰ ਹੀ ਨਹੀਂ ਬਲਕਿ ਕਾਰਪੋਰੇਟ ਘਰਾਣਿਆਂ ਖਿਲਾਫ਼ ਲੋਕ ਮਾਨਸਿਕਤਾ ਵਿਚ ਜਗ੍ਹਾ ਬਣਾਉਣ ਦੀ ਸਫਲਤਾ ਹਾਸਲ ਕੀਤੀ ਹੈ। ਇਹ ਹੁਣ ਕਿਸਾਨਾਂ ਦੀ ਸਮੂਹਿਕ ਸਮਝ ਦਾ ਹਿੱਸਾ ਬਣਦਾ ਦਿਖਾਈ ਦੇ ਰਿਹਾ ਹੈ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਕਾਰਨ ਇਕੱਲੀ ਸਰਕਾਰ ਨਹੀਂ ਬਲਕਿ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਦੇ ਕਾਰਪੋਰੇਟ ਵਿਕਾਸ ਮਾਡਲ ਹੈ। ਇਹ ਮਾਡਲ ਨਾ ਕੇਵਲ ਕੁਦਰਤੀ ਸਾਧਨਾਂ ਦੀ ਬਰਬਾਦੀ ਕਰ ਰਿਹਾ ਹੈ ਬਲਕਿ ਗਰੀਬ ਅਤੇ ਅਮੀਰ ਦਰਮਿਆਨ ਪਾੜਾ ਵਧਾਉਂਦਿਆਂ ਬੇਰੁਜ਼ਗਾਰੀ ਪੈਦਾ ਕਰਨ ਵਿਚ ਵੀ ਵੱਡੀ ਭੂਮਿਕਾ ਨਿਭਾਅ ਰਿਹਾ ਹੈ।

ਇਹ ਕਿਸਾਨ ਅੰਦੋਲਨ ਦਾ ਦਬਾਅ ਹੀ ਹੈ ਕਿ ਖੇਤੀ ਕਾਨੂੰਨਾਂ ਦਾ ਮੁੱਦਾ ਦੇਸ਼ ਅੰਦਰ ਫੈਡਰਲਿਜ਼ਮ ਦੀ ਲੋੜ ਨੂੰ ਉਭਾਰ ਰਿਹਾ ਹੈ। ਵਿਧਾਨ ਸਭਾ ਵਿਚ ਪਏ ਮਤੇ ਅਤੇ ਪਾਸ ਕੀਤੇ ਬਿਲ ਇਸ ਧਾਰਨਾ ਨੂੰ ਹੋਰ ਮਜ਼ਬੂਤ ਕਰ ਰਹੇ ਹਨ। ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਨੇ ਫੈਡਰਲਿਜ਼ਮ ਦੇ ਮੁੱਦੇ ਨੂੰ ਲਗਾਤਾਰ ਉਠਾਉਣ ਵਿਚ ਪਹਿਲਕਦਮੀ ਲਈ ਹੈ ਪਰ ਜਥੇਬੰਦੀਆਂ ਦੇ ਸਾਂਝੇ ਫੈਸਲੇ ਵਿਚ ਸ਼ਾਮਿਲ ਹੋਣ ਦੀ ਕੋਸ਼ਿਸ਼ ਵੀ ਜ਼ਰੂਰੀ ਹੈ। ਤਕਰੀਬਨ ਤੀਹ ਜਥੇਬੰਦੀਆਂ ਦੇ ਫਰੰਟ ਵੱਲੋਂ ਕੇਂਦਰ ਸਰਕਾਰ ਨੂੰ ਦਿੱਤੇ ਮੰਗ ਪੱਤਰ ਵਿਚ ਰਾਜਾਂ ਦੀਆਂ ਤਾਕਤਾਂ ਖੋਹਣ ਦਾ ਜ਼ਿਕਰ ਪੁਖ਼ਤਾ ਰੂਪ ਵਿਚ ਕੀਤਾ ਗਿਆ ਹੈ। ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਫੈਡਰਲਿਜ਼ਮ ਦੇ ਮੁੱਦੇ ਉੱਤੇ ਖਾਮੋਸ਼ ਦਿਖਾਈ ਦੇ ਰਹੀ ਹੈ।

ਕਿਸਾਨ ਅੰਦੋਲਨ ਵੱਲੋਂ ਗ੍ਰਾਮ ਸਭਾਵਾਂ ਦੀ ਅਹਿਮੀਅਤ ਨੂੰ ਸਮਝਣ ਦਾ ਸੰਕੇਤ ਵੀ ਹਾਂ ਪੱਖੀ ਤੌਰ ਉੱਤੇ ਲਿਆ ਜਾਣਾ ਚਾਹੀਦਾ ਹੈ। ਇਹ ਅਲੱਗ ਗੱਲ ਹੈ ਕਿ ਇਹ ਜਥੇਬੰਦੀਆਂ ਮਤੇ ਪਵਾਉਣ ਵਿਚ ਬਹੁਤੀਆਂ ਸਰਗਰਮ ਨਜ਼ਰ ਨਹੀਂ ਆਈਆਂ। ਇਸ ਦੇ ਬਾਵਜੂਦ ਜ਼ਮੀਨੀ ਹਕੀਕਤ ਮੁਤਾਬਿਕ ਪਿੰਡ ਦੀ ਸੰਵਿਧਾਨਕ ਸੰਸਥਾ ਗ੍ਰਾਮ ਸਭਾ ਦੀ ਹੋਂਦ ਬਾਰੇ ਅਹਿਸਾਸ ਅਤੇ ਅਹਿਮੀਅਤ ਦਾ ਜ਼ਿਕਰ ਭਵਿੱਖ ਦੀ ਸੋਚ ਨੂੰ ਹੋਰ ਗਹਿਰਾਈ ਮੁਹੱਈਆ ਕਰ ਸਕਦਾ ਹੈ। ਗ੍ਰਾਮ ਸਭਾਵਾਂ ਰਾਹੀਂ ਪੰਚਾਇਤੀ ਰਾਜ ਪ੍ਰਣਾਲੀ ਦਾ ਅਮਲ ਪੇਂਡੂ ਭਾਈਚਾਰੇ ਅਤੇ ਵਿਕਾਸ ਵਿਚ ਕਿੰਨਾ ਅਹਿਮ ਹੈ, ਇਸ ਨੂੰ ਸਰਗਰਮੀ ਨਾਲ ਜਾਨਣਾ ਅਤੇ ਅਮਲ ਕਰਨਾ ਪੰਜਾਬ ਦੇ ਭਵਿੱਖ ਲਈ ਸਾਰਥਕ ਕਦਮ ਮੰਨਿਆ ਜਾਵੇਗਾ।

ਲੰਮੇ ਸਮੇਂ ਤੋਂ ਨੌਜਵਾਨਾਂ ਪ੍ਰਤੀ ਇਹ ਸ਼ਿਕਾਇਤ ਰਹੀ ਹੈ ਕਿ ਉਹ ਅੰਦੋਲਨਾਂ ਵਿਚ ਸਹਿਯੋਗ ਨਹੀਂ ਦੇ ਰਹੇ। ਉਹ ਕੰਮ ਵਿਚ ਜਾਂ ਸਿਆਸੀ ਮਾਮਲਿਆਂ ਵਿਚ ਦਖ਼ਲ ਦੇਣ ਤੋਂ ਗੁਰੇਜ਼ ਕਰਦੇ ਹਨ। ਕਿਸਾਨ ਅੰਦੋਲਨ ਵਿਚ ਨੌਜਵਾਨਾਂ ਦੀ ਸ਼ਮੂਲੀਅਤ ਨੇ ਇਸ ਧਾਰਨਾਂ ਨੂੰ ਬਦਲਿਆ ਹੈ। ਇਸੇ ਤਰ੍ਹਾਂ ਮਜ਼ਦੂਰ ਔਰਤਾਂ ਪਹਿਲਾਂ ਹੀ ਆਪਣੇ ਮੰਗਾਂ ਮਸਲਿਆਂ ਲਈ ਅੰਦੋਲਨ ਦੇ ਰਾਹ ਉੱਤੇ ਸਨ। ਕਿਸਾਨ ਔਰਤਾਂ ਦਾ ਇੰਨੀ ਵੱਡੀ ਗਿਣਤੀ ਵਿਚ ਮੈਦਾਨ ਵਿਚ ਆਉਣਾ ਅਗਾਂਹਵਧੂ ਸ਼ੁਰੂਆਤ ਹੈ। ਇਨ੍ਹਾਂ ਦੋਵੇਂ ਪੱਖਾਂ ਨੇ ਅੰਦੋਲਨ ਵਿਚ ਨਵੀਂ ਰੂਹ ਫੂਕੀ ਹੈ। ਇਸ ਤੋਂ ਇਲਾਵਾ ਹੋਰ ਵਰਗਾਂ ਦੀ ਸ਼ਮੂਲੀਅਤ ਵੀ ਗਿਣਨਯੋਗ ਹੈ।



ਤਾਕਤਾਂ ਦੇ ਤਵਾਜ਼ਨ ਨੂੰ ਕੇਂਦਰ ਦੇ ਖ਼ਿਲਾਫ਼ ਭੁਗਤਾਉਣ ਲਈ ਅੰਦੋਲਨ ਦਾ ਫੈਲਾਅ ਦੇਸ਼ ਪੱਧਰ ਉੱਤੇ ਕਰਨ ਦੀ ਦੂਰਅੰਦੇਸ਼ ਸਮਝ ਦਾ ਵੀ ਪੰਜਾਬ ਦੀ ਕਿਸਾਨ ਜਥੇਬੰਦੀਆਂ ਨੇ ਸਬੂਤ ਦਿੱਤਾ ਹੈ। ਪਹਿਲਾਂ ਹੀ ਬਣੀ ਆਲ ਇੰਡੀਆ ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ ਅਤੇ ਕਿਸਾਨ ਮਹਾਂ ਸੰਘ ਨਾਲ ਜੁੜੀਆਂ ਪੰਜ ਸੌ ਦੇ ਕਰੀਬ ਜਥੇਬੰਦੀਆਂ ਨੇ ਮੀਟਿੰਗਾਂ ਕੀਤੀਆਂ ਹਨ। ਪੰਜਾਬ ਦੇ 25 ਸਤੰਬਰ ਦੇ ਬੰਦ ਨੂੰ ਮਿਲੇ ਹੁੰਗਾਰੇ ਅਤੇ ਦੇਸ਼ ਦੇ ਹੋਰਾਂ ਰਾਜਾਂ ਵੱਲੋਂ ਵੀ ਇੱਕ ਹੱਦ ਤੱਕ ਸਹਿਮਤੀ ਨੇ ਅੰਦੋਲਨਕਾਰੀਆਂ ਦਾ ਹੌਸਲਾ ਵਧਾਇਆ ਹੈ। ਦੇਸ਼ ਪੱਧਰੀ 5 ਨਵੰਬਰ ਨੂੰ 12 ਤੋਂ ਚਾਰ ਵਜੇ ਤੱਕ ਦੇ ਦਿੱਤੇ ਸੜਕ ਜਾਮ ਦੇ ਸੱਦੇ ਉੱਤੇ ਵੀ 18 ਰਾਜਾਂ ਅੰਦਰ ਤਕਰੀਬਨ ਤਿੰਨ ਹਜ਼ਾਰ ਥਾਵਾਂ ਉੱਤੇ ਜਾਮ ਲਗਾਏ ਜਾਣ ਦੀ ਸੂਚਨਾ ਮਿਲੀ ਹੈ। ਇੱਥੋਂ ਤੱਕ ਕਿ ਆਰਐੱਸਐੱਸ ਨਾਲ ਜੁੜੇ ਭਾਰਤੀ ਕਿਸਾਨ ਸੰਘ ਦੇ ਜਨਰਲ ਸਕੱਤਰ ਬਦਰੀ ਨਾਰਾਇਣ ਚੌਧਰੀ ਵੱਲੋਂ 21 ਸਤੰਬਰ 2020 ਨੂੰ ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ ਵਿਚ ਇਨ੍ਹਾਂ ਕਾਨੂੰਨਾਂ ਨੂੰ ਕਿਸਾਨ ਦੇ ਖ਼ਿਲਾਫ਼ ਅਤੇ ਵਪਾਰਕ ਕੰਪਨੀਆਂ ਦੇ ਪੱਖ ਵਿਚ ਕਹਿੰਦਿਆਂ ਸੋਧਾਂ ਦੀ ਮੰਗ ਕੀਤੀ ਹੈ। ਇਸ ਦਾ ਮਤਲਬ ਹੈ ਕਿ ਦੇਸ਼ ਦੀ ਇੱਕ ਵੀ ਕਿਸਾਨ ਜਥੇਬੰਦੀ ਇਨ੍ਹਾਂ ਕਾਨੂੰਨਾਂ ਦੇ ਪੱਖ ਵਿਚ ਨਹੀਂ ਹੈ।

ਕਿਸਾਨ ਅੰਦੋਲਨ ਸਾਹਮਣੇ ਸੰਘਰਸ਼ ਨੂੰ ਸ਼ਾਂਤਮਈ ਰੱਖਣ, ਕਿਸਾਨ ਜਥੇਬੰਦੀਆਂ ਦੀ ਇੱਕਜੁੱਟਤਾ ਵਧਾਉਣ ਅਤੇ ਹੋਰ ਵਰਗਾਂ ਨੂੰ ਵੀ ਨਾਲ ਲੈ ਕੇ ਚੱਲਣ ਦੀ ਚੁਣੌਤੀ ਹੈ। ਅੰਦੋਲਨ ਦੇ ਢੰਗ ਤਰੀਕਿਆਂ ਦੇ ਨਾਲ ਨਾਲ ਖੇਤੀ ਦੇ ਮਾਡਲ ਅਤੇ ਬਦਲਵੇਂ ਪ੍ਰਬੰਧਾਂ ਬਾਰੇ ਵਿਚਾਰ-ਚਰਚਾ ਦੀ ਸ਼ੁਰੂਆਤ ਅੰਦੋਲਨ ਵਿਚ ਸਹਾਈ ਹੋ ਸਕਦੀ ਹੈ। ਸਮੁੱਚੇ ਭਾਈਚਾਰਿਆਂ ਅਤੇ ਬੁੱਧੀਜੀਵੀਆਂ ਦੀ ਵੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕੇਵਲ ਦਰਸ਼ਕ ਦੀ ਭੂਮਿਕਾ ਵਿਚ ਹੀ ਨਹੀਂ ਬਲਕਿ ਆਪਣੀ ਰਾਇ ਅਤੇ ਸਲਾਹ ਸਮੇਤ ਅੰਦੋਲਨ ਵਿਚ ਸਰਗਰਮੀ ਨਾਲ ਹਿੱਸੇਦਾਰ ਬਣਨ ਦੀ ਪਹਿਲਕਦਮੀ ਕਰਨ ਦੀ ਕੋਸ਼ਿਸ਼ ਕਰਨ। ਪੰਜਾਬ ਨੂੰ ਭਵਿੱਖ ਲਈ ਇੱਕ ਠੋਸ ਏਜੰਡੇ ਦੀ ਜ਼ਰੂਰਤ ਹੈ ਜੋ ਨਵੀਂ ਪੀੜ੍ਹੀ ਅੰਦਰ ਸੁਫਨੇ ਅਤੇ ਉਮੀਦ ਪੈਦਾ ਕਰ ਸਕੇ। ਮੌਜੂਦਾ ਹਾਲਾਤ ਵਿਚ ਤਬਦੀਲੀ ਲਈ ਫੈਡਰਲਿਜ਼ਮ, ਤਾਕਤਾਂ ਦੇ ਵਿਕੇਂਦਰੀਕਰਨ ਅਤੇ ਗੁਆਂਢੀਆਂ ਨਾਲ ਚੰਗੇ ਸਬੰਧਾਂ ਦੇ ਮੁੱਦੇ ਉੱਤੇ ਸੜਕ ਦੀ ਸਿਆਸਤ ਕਰਨ ਤੋਂ ਟਾਲਾ ਵੱਟਣ ਵਾਲੀ ਸਿਆਸਤ ਨਾਲ ਕੰਮ ਨਹੀਂ ਚੱਲ ਸਕਣਾ।

# ਸ਼ਰਾਰਤੀ ਅਨਸਰਾਂ ਤੋਂ ਬਚਾਅ ਕਰਨ ਕਿਸਾਨ: ਬਿੱਟੂ

ਲੁਧਿਆਣਾ- ਕਿਸਾਨ ਅੰਦੋਲਨ ਵਿੱਚ ਕੁਝ ਸ਼ਰਾਰਤੀ ਨੌਜਵਾਨਾਂ ਦੀਆਂ ਹਰਕਤਾਂ ਨੂੰ ਲੈ ਕੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਦਾ ਪਾਰਾ ਚੜ੍ਹ ਗਿਆ ਹੈ। ਕਿਸਾਨੀ ਸੰਘਰਸ਼ ਵਿੱਚ ਖਾਲਿਸਤਾਨ ਦੇ ਲੱਗੇ ਨਾਅਰਿਆਂ ਸਬੰਧੀ ਅੱਜ ਵੀਡੀਓ ਬਿਆਨ ਜਾਰੀ ਕਰਕੇ ਬਿੱਟੂ ਨੇ ਕਿਹਾ ਕਿ ਖੇਤੀ ਕਾਨੂੰਨ ਦਾ ਵਿਰੋਧ ਕਰਨ ਵਾਲੇ ਕਿਸਾਨ ਤਾਂ ਆਰਾਮ ਨਾਲ ਪਿੱਛੇ ਬੈਠੇ ਪਾਠ ਕਰ ਰਹੇ ਹਨ ਪਰ ਕੁਝ ਸ਼ਰਾਰਤੀ ਨੌਜਵਾਨ ਇਸ ਅੰਦੋਲਨ ਨੂੰ ਬਰਬਾਦ ਕਰਨ 'ਚ ਲੱਗੇ ਹੋਏ ਹਨ।

ਇਨ੍ਹਾਂ ਨੌਜਵਾਨਾਂ ਨੇ ਧੜੇ ਬਣਾਏ ਹੋਏ ਹਨ, ਜੋ ਵੱਖ-ਵੱਖ ਸਿਆਸੀ ਆਗੂਆਂ ਖ਼ਿਲਾਫ਼ ਬੋਲ ਰਹੇ ਹਨ। ਲੋਕ ਸਭਾ ਮੈਂਬਰ ਬਿੱਟੂ ਨੇ ਕਿਸਾਨ ਯੂਨੀਅਨ ਦੇ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਸ਼ਰਾਰਤੀ ਅਨਸਰਾਂ ਤੋਂ ਸਾਵਧਾਨ ਰਹਿਣ ਨਹੀਂ ਤਾਂ ਅੰਦੋਲਨ ਖ਼ਰਾਬ ਹੋ ਸਕਦਾ ਹੈ। ਉਨ੍ਹਾਂ ਆਖਿਆ ਕਿ ਯੂਨੀਅਨ ਆਗੂ ਅੱਗੇ ਆ ਕੇ ਇਨ੍ਹਾਂ ਨੌਜਵਾਨਾਂ ਨੂੰ ਸੰਭਾਲਣ।

ਉਨ੍ਹਾਂ ਕਿਹਾ ਕਿ ਚਾਹੇ ਕੋਈ ਵੀ ਸਿਆਸੀ ਪਾਰਟੀ ਦਾ ਆਗੂ ਆਪਣਾ ਸਮਰਥਨ ਦੇਣ ਆਵੇ, ਉਸ ਨੂੰ ਸਨਮਾਨ ਦਿੱਤਾ ਜਾਣਾ ਜ਼ਰੂਰੀ ਹੈ। ਜੇ ਇਸ ਤਰ੍ਹਾਂ ਹੀ ਚੱਲਦਾ ਰਿਹਾ ਤਾਂ ਸਾਰੇ ਲੋਕ ਪਿੱਛੇ ਹੱਟਣੇ ਸ਼ੁਰੂ ਹੋ ਜਾਣਗੇ।



# ਆਮ ਜਨਤਾ ਦੀ ਆਵਾਜ਼ ਬਣ ਰਿਹਾ ਕਿਸਾਨ ਅੰਦੋਲਨ



ਡਾ. ਲਕਸ਼ਮੀ ਨਰਾਇਣ ਭੀਖੀ

ਕਿਸਾਨੀ ਦੀਆਂ ਹੱਕੀ ਮੰਗਾਂ ਲਈ ਵੱਖ-ਵੱਖ ਸਮਿਆਂ ਅਤੇ ਮੁਲਕਾਂ ਵਿਚ ਸੰਘਰਸ਼ ਚਲਦੇ ਰਹੇ ਹਨ। ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਵਾਹੀਕਾਰਾਂ ਨੂੰ ਜ਼ਮੀਨ ਦੀ ਮਾਲਕੀ ਦੇ ਹੱਕ ਦਿਵਾਏ ਗਏ, ਜਿਸ ਨਾਲ ਕਿਸਾਨਾਂ ਲਈ ਭੂਮੀ ਸੁਧਾਰਾਂ ਦੀ ਸ਼ੁਰੂਆਤ ਹੋਈ। ਸ੍ਰ. ਅਜੀਤ ਸਿੰਘ ਦੀ ਅਗਵਾਈ ਵਿਚ 1907 ਵਿਚ 'ਪੱਗੜੀ ਸੰਭਾਲ ਜੱਟਾ' ਦੇ ਨਾਂ ਹੇਠ ਕਿਸਾਨੀ ਮੰਗਾਂ ਲਈ ਲੰਮਾ ਸੰਘਰਸ਼ ਕੀਤਾ ਗਿਆ। ਰੂਸ ਵਿਚ ਲੈਨਿਨ ਨੇ ਕਿਸਾਨੀ ਲਈ ਲੰਮਾ ਸੰਘਰਸ਼ ਕੀਤਾ। ਚੀਨ ਵਿਚ ਚੇਅਰਮੈਨ ਮਾਓ ਜ਼ੇ ਤੁੰਗ ਗ਼ਰੀਬ ਕਿਸਾਨੀ ਲਈ ਜ਼ਮੀਨੀ ਇਨਕਲਾਬ ਦੀ ਲਾਈਨ ਲੈ ਕੇ ਆਇਆ। ਕਿਸਾਨੀ ਦੇ ਇਨਕਲਾਬੀ ਸੰਘਰਸ਼ ਨੂੰ ਕਿਸਾਨ ਆਗੂ ਸਰ ਛੋਟੂ ਰਾਮ ਨੇ ਅੱਗੇ ਵਧਾਇਆ। ਸਰ ਛੋਟੂ ਰਾਮ ਦਾ ਕਥਨ ਸੀ: "ਮੈਂ ਕਿਸਾਨ ਨੂੰ ਹੁਕਮਰਾਨ ਵੇਖਣਾ ਚਾਹੁੰਦਾ ਹਾਂ ਅਤੇ ਇਸੇ ਕਰਕੇ ਮੈਂ ਚਾਹੁੰਦਾ ਹਾਂ ਕਿ ਉਹ ਦੂਜਿਆਂ ਉੱਪਰ ਨਿਰਭਰ ਹੋਣ ਦੀ ਭਾਵਨਾ ਤੋਂ ਖਹਿੜਾ ਛੁਡਾਵੇ।'' ਉਨ੍ਹਾਂ ਕਿਹਾ: ''ਐ ਕਿਸਾਨ; ਕਿਸੇ ਦਾ ਪਿੱਛਲਗ ਨਾ ਬਣ, ਕਿਸੇ ਦਾ ਗ਼ੁਲਾਮ ਨਹੀਂ, ਸਗੋਂ ਮਾਲਕ ਬਣ, ਗ਼ੁਲਾਮੀ ਛੱਡ ਅਤੇ ਹਾਕਮ ਬਣ।" ਹੁਣ ਕਿਸਾਨੀ ਸਿਰਫ਼ ਮੰਗਾਂ ਮੰਗਣ ਤੱਕ ਸੀਮਤ ਨਾ ਰਹੇ ਬਲਕਿ ਆਪਣੇ ਖੇਤ ਦੀ ਅਤੇ ਦੇਸ ਦੀ ਮਾਲਕ ਬਣੇ, ਹਾਕਮ ਬਣੇ।

ਇਸੇ ਤਰ੍ਹਾਂ ਪੈਪਸੂ ਮੁਜ਼ਾਰਾ ਘੋਲ ਕਿਸਾਨੀ ਦਾ ਸਫ਼ਲ ਘੋਲ ਸੀ, ਜਿਸਨੇ ਉਨ੍ਹਾਂ ਦੀਆਂ ਹੱਕੀ ਜ਼ਮੀਨਾਂ ਦਿਵਾਉਣ ਵਿਚ ਕਾਮਯਾਬੀ ਹਾਸਲ ਕੀਤੀ। ਪਰ ਇਹ ਲਹਿਰ ਲੋਕ ਪੱਖੀ ਰਾਜਨੀਤੀ ਵਿਚ ਨਿਪੁੰਨ ਨਾ ਹੋਣ ਕਰਕੇ ਸਮਾਜਿਕ ਤਬਦੀਲੀ ਨਹੀਂ ਲਿਆ ਸਕੀ। ਨਕਸਲਬਾੜੀ ਲਹਿਰ ਵੀ ਚੀਨ ਦੀ ਤਰਜ਼ 'ਤੇ ਕਿਸਾਨੀ ਦੇ ਹੱਕਾਂ ਤੇ ਲੋਕ ਮੁਕਤੀ ਦੀ ਲਹਿਰ ਸੀ। ਇਹ ਲਹਿਰ ਵੀ ਕਿਸਾਨ, ਮਜ਼ਦੂਰ ਤੇ ਆਮ ਲੋਕਾਂ ਨੂੰ ਮੁਕਤ ਕਰਨ 'ਚ ਸਫ਼ਲ ਨਹੀਂ ਹੋਈ। ਵਰਤਮਾਨ ਕਿਸਾਨ ਅੰਦੋਲਨ ਨੂੰ ਬੀਤੇ ਘੋਲਾਂ ਤੋਂ ਸਬਕ ਸਿਖਦਿਆਂ ਭਵਿੱਖਮਈ ਦਿਸ਼ਾ ਅਖਤਿਆਰ ਕਰਨੀ ਚਾਹੀਦੀ ਹੈ।

ਇਸ ਵੇਲੇ ਦੇਸ ਦੇ ਹਾਕਮ ਜਲ, ਜੰਗਲ ਅਤੇ ਜ਼ਮੀਨ ਕਾਰਪੋਰੇਟਾਂ ਨੂੰ ਕੌਡੀਆਂ ਦੇ ਭਾਅ ਲੁਟਾ ਰਹੇ ਨੇ, ਕਾਰਪੋਰੇਟ ਘਰਾਣੇ ਖੇਤਾਂ ਵਿਚ ਉਹੀ ਫ਼ਸਲ ਉਗਾਉਣਗੇ, ਜਿਸ ਦੀ ਵਿਸ਼ਵ ਵਪਾਰ ਸੰਸਥਾ ਨੂੰ ਲੋੜ ਹੋਵੇਗੀ। ਉਹ ਫੁੱਲਾਂ ਅਤੇ ਫਲਾਂ ਦੀ ਖੇਤੀ ਕਰਨਗੇ, ਦੁਨੀਆਂ 'ਚ ਅਨਾਜ ਦੀ ਘਾਟ ਪੈਦਾ ਕਰ ਕੇ ਅਜਿਹੇ ਹਾਲਾਤ ਪੈਦਾ ਕਰਨਗੇ ਜੋ ਹਰੀ ਕ੍ਰਾਂਤੀ ਤੋਂ ਪਹਿਲਾਂ ਕੀਤੇ ਸਨ। ਪਿਛਲੇ ਸਮਿਆਂ ਵਿਚ ਸੰਘਰਸ਼ ਕਰਦੇ ਆਗੂਆਂ ਨੇ ਕਿਸਾਨਾਂ ਨੂੰ ਜ਼ਮੀਨਾਂ ਖੋਹ-ਖੋਹ ਕੇ ਵੰਡੀਆਂ। ਬੇਜ਼ਮੀਨਿਆਂ ਨੂੰ ਭੋਇੰ ਦਾ ਮਾਲਕ ਬਣਾਇਆ। ਹੁਣ ਕਾਰਪੋਰੇਟਾਂ ਵੱਲੋਂ ਛੋਟੇ ਕਿਸਾਨਾਂ ਤੋਂ ਜ਼ਮੀਨਾਂ ਖੋਹੀਆਂ ਜਾ ਰਹੀਆਂ ਨੇ। ਹੁਣ ਸਮਾਂ ਮੰਗ ਕਰਦਾ ਹੈ ਕਿ ਕਾਰਪੋਰੇਟਾਂ ਤੋਂ ਮੁਲਕ ਛਡਾਈਏ ਤੇ ਨੇਤਾਵਾਂ ਤੋਂ ਕੁਰਸੀ। ਭਾਰਤ ਛੱਡੋ ਅੰਦੋਲਨ ਅਤੇ ਕੁਰਸੀ ਛੱਡੋ ਅੰਦੋਲਨ ਨਾਲੋ-ਨਾਲ ਚਲਾਏ ਜਾਣ। ਅੰਬਾਨੀਆਂ, ਅਡਾਨੀਆਂ ਦੀ ਅੰਨ੍ਹੀ ਲੁੱਟ ਤੋਂ ਲੋਕਾਂ ਨੂੰ ਮੁਕਤ ਕਰਵਾਇਆ ਜਾਵੇ। ਇਸ ਨਿਸ਼ਾਨੇ ਦੀ ਪੂਰਤੀ ਲਈ ਕਿਸਾਨ ਆਗੂਆਂ ਨੂੰ ਕੁਝ ਨਾਂਹਦਰੂ ਰੁਝਾਨਾਂ ਤੋਂ ਬਚਣਾ ਹੋਵੇਗਾ। ਜਿਵੇਂ ਸੰਘਰਸ਼ ਕਰ ਰਹੇ ਕਿਸੇ ਵੀ ਗਰੁੱਪ ਵਿਚ ਬਹੁਗਿਣਤੀ ਵਿਚ ਹੋਣ ਕਾਰਨ ਦੂਜਿਆਂ ਤੋਂ ਵੱਡੇ ਹੋਣ ਦਾ ਵਿਚਾਰ ਉਛਾਲੇ ਮਾਰ ਸਕਦਾ ਹੈ। ਬੌਧਿਕ ਤੌਰ 'ਤੇ ਸਭ ਤੋਂ ਸ੍ਰੇਸ਼ਟ ਹੋਣ, ਦੂਜਿਆਂ ਤੋਂ ਵੱਧ ਲੜਾਕੂ ਅਤੇ ਯੁੱਧਨੀਤਕ ਹੋਣ ਦਾ ਵਾਧੂ ਸਵੈ-ਮਾਣ ਪੈਦਾ ਹੋ ਸਕਦਾ ਹੈ। ਸੰਘਰਸ਼ ਦੌਰਾਨ ਮੰਜ਼ਲ ਦੀ ਰੂਪ ਰੇਖਾ ਤੈਅ ਕਰਦਿਆਂ ਮਤਭੇਦ ਆ ਸਕਦੇ ਹਨ। ਵਰਤਮਾਨ ਅੰਦੋਲਨ ਰਾਜਸੀ ਲੋਭੀਆਂ ਤੋਂ ਬਚਾ ਕੇ ਰੱਖਣਾ ਹੋਵੇਗਾ। ਅਕਸਰ ਲਹਿਰ ਵਿਚ ਮਾਰੂ ਤੱਤ ਵੀ ਕਾਰਜਸ਼ੀਲ ਹੋ ਕੇ ਅੰਦੋਲਨ ਨੂੰ ਭਟਕਾਉਣ ਦੀ ਤਾਕ ਵਿਚ ਹੁੰਦੇ ਹਨ। ਅੰਦੋਲਨ ਦੀਆਂ ਜਥੇਬੰਦਕ ਕਮਜ਼ੋਰੀਆਂ ਸਬੰਧੀ ਕਿਸਾਨ ਆਗੂਆਂ ਨੂੰ ਮੁਲਾਂਕਣ ਅਤੇ ਚਿੰਤਨ ਮੰਥਨ ਨਾਲੋ-ਨਾਲ ਕਰਦੇ ਰਹਿਣਾ ਚਾਹੀਦਾ ਹੈ।

ਇਸ ਵੇਲੇ ਰਾਜਸੀ ਪਾਰਟੀਆਂ ਕਿਸਾਨ ਮਸਲਿਆਂ ਪ੍ਰਤੀ ਦਵੰਦ (ਅੰਤਰ-ਵਿਰੋਧਾਤਾਈਆਂ) ਦਾ ਸ਼ਿਕਾਰ ਜਾਪਦੀਆਂ ਹਨ। ਉਪਰੋਂ ਕਹਿ ਕੁਝ ਹੋਰ ਰਹੀਆਂ ਹਨ, ਅੰਦਰੋਂ ਕਰ ਕੁਝ ਹੋਰ ਰਹੀਆਂ ਹਨ। ਅਮਲ ਅਤੇ ਸਿਧਾਂਤ ਵਿਚ ਫ਼ਰਕ ਹੈ। ਲੇਕਿਨ ਕਿਸਾਨ ਆਗੂਆਂ ਵੱਲੋਂ ਇਸ ਤਰ੍ਹਾਂ ਦੇ ਇਤਿਹਾਸਕ ਮੌਕਾ ਮੇਲ ਨੂੰ ਜਥੇਬੰਦਕ ਜਿੱਤ ਵਲ ਪਹੁੰਚਾਇਆ ਜਾ ਸਕਦਾ ਹੈ। ਜਾਨ ਰੀਡ ਦੀ ਪੁਸਤਕ 'ਦਸ ਦਿਨ ਜਿਨ੍ਹਾਂ ਦੁਨੀਆਂ ਹਿਲਾ ਦਿੱਤੀ' ਵਾਂਗ ਇਹ ਵੀ ਸੰਘਰਸ਼ ਦੇ ਇਤਿਹਾਸਕ ਦਿਨ ਹਨ ਜਦੋਂ ਕਿਸਾਨੀ ਵੱਲੋਂ



ਕੇਂਦਰ ਸਰਕਾਰ ਝੰਜੋੜੀ ਜਾ ਸਕਦੀ ਹੈ। ਪਰ ਇਸ ਵੇਲੇ ਕਿਸਾਨ ਅੰਦੋਲਨ ਨੂੰ ਸੰਘਰਸ਼ ਕਰਨ ਵਾਲੇ ਸੈਨਾਪਤੀਆਂ ਅਤੇ ਯੁੱਧਨੀਤਕ ਕਮਾਂਡਰਾਂ ਦੀ ਲੋੜ ਹੋਵੇਗੀ, ਜੋ ਇਸ ਅੰਦੋਲਨ ਨੂੰ ਮੁਕਤੀ ਤੱਕ ਪਹੁੰਚਾ ਸਕਦੇ ਹੋਣ। ਇਹ ਅੰਦੋਲਨ ਦੇਸ਼ ਅੰਦਰ ਰਵਾਇਤੀ ਸਿਆਸਤ ਦੀ ਥਾਂ ਜਮੂਹਰੀ ਸਿਆਸਤ ਲਈ ਨਵਾਂ ਆਧਾਰ ਸਿਰਜ ਸਕਦਾ ਹੈ।

ਇਸ ਆਰ-ਪਾਰ ਦੀ ਲੜਾਈ ਵਿਚ ਕਿਸਾਨ ਆਗੂ ਸਿਰਫ਼ ਕੇਂਦਰੀ ਕਾਨੂੰਨਾਂ ਨੂੰ ਰੱਦ ਕਰਨ ਤੱਕ ਸੀਮਤ ਨਾ ਰਹਿਣ ਬਲਕਿ ਕੇਂਦਰ ਸਰਕਾਰ ਅਤੇ ਵਰਤਮਾਨ ਨਿਜ਼ਾਮ ਨੂੰ ਬਿਲਕੁਲ ਰੱਦ ਕਰਨ ਲਈ ਯੁੱਧੀਨੀਤੀ ਵੀ ਘੜ ਸਕਦੇ ਹਨ। ਇਸ ਵੇਲੇ ਕਿਸਾਨ, ਮਜ਼ਦੂਰ, ਦਲਿਤ ਅਤੇ ਛੋਟੇ ਦੁਕਾਨਦਾਰਾਂ ਦਾ ਇਕ ਸਾਂਝਾ ਪਲੇਟਫਾਰਮ ਉਸਰਦਾ ਨਜ਼ਰ ਆ ਰਿਹਾ ਹੈ। ਕਿਸਾਨਾਂ ਵੱਲੋਂ ਉਸਾਰਿਆ ਸਾਂਝਾ ਪਲੇਟਫ਼ਾਰਮ ਰਾਜਸੀ ਪਾਰਟੀਆਂ ਦੇ ਸਾਲ 2022 ਦੇ ਸੱਤਾਵਾਦੀ ਮਿਸ਼ਨ ਨੂੰ ਬਾਏ-ਬਾਏ ਵੀ ਆਖ ਸਕਦਾ ਹੈ। ਹੁਣ ਵਕਤ ਹੈ ਜਦੋਂ ਸਿਆਸੀ ਪਾਰਟੀਆਂ ਨੂੰ ਕਿਸਾਨਾਂ ਦੇ ਵਿਸ਼ਾਲ ਏਕੇ ਰਾਹੀਂ ਜਥੇਬੰਦਕ ਹੋਂਦ ਦਰਸਾਈ ਜਾ ਸਕਦੀ ਹੈ। ਕਿਸਾਨੀ ਸੰਘਰਸ਼ ਨੂੰ ਸਮਾਜਿਕ ਤਬਦੀਲੀ ਕਰਨ ਲਈ ਕੁਝ ਅਹਿਦ ਕਰਨੇ ਹੋਣਗੇ ਅਤੇ ਜੀਵਨ ਸ਼ੈਲੀ ਵਿਚ ਵੱਡੀਆਂ ਤਬਦੀਲੀਆਂ ਕਰਨੀਆਂ ਜ਼ਰੂਰੀ ਜਾਪਦੀਆਂ ਹਨ। ਜਿਵੇਂ ਕਿਸਾਨੀ ਨੂੰ, ਕੁਦਰਤੀ ਪੱਖੀ, ਮਨੁੱਖਤਾ ਪੱਖੀ ਅਤੇ ਸਾਂਝੀ ਖੇਤੀ ਬਣਾਉਣ ਲਈ ਪਹਿਲਕਦਮੀ ਕਰਨੀ ਹੋਵੇਗੀ। ਕਿਸਾਨਾਂ ਨੂੰ ਕਾਰਪੋਰੇਟਾਂ ਦੀ ਖ਼ਪਤ ਮੰਡੀ ਤੋਂ ਬਚਾਉਂਦਿਆਂ, ਆਰਥਕ ਲੋੜਾਂ ਦੀ ਪੂਰਤੀ ਉਪਰੰਤ ਸਾਦਗੀ ਭਰਪੂਰ ਜੀਵਨ ਜਾਚ ਨੂੰ ਪਹਿਲ ਦੇਣੀ ਹੋਵੇਗੀ। ਪੱਛਮੀ ਜੀਵਨ ਸ਼ੈਲੀ ਵਿਚੋਂ ਆਏ ਵਿਗਾੜਾਂ ਨੂੰ ਛੱਡਦਿਆਂ, ਪੂਰਬੀ ਰਹਿਤਲ ਦੀ ਅਮੀਰ ਵਿਰਾਸਤ ਨੂੰ ਅੰਗੀਕਾਰ ਕਰਨਾ ਹੋਵੇਗਾ। ਖੇਤਾਂ ਵਿਚ ਵਰਤੀ ਜਾਣ ਵਾਲੀ ਮਸ਼ੀਨਰੀ ਅਤੇ ਕੋਠੀਆਂ, ਕਾਰਾਂ, ਵਿਆਹ, ਮਰਨਿਆਂ ਸਮੇਂ ਸੰਜਮ ਦਾ ਨਵਾਂ ਨਰੋਆ ਢੰਗ ਤਰੀਕਾ ਅਪਣਾਉਣਾ ਪਵੇਗਾ। ਇਸ ਵੇਲੇ ਤਕਨੀਕ ਅਤੇ ਮਸ਼ੀਨ ਦੀ ਭਰਮਾਰ ਰਾਹੀਂ ਕਿਰਤੀ ਵਰਗ ਨੂੰ ਕਿਰਤ ਸਭਿਆਚਾਰ ਤੋਂ ਤੋੜਿਆ ਜਾ ਰਿਹਾ ਹੈ। ਕਿਸਾਨਾਂ ਨੂੰ ਕੰਮ ਸੱਭਿਆਚਾਰ ਨਾਲ ਪੂਰੀ ਤਰ੍ਹਾਂ ਜੁੜਨਾ ਹੋਵੇਗਾ। ਖੇਤੀ ਨਾਲ ਸਬੰਧਤ ਉਦਯੋਗਾਂ ਦੀ ਸ਼ੁਰੂਆਤ ਕਰਨੀ ਹੋਵੇਗੀ। ਮੁੱਖ ਦੁਸ਼ਮਣ ਦੀ ਪਛਾਣ ਕਰਦਿਆਂ ਸੰਘਰਸ਼ਮਈ ਵਰਗਾਂ ਨਾਲ ਭਾਈਚਾਰਾ ਉਸਾਰਨਾ ਹੋਵੇਗਾ। ਇਸ ਵਿਚ ਕਿਸਾਨਾਂ, ਮਜ਼ਦੂਰਾਂ, ਛੋਟੇ ਦੁਕਾਨਦਾਰਾਂ ਅਤੇ ਆੜ੍ਹਤੀਆਂ ਦੀ ਸ਼ਮੂਲੀਅਤ ਹੋ ਸਕਦੀ ਹੈ। ਰੇਹਾਂ, ਸਪਰੇਆਂ ਦੀ ਘੱਟ ਤੋਂ ਘੱਟ ਵਰਤੋਂ ਤੇ ਧੂੰਏਂ ਦਾ ਕੋਈ ਲੋਕ ਪੱਖੀ ਬਦਲ ਸੋਚਣਾ ਹੋਵੇਗਾ, ਪਾਣੀ ਬਚਾਉਣਾ ਹੋਵੇਗਾ।

ਕਿਸਾਨ ਜੱਥੇਬੰਦੀਆਂ ਦੀ ਜ਼ਿੰਮੇਵਾਰੀ ਹੈ ਕਿ ਕਿਸਾਨ ਮੁਕਤੀ ਦਾ ਸਾਂਝਾ ਵਿਧਾਨ ਤੇ ਐਲਾਨਨਾਮਾ ਘੜਿਆ ਜਾਵੇ। ਖੇਤੀ ਵਿਗਿਆਨੀਆਂ ਦੀਆਂ ਸਲਾਹਾਂ ਅਨੁਕੂਲ ਫ਼ਸਲੀ ਚੱਕਰ 'ਚ ਵਿਭਿੰਨਤਾ ਲਿਆਂਦੀ ਜਾਵੇ। ਕਿਸਾਨੀ ਨੂੰ ਖ਼ੁਦਕੁਸ਼ੀਆਂ ਦੇ ਚੱਕਰ ਵਿਚੋਂ ਕੱਢ ਕੇ, ਆਤਮ ਨਿਰਭਰ ਬਣਾਇਆ ਜਾਵੇ। ਕਿਸਾਨ ਵਿਰੋਧੀ ਖੇਤੀ ਬਿਲਾਂ, ਕਿਰਤ ਸਬੰਧੀ ਨਵੇਂ ਕੋਡ ਅਤੇ ਬਿਜਲੀ ਬਿਲ 2020 ਬਣਨ ਨਾਲ ਕਿਰਤੀਆਂ, ਬਿਜਲੀ ਮੁਲਾਜ਼ਮਾਂ ਅਤੇ ਕਿਸਾਨਾਂ ਦਾ ਦੇਸ਼ ਵਿਆਪੀ ਸਾਂਝਾ ਮੋਰਚਾ ਉਸਰ ਸਕਦਾ ਹੈ। ਇਸ ਮੋਰਚੇ ਵਿਚ ਔਰਤ ਵਰਗ, ਘੱਟ ਗਿਣਤੀਆਂ, ਨੌਜਵਾਨ, ਲਿਖਾਰੀ ਅਤੇ ਬਿਜਲੀ ਖੇਤਰ ਦੀਆਂ ਟਰੇਡ ਯੂਨੀਅਨਾਂ ਵੀ ਸ਼ਾਮਿਲ ਹੋ ਸਕਦੀਆਂ ਹਨ। ਕਿਉਂ ਜੋ ਬਿਜਲੀ ਐਕਟ 2020 ਲਾਗੂ ਹੋਣ ਨਾਲ ਕਿਸਾਨ, ਦਲਿਤ ਅਤੇ ਹੋਰਨਾਂ ਵਰਗਾਂ ਨੂੰ ਮਿਲਦੀਆਂ ਸਬਸਿਡੀਆਂ ਖ਼ਤਮ ਹੋਣਗੀਆਂ ਅਤੇ ਹਰ ਖੇਤਰ ਲਈ ਬਿਜਲੀ ਹੋਰ ਮਹਿੰਗੀ ਹੋਵੇਗੀ।

ਵਰਤਮਾਨ ਦੌਰ ਵਿਚ ਹੈਰਾਨੀ ਦੀ ਗੱਲ ਇਹ ਹੈ ਕਿ ਕਾਰਪੋਰੇਟ ਵਰਗ ਅਤੇ ਸਿਆਸੀ ਵਰਗ ਇਕਮਿਕ ਹਨ। ਪਰ ਸੱਚੇ-ਸੁੱਚੇ ਸੰਘਰਸ਼ਸ਼ੀਲ ਲੋਕ ਅਜੇ ਵੀ ਪੂਰੀ ਤਰ੍ਹਾਂ ਇਕਜੁੱਟ ਨਹੀਂ ਹਨ। ਉਨ੍ਹਾਂ ਕੋਲ ਕੋਈ ਵੀ ਸਰਬ ਸਾਂਝਾ ਪ੍ਰੋਗਰਾਮ ਕਿਉਂ ਨਹੀਂ ਹੈ? ਇਸ ਲਈ ਕਿਰਤੀ, ਕਿਸਾਨ ਆਗੂਆਂ ਨੂੰ ਹਾਲਾਤ ਅਨੁਸਾਰ ਪੜ੍ਹਾਕੂ ਪੱਖ ਅਤੇ ਲੜਾਕੂ ਪੱਖ ਦੋਵਾਂ ਨੂੰ ਵਿਕਸਤ ਕਰਨਾ ਹੋਵੇਗਾ। ਵਿਵਾਦ ਦੀ ਥਾਂ ਸੰਵਾਦ ਦੀ ਆਪਸੀ, ਕੌਮੀ ਅਤੇ ਕੌਮਾਂਤਰੀ ਪੱਧਰ ਦੀ ਸ਼ੁਰੂਆਤ ਕਰਨੀ ਹੋਵੇਗੀ।

ਹੁਣ ਤੱਕ ਕਿਸਾਨ ਅੰਦੋਲਨ ਪ੍ਰਤੀ ਕੇਂਦਰ ਸਰਕਾਰ ਅਤੇ ਬਹੁਤੀਆਂ ਸਿਆਸੀ ਪਾਰਟੀਆਂ ਦਾ ਵਤੀਰਾ ਸਹੀ ਨਹੀਂ ਰਿਹਾ। ਪ੍ਰਧਾਨ ਮੰਤਰੀ ਦੀ ਜਨੂੰਨੀ ਪਹੁੰਚ ਕਾਰਨ ਉਸ ਦੀ ਮਸਲਿਆ ਪ੍ਰਤੀ ਪਹੁੰਚ ਕੱਟੜ, ਤਾਨਾਸ਼ਾਹ ਅਤੇ ਸਬਕ ਸਿਖਾਉਣ ਵਾਲੀ ਹੈ। ਇਸ ਅੰਦੋਲਨ ਪ੍ਰਤੀ ਰਾਸ਼ਟਰਪਤੀ ਨੇ ਆਪਣੀ ਦਿੱਬ ਦ੍ਰਿਸ਼ਟੀ ਅਤੇ ਨਿਰਪੱਖ ਪਹੁੰਚ ਨਾ ਦਿਖਾ ਕੇ ਰਾਸ਼ਟਰੀ ਧਰਮ ਨਹੀਂ ਨਿਭਾਇਆ। ਪੰਜਾਬ ਦੇ ਗਵਰਨਰ ਨੇ ਕਿਸਾਨੀ ਦੀਆਂ ਮੰਗਾਂ ਅਤੇ ਉਨ੍ਹਾਂ ਅੰਦਰਲੇ ਵਿਦਰੋਹ ਦੀਆਂ ਸੰਭਾਵਨਾਵਾਂ ਨੂੰ ਕੇਂਦਰ ਅੱਗੇ ਸਹੀ ਸਮੇਂ ਤੇ ਠੀਕ ਤਰੀਕੇ ਨਾਲ ਪੇਸ਼ ਨਹੀਂ ਕੀਤਾ। ਪੰਜਾਬ ਦੀ ਕਾਂਗਰਸ ਪਾਰਟੀ ਨੇ ਤਿੰਨ ਸਮਾਨਾਂਤਰ ਬਿਲ ਲਿਆ ਕੇ ਇਕ ਵਾਰ ਪੰਜਾਬ ਦੇ ਲੋਕਾਂ 'ਚ ਆਪਣੀ ਭੱਲ ਬਣਾ ਲਈ ਹੈ। ਪੰਜਾਬ ਦੀਆਂ ਬਾਕੀ ਸਿਆਸੀ ਪਾਰਟੀਆਂ ਇਕ-ਦੂਜੇ ਦਾ ਵਿਰੋਧ ਵਧੇਰੇ ਕਰ ਕੇ 2020 ਦੀਆਂ ਚੋਣਾਂ ਲਈ ਆਧਾਰ ਬਣਾ ਰਹੀਆਂ ਹਨ। ਉਨ੍ਹਾਂ ਕੋਲ ਕਿਸਾਨ ਮੁਕਤੀ ਲਈ ਕੋਈ ਦਰਸ਼ਨ (ਪ੍ਰੋਗਰਾਮ) ਨਹੀਂ ਹੈ, ਪਰ ਪ੍ਰਦਰਸ਼ਨ ਜ਼ਰੂਰ ਕਰ ਰਹੀਆਂ ਨੇ।

ਆਉਣ ਵਾਲੇ ਸਮੇਂ ਵਿਚ ਸਥਿਤੀ ਅਜਿਹਾ ਮੋੜਾ ਕੱਟ ਸਕਦੀ ਹੈ ਕਿ ਕਿਸਾਨ ਆਗੂਆਂ ਨੂੰ ਸਿਆਸਤ ਵਿਚ ਸਿੱਧਾ ਕੁਦਣਾ ਪੈ ਸਕਦਾ ਹੈ। ਕਿਉਂਜੋ ਭਾਰਤ ਦੇ ਹਾਕਮ ਪ੍ਰਾਪਰਟੀ ਡੀਲਰਾਂ ਵਾਂਗ ਦੋਵੇਂ ਪਾਸਿਓਂ (ਲੋਕਾਂ ਤੋਂ ਵੋਟਾਂ ਰਾਹੀਂ, ਕਾਰਪੋਰੇਟਾਂ ਤੋਂ ਨੋਟਾਂ ਰਾਹੀਂ) ਦਲਾਲੀ ਲੈ ਰਹੇ ਹਨ। ਸੰਘਰਸ਼ ਦੇ ਮੈਦਾਨਾਂ ਵਿਚ ਇਕ ਆਗੂ ਦਾ ਦਰਜਾ ਮਾਪੇ, ਅਧਿਆਪਕ ਅਤੇ ਗੁਰੂ ਤੋਂ ਵੀ ਵੱਡਾ ਹੁੰਦਾ ਹੈ। ਦੂਰ ਦ੍ਰਿਸ਼ਟੀ ਵਾਲਾ ਆਗੂ ਉਹ ਹੁੰਦਾ ਹੈ ਜੋ ਸਭ ਤੋਂ ਪਿਛਲੇ, ਸਭ ਤੋਂ ਕਮਜ਼ੋਰ ਨੂੰ ਵੀ ਆਪਣੇ ਨਾਲ ਤੋਰ ਸਕਦਾ ਹੋਵੇ। ਘੱਟ ਗਿਣਤੀਆਂ ਨੂੰ ਵੀ ਨਾਲ ਲੈ ਸਕਦਾ ਹੋਵੇ, ਦਲਿਤਾਂ, ਦਮਿਤਾਂ ਅਤੇ ਸਮਾਜ ਦੇ ਹੋਰਨਾਂ ਗ਼ਰੀਬ ਤਬਕਿਆਂ ਨੂੰ ਪ੍ਰੇਰਿਤ ਕਰਕੇ, ਆਪਣੇ ਨਾਲ ਤੋਰ ਸਕਦਾ ਹੋਵੇ। ਕਿਸਾਨ ਆਗੂਆਂ ਨੂੰ ਹੁਣ ਨਿੱਜੀ ਤੌਰ 'ਤੇ ਆਪਣਾ ਖੇਤ ਅਤੇ ਸਮੂਹਿਕ ਤੌਰ 'ਤੇ ਆਪਣਾ ਦੇਸ ਦੋਵੇਂ ਬਚਾਉਣ ਦੀ ਅਤੇ ਚੌਕਸ ਰਹਿਣ ਦੀ ਲੋੜ ਹੈ।

ਕੇਂਦਰ ਸਰਕਾਰ ਕਿਸਾਨਾਂ ਦੀ ਜਾਗਰੂਕਤਾ ਤੋਂ ਅਤੇ ਉਨ੍ਹਾਂ ਦੇ ਜਥੇਬੰਦਕ ਸੰਘਰਸ਼ਾਂ ਤੋਂ ਘਬਰਾਹਟ ਵਿਚ ਹੈ। ਉਹ ਧਰਨੇ ਹਟਾਉਣ ਲਈ ਕਈ ਕਿਸਮ ਦੇ ਹਰਬੇ ਵਰਤ ਰਹੀ ਹੈ। ਕਿਸਾਨ ਅੰਦੋਲਨ ਦਾ ਅਕਸ ਵਿਗਾੜ ਰਹੀ ਹੈ। ਕਿਸਾਨੀ ਨੂੰ ਵਿਆਜ ਵਿਚ ਮੁਆਫ਼ੀ ਦੇਣ ਪੱਖੋਂ ਬਾਹਰ ਰੱਖਿਆ ਗਿਆ ਹੈ। ਪਰਾਲੀ ਸਾੜਨ ਬਦਲੇ ਵੱਡਾ ਜੁਰਮਾਨਾ ਐਲਾਨਿਆ ਹੈ। ਇਸ ਦਾ ਇਕੋ-ਇਕ ਕਾਰਨ ਕਿਸਾਨਾਂ ਨੂੰ ਚੁੱਪ ਕਰਾਉਣਾ ਹੈ, ਅੰਦੋਲਨ ਨੂੰ ਦਬਾਉਣਾ ਹੈ। ਪਰ ਕਿਸਾਨ ਜਥੇਬੰਦੀਆਂ ਨੇ 5 ਨਵੰਬਰ ਨੂੰ 20 ਰਾਜਾਂ ਵਿਚ ਚੱਕਾ ਜਾਮ ਕਰਕੇ ਆਪਣੇ ਵਿਦਰੋਹ ਦਾ ਅਹਿਸਾਸ ਕਰਵਾ ਦਿੱਤਾ ਹੈ ਕਿ ਇਹ ਸੰਘਰਸ਼ ਹੁਣ ਦਬਾਇਆਂ ਦੱਬਣ ਵਾਲਾ ਨਹੀਂ, ਲਮਕਾਇਆਂ ਫੇਲ੍ਹ ਹੋਣ ਵਾਲਾ ਨਹੀਂ। ਹੁਣ ਕਿਸਾਨ ਆਗੂ ਕੌਮੀ ਅਤੇ ਕੌਮਾਂਤਰੀ ਹਾਲਾਤ ਨੂੰ ਸਮਝਣ ਦੇ ਸਮਰੱਥ ਹੋ ਗਏ ਹਨ। ਕੇਂਦਰ ਦੀ ਕੋਸ਼ਿਸ਼ ਹੋਵੇਗੀ ਕਿ ਘੱਟ ਤੋਂ ਘੱਟ ਲੈਣ ਦੇਣ ਕਰਕੇ ਇਸ ਨੂੰ ਕੌਮੀ ਸੰਘਰਸ਼ ਨਾ ਬਣਨ ਦਿੱਤਾ ਜਾਵੇ। ਕਿਸੇ ਤਰ੍ਹਾਂ ਦਾ ਪਾੜ ਪਾ ਕੇ ਅੰਦੋਲਨ ਨੂੰ ਸਾਬੋਤਾਜ ਕੀਤਾ ਜਾਵੇ। ਕਿਸਾਨ ਜਥੇਬੰਦੀਆਂ ਦਾ ਇਹ ਅੰਦੋਲਨ ਭਾਰਤੀ ਲੋਕਾਂ ਦੀ ਮੁਕਤੀ ਦੇ ਸੰਘਰਸ਼ ਵਿਚ ਬਦਲਣ ਦੀਆਂ ਸੰਭਾਵਨਾਵਾਂ ਨਾਲ ਭਰਪੂਰ ਹੈ।

# ਪੰਜਾਬ ਦੀ ਖੇਤੀ ਤੇ ਵਾਤਾਵਰਨ ਨੂੰ ਕਿਵੇਂ ਬਚਾਇਆ ਜਾਵੇ?



ਸੁੱਚਾ ਸਿੰਘ ਗਿੱਲ

ਜਿਸ ਸੂਝ ਬੂਝ ਨਾਲ ਕਿਸਾਨ ਲੀਡਰਸ਼ਿਪ ਨੇ ਪਿਛਲੇ ਕੁਝ ਮਹੀਨਿਆਂ ਤੋਂ ਅੰਦੋਲਨ ਚਲਾਇਆ ਹੈ, ਉਸ ਤੋਂ ਇਹ ਆਸ ਬੱਝ ਗਈ ਹੈ ਕਿ ਇਹ ਲੀਡਰਸ਼ਿਪ ਪੰਜਾਬ ਦੇ ਚਾਰ ਦਹਾਕਿਆਂ ਤੋਂ ਚਲੇ ਆ ਰਹੇ ਖੇਤੀ ਸੰਕਟ ਅਤੇ ਨਾਲ ਵਾਤਾਵਰਨ ਵਿਚ ਆਏ ਵਿਗਾੜ ਨੂੰ ਵੀ ਹੱਲ ਕਰਨ ਦੇ ਸਮਰੱਥ ਹੈ। ਇਹ ਆਸ ਬੱਝਣੀ ਸੁਭਾਵਿਕ ਵੀ ਹੈ। ਇਹ ਇਸ ਕਰ ਕੇ ਹੈ ਕਿ ਪਹਿਲੀ ਵਾਰ ਇਹ ਸੰਭਵ ਹੋਇਆ ਹੈ ਕਿ ਸਾਰੀਆਂ ਜਥੇਬੰਦੀਆਂ ਵਲੋਂ ਕਿਸਾਨੀ ਮੁੱਦਿਆਂ ਨੂੰ ਲੈ ਕੇ ਆਪਸੀ ਸਹਿਮਤੀ ਬਣੀ ਅਤੇ ਇਨ੍ਹਾਂ ਮੁਦਿਆਂ ਉਪਰ ਸਫਲ ਅੰਦੋਲਨ ਚਲਾਇਆ ਹੈ। ਇਹ ਜਥੇਬੰਦੀਆਂ ਕੇਂਦਰ ਸਰਕਾਰ ਨਾਲ ਕਿਸਾਨੀ ਮੁੱਦਿਆਂ ਤੇ ਦੋ ਵਾਰ ਗੱਲਬਾਤ ਬੜੀ ਸਿਆਣਪ ਨਾਲ ਕਰ ਸਕੀਆਂ ਹਨ। ਇਸ ਤੋਂ ਇਲਾਵਾ ਪਹਿਲੀ ਵਾਰ ਇਹ ਅੰਦੋਲਨ ਪੰਜਾਬ ਦੀਆਂ ਮੁੱਖ ਸਿਆਸੀ ਪਾਰਟੀਆਂ (ਬੀਜੇਪੀ ਨੂੰ ਛਡ ਕੇ) ਦੀ ਹਮਾਇਤ ਹਾਸਲ ਕਰ ਸਕਿਆ ਹੈ। ਐਸਾ ਘਟਨਾਕ੍ਰਮ ਅਤੇ ਐਸੀਆਂ ਹਾਲਤਾਂ ਪੰਜਾਬ ਵਿਚ ਪਹਿਲੀ ਵਾਰ ਪੈਦਾ ਹੋਈਆਂ ਹਨ ਜਦੋਂ ਕਿ ਕਿਸਾਨ ਲਹਿਰ, ਸਿਆਸੀ ਪਾਰਟੀਆਂ ਅਤੇ ਸਰਕਾਰ ਇਕੋ ਲੜੀ ਵਿਚ ਖੜ੍ਹੇ ਨਜ਼ਰ ਆ ਰਹੇ ਹਨ। ਐਸੀਆਂ ਹਾਲਤਾਂ ਵਿਚ ਕਿਸਾਨੀ ਸੰਕਟ ਦੇ ਹੱਲ ਅਤੇ ਇਸ ਨਾਲ ਜੁੜੇ ਵਾਤਾਵਰਨ (ਖਾਸ ਕਰ ਕੇ ਧਰਤੀ ਹੇਠ ਵਧ ਰਹੀ ਪਾਣੀ ਦੀ ਘਾਟ, ਜ਼ਮੀਨ ਦਾ ਜ਼ਹਿਰੀਕਰਨ ਤੇ ਹਵਾ ਦਾ ਪ੍ਰਦੂਸ਼ਣ) ਦੀਆਂ ਸਮਸਿਆਵਾਂ ਦੇ ਹੱਲ ਹੋਣ ਦੀ ਆਸ ਬੱਝਣੀ ਸੁਭਾਵਿਕ ਹੈ।



ਪੰਜਾਬ ਦੀ ਖੇਤੀ ਅਤੇ ਵਾਤਾਵਰਨ ਅਜ ਘੋਰ ਸੰਕਟ ਦੇ ਸ਼ਿਕਾਰ ਹਨ। ਇਨ੍ਹਾਂ ਦੋਵਾਂ ਸੰਕਟਾਂ ਦਾ ਆਪਸ ਵਿਚ ਗਹਿਰਾ ਸਬੰਧ ਵੀ ਹੈ। ਇਸ ਸਬੰਧ ਨੂੰ ਸਮਝਣ ਤੋਂ ਬਗੈਰ ਨਾ ਤਾਂ ਖੇਤੀ ਨੂੰ ਅਤੇ ਨਾ ਹੀ ਵਾਤਾਵਰਨ ਬਚਾਇਆ ਜਾ ਸਕਦਾ ਹੈ। ਜਦੋਂ 1960ਵਿਆਂ ਵਿਚ ਹਰੀ ਕ੍ਰਾਂਤੀ ਦਾ ਮੁੱਢ ਰਖਿਆ ਗਿਆ ਤਾਂ ਇਸ ਵਿਚ ਕਿਸਾਨਾਂ ਨੂੰ ਨਵੇਂ/ਸੁਧਰੇ ਹੋਏ ਬੀਜ, ਰਸਾਇਣਕ ਖਾਦਾਂ, ਯਕੀਨਨ ਸਿੰਜਾਈ ਅਤੇ ਕੀੜੇਮਾਰ ਦਵਾਈਆਂ ਦਾ ਇਕਠਿਆਂ ਇਸਤੇਮਾਲ ਕਰਨ ਲਈ ਸਲਾਹ ਦਿਤੀ ਗਈ। ਇਸ ਦੇ ਨਾਲ ਕਿਸਾਨਾਂ ਨੂੰ ਪ੍ਰਤੀ ਏਕੜ ਵੱਧ ਝਾੜ ਅਤੇ ਵੱਧ ਮੁਨਾਫੇ ਪ੍ਰਾਪਤ ਕਰਨ ਦਾ ਯਕੀਨ ਪੰਜਾਬ ਖੇਤੀ ਯੂਨੀਵਰਸਿਟੀ ਦੇ ਮਾਹਿਰਾਂ ਅਤੇ ਪੰਜਾਬ ਸਰਕਾਰ ਦੇ ਖੇਤਬਾੜੀ ਵਿਭਾਗ ਦੇ ਮੁਲਾਜ਼ਮਾਂ/ਅਫਸਰਾਂ ਵਲੋਂ ਦਿਤਾ ਗਿਆ। ਇਸ ਧਾਰਨਾਂ ਨੂੰ ਸਰਕਾਰੀ ਰੇਡੀਓ, ਅਖਬਾਰਾਂ ਅਤੇ ਪਿੰਡਾਂ ਵਿਚ ਲਗਾਏ ਸਰਕਾਰੀ ਕੈਂਪਾਂ ਰਾਹੀਂ ਖੂਬ ਪ੍ਰਚਾਰਿਆ ਗਿਆ ਅਤੇ ਪੂਰੀ ਸਫਲਤਾ ਨਾਲ ਲਾਗੂ ਕੀਤਾ ਗਿਆ। ਇਸ ਦੇ 15-20 ਸਾਲ ਕਾਫੀ ਚੰਗੇ ਨਤੀਜੇ ਮਿਲੇ। ਇਸ ਮਾਡਲ ਨਾਲ ਕਿਸਾਨਾਂ ਦੇ ਸਾਰੇ ਵਰਗਾਂ ਨੂੰ ਫਾਇਦਾ ਹੋਇਆ ਪਰ ਛੋਟੇ ਕਿਸਾਨਾਂ ਦੇ

(ਬਾਕੀ ਸਫਾ 22 'ਤੇ)

# ਖਾਲੀ ਥਾਂ ਨਾ ਭਰੋ



ਰਾਮ ਹਰਸਿਮਰਨ ਸਿੰਘ ਐਮ. ਏ
510-355-2040
rhsingh2018@gmail.com

ਬੜੇ ਹੀ ਦਿਨਾਂ ਤੋਂ ਕੁਝ ਵੀ ਨਹੀਂ ਲਿਖ ਹੋ ਰਿਹਾ ਸੀ, ਕਲਮ ਫੜਦਾ ਸੀ, ਕੁਝ ਅੱਖਰ ਲਿਖਦਾ ਸੀ ਤੇ ਮਜ਼ਾ ਜਿਹਾ ਨਹੀਂ ਆਉਂਦਾ ਸੀ। ਇੰਝ ਪ੍ਰਤੀਤ ਹੁੰਦਾ ਸੀ ਜਿਵੇਂ ਪਿਆਸ ਤਾਂ ਲੱਗੀ ਨਹੀਂ, ਪਰ ਪਾਣੀ ਦੇ ਗਿਲਾਸ ਗਟਾ-ਗਟ ਪੀ ਰਿਹਾ ਹਾਂ। ਮੈਨੂੰ ਲੱਗਦਾ ਸੀ ਕਿ ਮੈਂ ਜਦੋਂ ਵੀ ਕਲਮ ਫੜਦਾ ਹਾਂ ਤਾਂ ਕੁਝ ਨਾ ਕੁਝ ਲਿਖ ਹੀ ਦਿੰਦਾ ਹਾਂ। ਪਰ ਇਹ ਪਹਿਲੀ ਵਾਰ ਹੋਇਆ ਜਿਵੇਂ ਅੱਖਰ 'ਰੁਲ' ਗਏ ਹੋਣ। ਕੁਝ ਨਾ ਸੁੱਝਦਾ ਹੋਇਆ ਮਹਿਸੂਸ ਹੋਇਆ, ਹਾਰ ਕੇ ਸ. ਬਲਬੀਰ ਸਿੰਘ ਐਮ. ਏ. ਹੁਰਾਂ ਨੂੰ ਸਵੇਰੇ ਹੀ 7 ਕੁ ਵਜੇ ਫੋਨ ਕਰ ਲਿਆ। ਕੁਝ ਇੱਧਰ-ਉੱਧਰ ਦੀਆਂ ਗੱਲਾਂ ਕਰਦਾ ਰਿਹਾ। ਆਖਿਰਕਾਰ ਪੁੱਛ ਲਿਆ, 'ਉਸਤਾਦ ਜੀ, ਪਤਾ ਨਹੀਂ ਕੀ ਗੱਲ, ਕੁਝ ਲਿਖ ਨਹੀਂ ਹੋ ਰਿਹਾ, ਮੈਂ ਕਈ ਵਾਰੀ ਇਕੋ ਸਾਹੇ 10-15 ਪੰਨੇ ਲਿਖ ਮਾਰਦਾ ਸੀ ਤੇ ਮਜ਼ਾ ਵੀ ਆਉਂਦਾ ਸੀ। ਕਹਿੰਦਾ ਹੁੰਦਾ ਸੀ, ਬੱਸ ਕਰਾਂ ਹੁਣ, ਇਹ ਜ਼ਿਆਦਾ ਲੰਮਾ ਹੋ ਜਾਵੇਗਾ। ਪਰ ਹੁਣ ਕਲਮ ਧੱਕੇ ਨਾਲ ਵੀ ਨਹੀਂ ਚੱਲਦੇ। ਜੇ 2-3 ਪੰਨੇ ਵੀ ਲਿਖਦਾ ਹਾਂ ਤਾਂ ਇੰਝ ਜਾਪਦਾ ਹੈ ਕਿ ਕਿਸੇ ਸਰਕਾਰੀ ਬਾਬੂ ਨੇ ਛੁੱਟੀਆਂ ਪੂਰੀਆਂ ਕਰਨ ਲਈ ਖਾਨਾਪੂਰਤੀ ਰਜਿਸਟਰ ਭਰਿਆ ਹੋਇਆ ਹੋਵੇ।

ਸ. ਬਲਬੀਰ ਸਿੰਘ ਐਮ. ਏ. ਹੁਰਾਂ ਨੇ 70 ਦੇਸ਼ਾਂ ਦੀ ਸੈਰ, 10 ਕਿਤਾਬਾਂ, ਤੇ ਚਾਰ-ਪੰਜ ਅਖ਼ਬਾਰਾਂ ਕੱਢਣ ਤੋਂ ਬਾਅਦ ਸਹਿਜੇ ਹੀ ਆਖ ਦਿੱਤਾ, ''ਕਾਕਾ, ਕੋਈ ਨੀ ਕਦੀ-ਕਦੀ ਖਾਲੀ ਵੀ ਰਹਿਣ ਦੇਣਾ ਚਾਹੀਦਾ ਹੈ, ਉਦੋਂ ਹੀ ਲਿਖਣਾ ਚਾਹੀਦਾ ਹੈ, ਜਦੋਂ ਮਨ ਇਕਾਗਰ ਹੋਵੇ ਤੇ ਕਲਮ ਆਪ ਮੁਹਾਰੇ ਲਿਖੇ, ਮੈਂ ਆਪਣੀ ਅਖ਼ਬਾਰ ਵਿਚ ਮਨਚਾਹਿਆ ਨਹੀਂ ਛਾਪਦਾ। ਕੋਈ ਗੱਲ ਨਹੀਂ, ਥੋੜ੍ਹਾ ਚਿਰ ਕੁਝ ਨਾ ਲਿਖ।'

ਮੈਨੂੰ ਜਿਵੇਂ ਇੱਕਦਮ ਕੁਝ ਠੰਢਕ ਮਿਲੀ, ਕਿਸੇ ਪੁਰਾਣੇ ਪ੍ਰਸ਼ਨ ਦਾ ਉਤਰ ਮਿਲ ਗਿਆ ਹੋਵੇ, ਫੋਨ ਕੱਟਦਿਆਂ ਹੀ ਮਨ ਬਿਲਕੁਲ ਸਾਫ ਹੋ ਗਿਆ ਕਿ ਮੇਰੇ ਨਾਲ ਹੋਇਆ ਕੀ ਸੀ? ਮੈਂ ਸੋਚਣਾ ਛੱਡ ਦਿੱਤਾ। ਅਗਲੇ ਦੋ-ਤਿੰਨ ਦਿਨਾਂ ਬਾਅਦ ਫਿਰ ਲਿਖਣ ਨੂੰ ਜੀਅ ਕਰ ਆਇਆ। ਇਹ ਉਹੀ 'ਜੀਅ' ਸੀ, ਜਿਹੜਾ ਰਾਤ ਦੇ ਦੋ ਵਜੇ ਤੱਕ ਵੀ ਲਿਖਣ ਲਈ ਮਜਬੂਰ ਕਰ ਛੱਡਦਾ ਸੀ।

'ਖਾਲੀ ਥਾਂ' ਭਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਇੱਕਦਮ ਖਿਆਲ ਆਇਆ, ਇਹ ਖਾਲੀ ਥਾਂ ਕਿੰਨੀ ਜ਼ਰੂਰੀ ਹੈ। ਬ੍ਰਹਿਮੰਡ ਤੋਂ ਲੈ ਕੇ ਅੰਦਰ ਦੀ ਦੁਨੀਆਂ ਤੱਕ ਕਿੰਨਾ ਕੁਝ ਖਾਲੀ ਹੀ ਤਾਂ ਹੈ, ਕਿੰਨੀ 'ਸ਼ਾਂਤੀ' ਹੈ। ਜੇ ਵੇਖਿਆ ਜਾਵੇ ਤਾਂ ਸੂਰਜ, ਧਰਤੀ, ਚੰਦ, ਤਾਰੇ ਸਾਰੇ ਕਿੰਨੀ-ਕਿੰਨੀ ਦੂਰ ਹਨ। ਕਿੰਨੀ ਖਾਲੀ ਥਾਂ ਹੈ ਇਹਨਾਂ ਵਿਚ ਠੰਡੀ, ਕਾਲੀ, ਚੁੱਪ, ਸ਼ਾਂਤ ਖਾਲੀ ਥਾਂ। ਤਾਰੇ ਅਰਬਾਂ-ਖਰਬਾਂ ਰੌਸ਼ਨੀ ਸਾਲ ਦੂਰ ਹਨ। ਜੇ ਇਹ ਖਾਲੀ ਥਾਂ ਨਾ ਹੋਵੇ, ਇਹਨਾਂ ਵਿਚ ਤਾਂ ਕੀ ਬਣੇਗਾ। ਚੰਦ ਧਰਤੀ ਨਾਲ ਕਿੰਨਾ ਪਿਆਰ ਕਰਦਾ ਹੈ, ਹਰ ਵਕਤ ਇਰਦ-ਗਿਰਦ ਹੀ ਰਹਿੰਦਾ ਹੈ ਪਰ ਇਕ ਦੂਰੀ ਹਮੇਸ਼ਾ ਹੀ ਬਣਾਈ ਰੱਖਦਾ ਹੈ। ਇਕ ਖਾਲੀ ਥਾਂ ਜਿਹੜੀ ਕਿ ਇਸਨੇ ਕਦੀ ਵੀ ਨਹੀਂ ਭਰੀ। ਨਾ ਹੀ ਕਦੇ ਭਰੇਗਾ।

ਮੇਰਾ ਮਨ ਖਾਲੀ ਹੈ, ਮੇਰਾ ਮਨ ਬਿਲਕੁਲ ਸ਼ਾਂਤ ਹੈ, ਮੇਰਾ ਮਨ ਬਿਲਕੁਲ ਤਾਜ਼ਾ ਹੈ। ਜੇਕਰ ਤੁਸੀਂ ਰੋਜ਼ ਇਕ ਜਾਂ ਦੋ ਵਾਰੀ ਵੀ ਆਪਣੇ ਆਪ ਨੂੰ ਕਹੋਗੇ ਤਾਂ ਇਹ ਵਾਰਤਾਲਾਪ ਤੁਹਾਡੀ ਸਮਝ ਵਿਚ ਆਵੇਗੀ। ਤੁਸੀਂ ਪੜ੍ਹਦੇ-ਪੜ੍ਹਦੇ ਹੁਣੇ ਰੁਕੋ। ਤੇ ਕਹੋ, ਇੱਕਲਾ ਕਹਿਣਾ ਹੀ ਨਹੀਂ, ਮਹਿਸੂਸ ਵੀ ਕਰਨਾ ਹੈ, ਜਿਵੇਂ ਖਾਲੀ ਤੇ ਭਾਰੇ ਵਿਚ ਅੰਤਰ ਹੈ। ਹੁਣ ਕਹੋ, ਮੇਰਾ ਮਨ ਬਿਲਕੁਲ ਸ਼ਾਂਤ ਤੇ ਖਾਲੀ ਹੈ। ਤੁਸੀਂ ਇੱਕਦਮ ਹਲਕਾ ਮਹਿਸੂਸ ਕਰੋਗੇ। ਜਿਵੇਂ ਇਕ ਕੰਪਿਊਟਰ ਵਿਚ ਫਾਈਲਾਂ ਖੋਲ੍ਹੀ ਚੱਲੋ, ਇਕ ਤੋਂ ਬਾਅਦ ਇਕ ਹੋਰ, ਉਹ 'ਹੈਂਗ' ਹੋ ਜਾਵੇਗਾ, ਮਤਲਬ ਕੰਮ ਕਰਨਾ ਬੰਦ ਕਰ ਦੇਵੇਗਾ ਜਾਂ ਫਿਰ ਉਸਦੀ ਗਤੀ ਹੌਲੀ ਹੋ ਜਾਵੇਗੀ। ਇਸੇ ਤਰ੍ਹਾਂ ਜਦੋਂ ਸਾਡੀ ਜ਼ਿੰਦਗੀ ਵਿਚ ਸਾਰਾ ਥਾਂ, ਹਰ ਨੁੱਕਰ ਭਰ ਜਾਂਦੀ ਹੈ ਤਾਂ ਸਾਡਾ ਦਿਮਾਗ ਵੀ 'ਹੈਂਗ' ਹੋ ਜਾਂਦਾ ਹੈ। ਇਕ ਵਾਰੀ ਇਹਨੂੰ ਖਾਲੀ ਕਰਕੇ ਤਾਂ ਦੇਖੋ। ਚਿੰਤਾਵਾਂ ਕੀ ਹਨ? ਇਕ ਤੋਂ ਬਾਅਦ ਇਕ ਸੋਚ, ਲੰਮੀ ਲੜੀ ਚੱਲੀ ਜਾਂਦੀ ਹੈ। ਇਹਨਾਂ ਸਾਰੀਆਂ ਨੂੰ ਇੱਕਦਮ ਖਾਲੀ ਕਰ ਦਿਓ, ਕੁਝ ਵੀ ਨਾ ਸੋਚੋ। ਨਾ ਬੁਰਾ ਨਾ ਚੰਗਾ। ਬਿਲਕੁਲ ਸੋਚ ਰਹਿਤ, ਜੇਕਰ ਕੁਝ ਸਕਿੰਟ ਵੀ ਇਸ ਤਰ੍ਹਾਂ ਕਰ ਗਏ ਤਾਂ ਸਮਝ ਲਵੋ, ਇਸ ਲੇਖ ਦਾ ਸਾਰ ਸਮਝ ਲਿਆ। ਆਪਣੇ ਦਿਮਾਗ ਨੂੰ ਖਾਲੀ ਕਰਨਾ, ਇਸਦਾ ਇਹ ਮਤਲਬ ਨਹੀਂ ਕਿ ਕੁਝ ਵੀ ਨਾ ਕਰੋ। ਸਭ ਕੁਝ ਕਰੋ, ਪਰ ਸੁੱਤੇ-ਸਿੱਧ, ਜਿਵੇਂ ਪਾਣੀ ਦਾ ਵਹਾਅ, ਜਿਵੇਂ ਫੁੱਲਾਂ ਦਾ ਖਿੜਨਾ, ਜਿਵੇਂ ਇਕਦਮ ਹੱਸਣਾ, ਜਿਵੇਂ ਸਾਹਾਂ ਦਾ ਚੱਲਣਾ, ਜਿਵੇਂ ਅੱਖਾਂ ਦਾ ਚਪਕਣਾ ਤੇ ਜਿਵੇਂ ਧਰਤੀ ਦਾ ਘੁੰਮਣਾ।

ਆਪਣੇ ਪਰਿਵਾਰਕ ਰਿਸ਼ਤਿਆਂ ਵਿਚੋਂ ਵੀ ਭਾਰ ਥੋੜ੍ਹਾ ਹੋਲਾ ਕਰੋ। ਕਿਉਂ ਹਰ ਇਕ ਰਿਸ਼ਤੇ ਦੀ ਜ਼ਿੰਮੇਵਾਰੀ ਤੁਸੀਂ ਚੁੱਕੀ ਹੋਈ ਹੈ? ਪੰਛੀਆਂ ਕੋਲੋਂ ਸਿੱਖ ਲਵੋ, ਜਿੰਨਾ ਚਿਰ ਬੱਚੇ ਉੱਡਣ ਜੋਗੇ ਨਹੀਂ ਹੋ ਜਾਂਦੇ, ਉਨਾ ਚਿਰ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਵੀ, ਉਹਨਾਂ ਦੀ ਦੇਖਭਾਲ ਕਰਦੇ ਹਨ। ਪਰ ਇਕ ਵਾਰੀ 'ਪਰ' ਨਿਕਲੇ, ਕਦੀ ਪਿੱਛੇ ਮੁੜ ਕੇ ਨਹੀਂ ਵੇਖਦੇ, ਆਲ੍ਹਣੇ ਵੀ ਖਾਲੀ ਤੇ ਉਹਨਾਂ ਦੇ ਮਨ ਵੀ ਖਾਲੀ। ਅੱਛਾ, ਜੇਕਰ ਪੰਛੀ ਕਹਿੰਦਾ ਕਿ ਅਸੀਂ ਹੀ ਸਾਰੀ ਉਮਰ ਇਹਨਾਂ ਨੂੰ ਖੁਆਉਣਾ ਹੈ, ਆਲ੍ਹਣੇ ਦੇ ਵਿਚ ਹੀ, ਕਾਹਦੀ ਜ਼ਿੰਦਗੀ ਹੈ ਇਹ? ਉਹ ਬੱਚੇ ਕਦੀ ਵੀ ਨਹੀਂ ਉਡਣਾ ਸਿੱਖ ਸਕਦੇ। ਸਗੋਂ ਜਿਹੜਾ ਬੱਚਾ ਡਰਦਾ ਹੈ, ਉਹ ਉਸਨੂੰ ਵੀ ਧੱਕਾ ਮਾਰ ਦਿੰਦੇ ਹਨ ਤਾਂ ਕਿ ਡਿੱਗਦਾ-ਢਹਿੰਦਾ ਉਡਣਾ ਸਿੱਖ ਜਾਵੇ। ਆਪਣੇ ਮਨ, ਰਿਸ਼ਤਿਆਂ ਦੇ ਭਾਰ ਤੋਂ ਖਾਲੀ ਕਰੋ। ਸਭ ਕੁਝ ਅਸੀਂ ਠੀਕ ਨਹੀਂ ਕਰ ਸਕਦੇ ਤੇ ਸਭ ਕੁਝ ਠੀਕ ਹੋ ਵੀ ਨਹੀਂ ਸਕਦਾ, ਕਿਉਂਕਿ ਇਹ ਕੁਦਰਤ ਦਾ ਨਿਯਮ ਹੈ।

ਜੇਕਰ ਕੋਈ ਕਮਰਾ ਨੱਕੋ-ਨੱਕ ਭਰਿਆ ਹੋਵੇ, ਸਾਡਾ ਮਨ ਉਸ ਕਮਰੇ ਵਿਚ ਜਾਣ ਨੂੰ ਨਹੀਂ ਕਰਦਾ, ਅਸੀਂ ਕਹਿੰਦੇ ਹਾਂ, ਕਿੰਨਾ ਕੂੜਾ ਕੱਠਾ ਕੀਤਾ ਹੋਇਆ। ਪੁਰਾਣੇ ਸਮਿਆਂ ਵਿਚ ਘਰ ਥੱਲੇ ਬਣੇ ਹੁੰਦੇ ਸੀ, ਵਿਹੜੇ ਖੁੱਲ੍ਹੇ ਹੁੰਦੇ ਸੀ, ਜਿੱਥੇ ਬਹੁਤ ਸਾਰੀ ਖਾਲੀ ਥਾਂ ਹੁੰਦੀ ਸੀ। ਖਾਲੀ ਵਿਹੜਾ ਦੇਖ ਕੇ ਹੀ ਮਨ, ਖੁੱਲ੍ਹਾ-ਖੁੱਲ੍ਹਾ ਮਹਿਸੂਸ ਕਰਦਾ ਸੀ। ਹੁਣ ਵਿਹੜੇ ਵੀ ਛੋਟੇ ਹੋ ਗਏ ਤੇ ਮਨ ਵੀ ਨੱਕੋ-ਨੱਕ ਭਰ ਗਏ, ਸੋਚਾਂ ਨਾਲ।

ਜੇ ਸੋਚੀਏ ਤਾਂ ਪਤਾ ਲੱਗਦਾ ਹੈ ਕਿ ਮਨ ਪਿਛਲੀਆਂ ਕੁਝ ਯਾਦਾਂ ਨੂੰ ਸਮੋਈ ਬੈਠਾ ਹੈ ਤੇ ਉਹਨਾਂ 'ਤੇ ਆਧਾਰਿਤ ਹੀ ਕਿਸੇ ਨੂੰ ਚੰਗਾ ਤੇ ਕਿਸੇ ਨੂੰ ਬੁਰਾ ਬਣਾਈ ਬੈਠਾ ਹੈ। ਕਿਸੇ ਪ੍ਰਤੀ ਚੰਗੀਆਂ ਯਾਦਾਂ ਤੇ ਉਹ ਸਾਡਾ ਪਿਆਰਾ ਹੈ ਤੇ ਕਿਸੇ ਪ੍ਰਤੀ ਬੁਰੀਆਂ ਜਾਂ ਦਰਦ ਦੇਣ ਵਾਲੀਆਂ ਹਨ, ਤੇ ਉਹ ਸਾਡਾ ਦੁਸ਼ਮਣ।

ਇਹ ਗੱਲ ਬੜੀ ਮਜ਼ੇਦਾਰ ਹੈ। ਪਰ ਜੇਕਰ ਅਸੀਂ ਕੁਝ ਦੇਰ ਲਈ ਯਾਦਾਂ ਨੂੰ ਮਨਫੀ ਕਰ ਦੇਈਏ। ਫਿਰ ਦੱਸੋ ਕਿੱਥੇ ਹੈ ਦੋਸਤ ਤੇ ਕਿੱਥੇ ਹੈ ਦੁਸ਼ਮਣ। ਇਸੇ ਨੂੰ ਸਮਝਾਉਣ ਲਈ 'ਬਾਬੇ ਨਾਨਕ ਜੀ' ਨੇ ਗੱਲ 'ਇੱਕ' ਤੋਂ ਸ਼ੁਰੂ ਕੀਤੀ ਸੀ। ਸਿਰਫ ਇਕ ਹੀ, ਨਾ ਕੋਈ ਅੱਗੇ, ਨਾ ਕੋਈ ਪਿੱਛੇ। ਪੁਰਾਣੀਆਂ ਯਾਦਾਂ ਹੀ ਸਾਨੂੰ ਦੱਸਦੀਆਂ ਹਨ, ਕੌਣ ਚੰਗਾ ਹੈ ਤੇ ਕੌਣ ਬੁਰਾ। ਪਰ ਜੇ ਯਾਦਾਂ ਕੱਢ ਦਿਓ, ਮਨ ਖਾਲੀ ਕਰ ਦਿਓ ਤਾਂ ਪਿੱਛੇ ਕੁਝ ਨਹੀਂ ਬਚਦਾ, ਸਿਵਾਏ 'ਸ਼ਾਂਤੀ' ਦੇ। ਜਿਹਨੂੰ ਸਾਰੀ ਦੁਨੀਆਂ ਲੱਭਦੀ ਕਮਲੀ ਹੋਈ ਪਈ ਆ।

ਸਰੀਰ ਕਹਿੰਦੇ ਪੰਜ ਤੱਤਾਂ ਦਾ ਬਣਿਆ ਹੋਇਆ ਹੈ- ਪਾਣੀ, ਅੱਗ, ਧਰਤੀ, ਹਵਾ ਅਤੇ ਆਕਾਸ਼। ਚਾਰ ਤੱਤ ਤਾਂ ਦਿਖ ਵੀ ਸਕਦੇ, ਤੇ ਮਹਿਸੂਸ ਵੀ ਕੀਤੇ ਜਾ ਸਕਦੇ, ਪਰ 'ਆਕਾਸ਼' ਕਿਵੇਂ ਮਹਿਸੂਸ ਕਰੋਗੇ। ਆਕਾਸ਼ ਕੀ ਹੈ? ਖਾਲੀ, ਦੂਰ ਤੱਕ ਖਾਲੀ, ਸਾਡੀ ਦਿਸਣ ਸ਼ਕਤੀ ਤੋਂ ਵੀ ਦੂਰ, ਪਰ ਖਾਲੀ। ਜੇ ਸਾਡੇ ਗੁਰੂਆਂ, ਪੀਰਾਂ ਤੇ ਅਜੋਕੀ ਸਾਇੰਸ ਵੀ ਇਹ ਮੰਨਦੀ ਹੈ ਕਿ, ਆਕਾਸ਼ ਤੋਂ ਬਿਨਾਂ ਸਰੀਰ ਸੰਪੂਰਨ ਨਹੀਂ ਹੈ। ਫਿਰ ਅਸੀਂ ਇਸ ਮੂਲ ਗੱਲ ਨੂੰ ਕਿਉਂ ਆਪਣੇ ਤੋਂ ਪਰ੍ਹੇ ਕਰੀ ਬੈਠੇ ਹਾਂ। ਆਕਾਸ਼ ਮਤਲਬ ਕਿ ਬਿਲਕੁਲ ਖਾਲੀ ਥਾਂ। ਜਿੱਥੇ 'ਸੁੰਨ' ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਪਰ ਇਹ 'ਸੁੰਨ' ਦੂਰ-ਦੂਰ ਵੱਡੇ ਤਾਰਿਆਂ ਦੀ ਗਤੀ, ਉਹਨਾਂ ਦਾ ਖਿੰਡਦਾ, ਉਹਨਾਂ ਦਾ ਬਣਨਾ ਤੇ ਪਤਾ ਨਹੀਂ ਹੋਰ ਕਿੰਨਾ ਕੁਝ ਸਮੋ ਲੈਂਦੀ ਹੈ। ਸਾਡਾ ਸੂਰਜ ਮੰਡਲ ਬਹੁਤ ਵੱਡਾ ਪਰ ਗ੍ਰਹਿ ਛੋਟੇ ਹਨ। ਬਹੁਤੀ ਥਾਂ ਖਾਲੀ ਪਈ ਹੋਈ ਹੈ। ਜੇਕਰ ਇਸਨੂੰ ਸਮਝਣਾ ਹੋਵੇ ਤੇ ਇੰਝ ਸਮਝਿਆ ਜਾ ਸਕਦਾ ਹੈ। ਇਕ ਫੁਟਬਾਲ ਦਾ ਮੈਦਾਨ 360 ਫੁੱਟ ਲੰਮਾ ਹੁੰਦਾ ਹੈ ਤੇ ਮੰਨ ਲਓ ਇਕ ਫੁਟਬਾਲ ਇਕ ਸੂਰਜ ਜਿੰਨਾ ਹੈ। ਪਹਿਲਾ ਗ੍ਰਹਿ ਮਰਕਰੀ, ਜਿਸਨੂੰ ਅਸੀਂ ਬੁੱਧ ਵੀ ਕਹਿ ਦਿੰਦੇ ਹਾਂ, ਮਿਰਚ ਦੇ ਇਕ ਦਾਣੇ ਜਿੰਨੀ ਫੁਟਬਾਲ ਤੋਂ 30 ਫੁੱਟ ਦੂਰ ਹੈ। ਉਸ ਤੋਂ ਬਾਅਦ ਵੀਨਸ, ਜਿਸਨੂੰ ਸ਼ੁੱਕਰ ਵੀ ਕਹਿੰਦੇ ਹਾਂ 57 ਫੁੱਟ ਦੂਰ ਇਕ ਪੱਗ ਦੀ ਪਿੰਨ ਦੇ ਸਿਰ ਵਰਗਾ। ਉਸ ਤੋਂ ਬਾਅਦ ਸਾਡੀ 'ਧਰਤੀ' ਸਾਡਾ ਇਸ ਜਨਮ ਦਾ ਘਰ ਤਕਰੀਬਨ ਉਸ ਫੁਟਬਾਲ ਤੋਂ 78 ਫੁੱਟ ਦੂਰ ਮਟਰ ਦੇ ਦਾਣੇ ਤੋਂ ਛੋਟਾ ਤੇ ਇਸਦਾ 'ਚੰਦ' ਜਿਹਨੂੰ ਅਸੀਂ 'ਚੰਦਾ ਮਾਮਾ' ਵੀ ਕਹਿੰਦੇ ਹਾਂ, ਲੂਣ ਦੇ ਦਾਣੇ ਦੇ ਬਰਾਬਰ ਇਸਦੇ ਦੁਆਲੇ ਘੁੰਮਦਾ ਹੈ। ਫਿਰ ਚਲਦੇ-ਚਲਦੇ ਹੋਰ ਦੂਰ-ਦੂਰ ਸਾਰੇ ਗ੍ਰਹਿ ਅਖੀਰਲਾ ਗ੍ਰਹਿ ਜਿਸਨੂੰ 9ਵਾਂ ਗ੍ਰਹਿ ਕਹਿੰਦੇ ਹਾਂ, ਉਹ ਵੀ ਧਰਤੀ ਤੋਂ ਦਸ ਗੁਣਾਂ ਵੱਡਾ। ਤੇ ਉਸ ਫੁਟਬਾਲ ਜਿਸਨੂੰ ਅਸੀਂ ਸੂਰਜ ਮੰਨਿਆ ਸੀ, ਉਸ ਤੋਂ 17.5 ਮੀਲ ਦੂਰ ਜਿਸਨੂੰ ਸੂਰਜ ਦਾ ਇਕ ਚੱਕਰ ਕੱਟਣ ਲਈ 15,000 ਸਾਲ ਲੱਗਦੇ ਹਨ।

ਹੁਣ ਤੁਸੀਂ ਦੱਸੋ ਇੰਨੀ ਖਾਲੀ ਥਾਂ ਹੈ ਆਕਾਸ਼ ਵਿਚ। ਸਾਨੂੰ ਕੁਦਰਤ ਤੋਂ ਸਿੱਖਣਾ ਚਾਹੀਦਾ ਹੈ। ਆਕਾਰ ਵਿਚ ਇੰਨੇ ਛੋਟੇ ਤੇ ਦੂਰ-ਦੂਰ ਪਰ ਫਿਰ ਵੀ ਨਿਰੰਤਰ ਆਪਣੇ ਪਿਆਰੇ 'ਸੂਰਜ' ਦੇ ਦੁਆਲੇ ਘੁੰਮਦੇ ਰਹਿੰਦੇ ਹਨ। ਇਹ ਆਪਣੇ ਵਿਚ ਖਾਲੀ ਥਾਂ ਕਦੀ ਨਹੀਂ ਭਰਦੇ। ਸਾਨੂੰ ਵੀ ਆਪਣੇ ਆਪ ਨੂੰ ਥੋੜ੍ਹਾ ਹਲਕਾ ਕਰਨਾ ਚਾਹੀਦਾ ਹੈ। ਫਾਲਤੂ ਦੀਆਂ ਚਿੰਤਾਵਾਂ ਤੋਂ, ਬੇਵਕੂਫਾਂ ਵਾਲੀਆਂ ਸੋਚਾਂ ਤੋਂ। ਅਸੀਂ ਰਹਿਣਾ ਵੀ ਇੱਕਠੇ ਹੈ, ਜ਼ਿੰਮੇਵਾਰੀਆਂ ਵੀ ਨਿਭਾਉਣੀਆਂ ਹਨ, ਪਰ ਆਪਣੇ ਮਨ ਨੂੰ ਬੋਝ ਨਾਲ ਭਰ ਕੇ ਨਹੀਂ ਬਿਲਕੁਲ ਨਿਸਚਿੰਤ ਤੇ ਖਾਲੀਪਣ ਨਾਲ ਬੰਦਾ ਆਇਆ ਵੀ ਖਾਲੀ ਸੀ ਤੇ ਜਾਣਾ ਵੀ ਖਾਲੀ, ਫਿਰ ਕਿਉਂ ਸਾਰੀ ਉਮਰ ਆਪਣੇ-ਆਪ ਨੂੰ ਦੁਖੀ ਕਰਨਾ।

ਬਿਨਾਂ ਟੀ. ਵੀ. ਬਿਨਾਂ ਫੋਨ, ਬਿਨਾਂ ਕਿਸੇ ਵੀ ਉਸ ਚੀਜ਼ ਦੇ ਜਿਹੜੀ ਕਿ ਤੁਹਾਡੇ ਮਨੋਰੰਜਨ ਦਾ ਸਾਧਨ ਬਣਦੀ ਹੈ, ਸਿਰਫ ਇਕ ਦਿਨ ਲਈ ਦੂਰ ਕਰਕੇ ਵੇਖੋ ਦੁਨੀਆਂ ਕਿੰਨੀ ਸੋਹਣੀ ਹੈ, ਇਹ ਪਸ਼ੂ ਪੰਛੀ ਕਿੰਨੀਆਂ ਸੋਹਣੀਆਂ ਆਵਾਜ਼ਾਂ ਮਾਰਦੇ ਨੇ, ਇਹ ਪਹਾੜ ਕਿੰਨੇ ਵੱਡੇ ਹਨ। ਦੁਨੀਆਂ ਤੇ ਹਰ ਪਾਸੇ ਸੁੱਖ ਹੈ। ਬੱਸ ਇਕ ਸਾਡੇ ਮਨ ਵਿਚ ਚਲਦੇ ਹਜ਼ਾਰਾਂ ਫੁਰਨਿਆਂ ਨੂੰ ਛੱਡ ਕੇ। ਦੁਖੀ ਹੋਣ ਲਈ ਵੀ ਮਨ ਨੂੰ ਸੋਚਣਾ ਪੈਂਦਾ ਹੈ ਤੇ ਸੁਖੀ ਹੋਣ ਲਈ ਵੀ ਤੇ ਜੇਕਰ ਦੋਹਾਂ ਚੀਜ਼ਾਂ ਨੂੰ ਕੁਝ ਚਿਰ ਲਈ ਬੰਦ ਕਰ ਦਿੱਤਾ ਜਾਵੇ ਤੇ ਪਿੱਛੇ ਕੀ ਬਚਦਾ ਹੈ?

ਖਾਲੀ, ਸ਼ਾਂਤੀ, ਸਹਜ, ਆਪਣੇ-ਆਪ ਦੀ ਪਛਾਣ। ਨਿੱਕੇ ਹੁੰਦੇ ਸਵਾਲ ਆਉਂਦੇ ਹੁੰਦੇ ਸੀ 'ਖਾਲੀ ਥਾਂ ਭਰੋ'। ਪਰ ਮੈਂ ਹੁਣ ਕਹਿਣਾ ਕਿ 'ਖਾਲੀ ਥਾਂ ਨਾ ਭਰੋ' ਕਿਤਾਬ ਵਾਲੀ ਨਹੀਂ, ਮਨ ਵਾਲੀ।

# ਕਿਸਾਨ ਘੋਲ ਦੀ ਨਿਵੇਕਲੀ ਇਬਾਰਤ

ਸ਼ਮਸ਼ੇਰ ਸਿੰਘ ਡੂਮੇਵਾਲ

ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਖੇਤੀ ਵਿਰੋਧੀ ਕਾਨੂੰਨਾਂ ਦਾ ਵਿਆਪਕ ਰੋਸ ਲਾਮਿਸਾਲ ਸੰਘਰਸ਼ ਦਾ ਰੂਪ ਅਖ਼ਤਿਆਰ ਕਰ ਕੇ ਦਿੱਲੀ ਦੀਆਂ ਬਰੂਹਾਂ 'ਤੇ ਦਸਤਕ ਦੇ ਚੁੱਕਾ ਹੈ। ਦੇਸ਼ ਦੇ ਕੋਨੇ-ਕੋਨੇ ਤੋਂ ਰੋਹ ਭਰਪੂਰ ਕਾਫ਼ਲੇ ਗੂੰਜਦੇ ਨਾਅਰਿਆਂ ਨਾਲ ਦਿੱਲੀ ਵੱਲ ਜਾ ਰਹੇ ਹਨ। ਕਿਸਾਨਾਂ ਨੂੰ ਹੁਣ ਹਰਿਆਣਾ ਦੀਆਂ ਖਾਪ ਪੰਚਾਇਤਾਂ ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਆਦਿ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਵੀ ਸਹਿਯੋਗ ਮਿਲ ਰਿਹਾ ਹੈ। ਇਨ੍ਹਾਂ ਕਾਫ਼ਲਿਆਂ ਦੀ ਅੰਦਰੂਨੀ ਪੀੜ ਅੰਨਦਾਤੇ ਦੇ ਬੋਲਾਂ 'ਚੋਂ ਪ੍ਰਤੱਖ ਸੁਣਾਈ ਦੇ ਰਹੀ ਹੈ। ਆਰ-ਪਾਰ ਦੀ ਲੜਾਈ ਵਿੱਢੀ ਬੈਠੇ ਇਸ ਠਾਠਾਂ ਮਾਰਦੇ ਸੰਘਰਸ਼ ਅੰਦਰ ਅੱਜ ਉਸ ਪੰਜਾਬ ਦਾ ਕਿਸਾਨ ਮੂਹਰਲੀਆਂ ਸਫ਼ਾਂ 'ਚ ਭੂਮਿਕਾ ਨਿਭਾ ਰਿਹਾ ਹੈ ਜਿਸ ਪੰਜਾਬ ਦੇ ਕਿਸਾਨ ਨੇ ਕਦੇ ਝੋਲੀ ਅੱਡ ਕੇ ਭੀਖ ਮੰਗ ਰਹੇ ਦੇਸ਼ ਦੀ ਝੋਲੀ 'ਚ ਅਨਾਜ ਭਰਿਆ ਸੀ।

ਅੱਜ ਦਹਾਕਿਆਂ ਬਾਅਦ ਦੇਸ਼ ਦੇ ਵਫ਼ਾਦਾਰ ਅੰਨਦਾਤੇ ਪ੍ਰਤੀ ਬੇਵਫ਼ਾ ਹੋਈ ਦਿੱਲੀ ਕਿਰਤ ਵਿਰਤ ਦੇ ਸਿਧਾਂਤ ਦੇ ਪ੍ਰਤੀਕ ਪੰਜਾਬ ਦੇ ਅੰਨਦਾਤੇ ਨੂੰ ਅੱਖਾਂ ਦਿਖਾ ਰਹੀ ਹੈ। ਪੰਜਾਬ ਦਾ ਵਫ਼ਾਦਾਰ ਅੰਨਦਾਤਾ ਜੇ ਹੱਕਾਂ ਪ੍ਰਤੀ ਜ਼ੁਬਾਨ ਖੋਲ੍ਹਦਾ ਹੈ ਤਾਂ ਉਸ ਦੇ ਇਵਜ਼ ਵਿਚ ਅਹਿਲਕਾਰਾਂ ਦੇ ਸਿਪਾਹਸਲਾਰ ਗੁਆਂਢੀ ਸੂਬੇ ਦੀ ਸਾਂਝ ਭਰਪੂਰ ਮਰਿਆਦਾ ਨੂੰ ਛਿੱਕੇ ਟੰਗ ਕੇ ਸ਼ਾਂਤਮਈ ਢੰਗ ਨਾਲ ਦਿੱਲੀ ਤੋਂ ਹੱਕ ਮੰਗਣ ਜਾ ਰਹੇ ਅੰਨਦਾਤੇ ਦੇ ਜਿਸਮ 'ਤੇ ਬੇਖ਼ੌਫ਼ ਡਾਂਗਾਂ ਵਰ੍ਹਾ ਰਹੇ ਹਨ। ਠੰਢੀਆਂ ਯਖ਼ ਰਾਤਾਂ 'ਚ ਅੰਨਦਾਤੇ 'ਤੇ ਪਾਣੀ ਦੀਆਂ ਬੁਛਾੜਾਂ ਅਤੇ ਡਾਂਗਾਂ ਵਰ੍ਹ ਰਹੀਆਂ ਹਨ, ਕੀ।ਲੋਕਤੰਤਰ ਦਾ ਇਹ ਵਰਤਾਰਾ ਇਸ ਹੱਦ ਤਕ ਜਾਇਜ਼ ਹੈ? ਹਾਕਮ ਇਸ ਪ੍ਰਤੀ ਜਵਾਬਦੇਹ ਹੋਣ ਦੀ ਥਾਂ ਆਪਣੇ ਕਾਲੇ ਕਾਨੂੰਨਾਂ ਨੂੰ ਵਾਜਿਬ ਠਹਿਰਾ ਰਹੇ ਹਨ।

ਪੰਜਾਬ ਦੇ ਕਿਸਾਨ ਦੀ ਇਹ ਤਕਦੀਰ ਰਹੀ ਹੈ ਕਿ ਉਸ ਨੂੰ ਖੇਤਾਂ 'ਚ ਮਿੱਟੀ ਨਾਲ ਮਿੱਟੀ ਹੋ ਕੇ ਆਪਣੀ ਤਕਦੀਰ ਲੱਭਣ ਦੇ ਨਾਲ-ਨਾਲ ਸੰਘਰਸ਼ਾਂ ਦੀ ਖੇਤੀ ਕਰ ਕੇ ਵੀ ਆਪਣਾ ਸਵੈਮਾਣ ਅਤੇ ਆਪਣੇ ਹੱਕ ਬਰਕਰਾਰ ਰੱਖਣੇ ਪਏ ਹਨ। ਤਵਾਰੀਖ਼ ਦੇ ਪੰਨੇ ਇਸ ਦੀ ਸ਼ਾਹਦੀ ਭਰਦੇ ਹਨ ਕਿ ਸਦੀਆਂ ਪਹਿਲਾਂ ਇਸ ਮੁਲਕ ਦੀ ਸਰਜ਼ਮੀਨ 'ਤੇ ਲੋਹੇ ਦਾ ਸੁਹਾਗਾ ਬਣ ਕੇ ਚੱਲ ਰਹੇ ਬਾਬਾ ਬੰਦਾ ਸਿੰਘ ਬਹਾਦਰ ਨੇ ਵਾਹੀਕਾਰਾਂ ਨੂੰ ਜ਼ਮੀਨਾਂ ਦੇ ਮਾਲਕੀ ਹੱਕ ਦਿਵਾਏ ਸਨ। ਭੂਮੀ ਸੁਧਾਰਾਂ ਦੇ ਇਸ ਇਤਿਹਾਸਕ ਆਗਾਜ਼ ਨੇ ਬਾਬੇ ਨਾਨਕ ਦੀ ਹੱਥੀਂ-ਕਾਰ ਸਿਧਾਂਤਕ ਪ੍ਰੰਪਰਾ ਨੂੰ ਪ੍ਰਫੁੱਲਿਤ ਕਰਨ 'ਚ ਵਰਣਨਯੋਗ ਵਾਧਾ ਕੀਤਾ ਹੈ। ਅੱਜ ਤੋਂ ਇਕ ਸੌ ਤੇਰਾਂ ਵਰ੍ਹੇ ਪਹਿਲਾਂ 1907 'ਚ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਚਾਚਾ ਸਰਦਾਰ ਅਜੀਤ ਸਿੰਘ ਨੇ ਪਗੜੀ ਸੰਭਾਲ ਜੱਟਾ' ਮੁਹਿੰਮ ਹੇਠ ਕਿਸਾਨੀ ਮੰਗਾਂ ਲਈ ਅਜਿਹਾ ਸੰਘਰਸ਼ ਵਿੱਢਿਆ ਕਿ ਸਿਆਲ ਦੀਆਂ ਰਾਤਾਂ 'ਚ ਬੇਖ਼ੌਫ਼ ਨੱਕੇ ਵੱਢ ਕੇ ਹੋਕਾਂ ਲਾਉਣ ਵਾਲਾ ਕਿਸਾਨ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਗਿਆ। ਪਗੜੀ ਸੰਭਾਲ ਜੱਟਾ ਲਹਿਰ ਇਨਕਲਾਬੀ ਕਵੀ ਲਾਲਾ ਬਾਂਕੇ ਦਿਆਲ (1880-1929) ਦੇ ਗੀਤ ਦੇ ਆਧਾਰ 'ਤੇ ਵਿੱਢੀ ਗਈ ਸੀ। ਇਸ ਦੇ ਬੋਲ ਸਨ ''ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓਏ। ਫ਼ਸਲਾਂ ਨੂੰ ਖਾ ਗਏ ਕੀੜੇ, ਤਨ ਤੇ ਨਹੀਂ ਤੇਰੇ ਲੀੜੇ...।'' ਸ਼ਾਇਦ ਇਹ ਸੌ ਵਰ੍ਹੇ ਪਹਿਲਾਂ ਦਿੱਤੇ ਉਸੇ ਹੋਕੇ ਦਾ ਜਲਵਾ ਹੈ ਕਿ ਮਿੱਟੀ ਨਾਲ ਮਿੱਟੀ ਹੋਏ ਕਿਸਾਨ ਨੂੰ ਆਪਣੇ ਹੱਕਾਂ ਪ੍ਰਤੀ ਪੈਂਦੇ ਡਾਕੇ ਅਤੇ ਕਿਸਾਨ ਤੇ ਕਿਸਾਨੀ ਵਿਰੋਧੀ ਸਾਜ਼ਿਸ਼ਾਂ ਪ੍ਰਤੀ ਸੁਚੇਤ ਰਹਿਣ ਦਾ ਵੀ ਇਲਮ ਰਿਹਾ ਹੈ।

ਸਿੱਖ ਇਤਿਹਾਸ ਦੇ ਨਾਲ-ਨਾਲ ਖੱਬੇ-ਪੱਖੀ ਧਿਰਾਂ ਵੱਲੋਂ ਸਮੇਂ-ਸਮੇਂ ਪੰਜਾਬ ਦੀ ਕਿਸਾਨੀ ਦੀ ਫੜੀ ਜਾ ਰਹੀ ਬਾਂਹ ਨੂੰ ਵੀ ਕਦਾਚਿਤ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਰੂਸ 'ਚ ਲੈਨਿਨ ਵੱਲੋਂ ਕੀਤੇ ਕਿਸਾਨ ਹਿੱਤਾਂ ਦੇ



ਸੰਘਰਸ਼ ਤੇ ਚੀਨ ਮਾਓ ਜ਼ੇ ਤੁੰਗ ਦੀ ਵਿਚਾਰਧਾਰਾ ਨੇ ਪੰਜਾਬ ਅੰਦਰ ਕਮਿਊਨਿਸਟ ਧਿਰਾਂ ਦੀਆਂ ਇਨਕਲਾਬੀ ਤਾਕਤਾਂ ਨੂੰ ਇਸ ਕਦਰ ਵੰਗਾਰਿਆ ਕਿ ਅੱਜ ਤਕ ਦੇ ਕਿਸਾਨ ਸੰਘਰਸ਼ 'ਚ ਇਹ ਧਿਰਾਂ ਸਮਰੱਥਾ ਅਨੁਸਾਰ ਆਪਣਾ ਯੋਗਦਾਨ ਪਾ ਰਹੀਆਂ ਹਨ। ਪੰਜਾਬ ਅੰਦਰ ਕਦੇ ਪੈਪਸੂ ਮੁਜ਼ਾਰਾ ਘੋਲ ਤੇ ਕਦੇ ਹੋਰ ਲਹਿਰਾਂ ਕਿਸਾਨਾਂ ਨੂੰ ਆਪਣੇ ਮੌਲਿਕ ਹੱਕਾਂ ਪ੍ਰਤੀ ਜਾਗਰੂਕ ਕਰਨ ਤੇ ਹੱਕਾਂ ਲਈ ਸੰਘਰਸ਼ ਵਿੱਢਣ ਲਈ ਮਾਰਗਦਰਸ਼ਕ ਸਾਬਤ ਹੋਈਆਂ। ਇਹ ਅੱਡ ਪੱਖ ਹੈ ਕਿ ਕਿਸਾਨ ਨੂੰ ਵੋਟ ਬੈਂਕ ਦੀ ਭੇਟਾ ਚਾੜ੍ਹ ਕੇ ਇਨ੍ਹਾਂ ਦੇ ਬੁਨਿਆਦੀ ਹੱਕਾਂ ਦੀ ਗੱਲ ਕਰਨ ਦੀ ਥਾਂ ਖੇਤਰੀ ਧਿਰਾਂ ਇਸ ਨੂੰ ਸਿਆਸੀ ਢਾਲ ਬਣਾ ਕੇ ਹੀ ਵਰਤਦੀਆਂ ਰਹੀਆਂ ਹਨ। ਅੱਜ ਤਵਾਰੀਖ਼ ਮੁੜ ਆਪਾ ਦੁਹਰਾ ਰਹੀ ਹੈ। ਦੱਬਿਆ-ਲਤਾੜਿਆ ਕਿਸਾਨ ਸਰ ਛੋਟੂ ਰਾਮ (24 ਨਵੰਬਰ 1881-9 ਜਨਵਰੀ 1945) ਦੇ ਉਸ ਖ਼ਾਬ ਨੂੰ ਹਕੀਕਤ ਬਣਾਉਣ ਦਾ ਸੰਕਲਪ ਲੈ ਰਿਹਾ ਹੈ ਜਿਸ ਤਹਿਤ ਉਨ੍ਹਾਂ ਨੇ ਕਿਸਾਨਾਂ ਨੂੰ ਗ਼ੁਲਾਮੀ ਛੱਡ ਕੇ ਮਾਲਕ ਬਣਨ ਦਾ ਹਲੂਣਾ ਦਿੱਤਾ ਸੀ। ਸਰ ਛੋਟੂ ਰਾਮ ਨੇ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਰਾਹਤ ਦਿੰਦਿਆਂ 2 ਸਤੰਬਰ 1938 ਨੂੰ ਸ਼ਾਹੂਕਾਰ ਪੰਜੀਕਰਨ ਐਕਟ-1938 ਲਾਗੂ ਕੀਤਾ ਸੀ।

ਇਸ ਤਹਿਤ ਇਹ ਵਿਵਸਥਾ ਕੀਤੀ ਗਈ ਸੀ ਕਿ ਕੋਈ ਸ਼ਾਹੂਕਾਰ ਬਿਨਾਂ ਪੰਜੀਕਰਨ ਦੇ ਕਿਸੇ ਨੂੰ ਕਰਜ਼ਾ ਨਹੀਂ ਦੇ ਪਾਵੇਗਾ ਤੇ ਨਾ ਹੀ ਕਿਸਾਨਾਂ 'ਤੇ ਮੁਕੱਦਮਾ ਕਰ ਸਕੇਗਾ। ਸਰ ਛੋਟੂ ਰਾਮ ਦੀ ਬਦੌਲਤ 'ਗਿਰਵੀ ਜ਼ਮੀਨਾਂ ਦੀ ਮੁਫ਼ਤ ਵਾਪਸੀ ਐਕਟ-1938' ਕਾਨੂੰਨ ਬਣਿਆ ਸੀ। ਇਸ ਅਧਿਨਿਯਮ ਦੇ ਜ਼ਰੀਏ ਜੋ ਜ਼ਮੀਨਾਂ 8 ਜੂਨ 1901 ਤੋਂ ਬਾਅਦ ਕੁਰਕੀ ਦੁਆਰਾ ਵੇਚੀਆਂ ਗਈਆਂ ਸਨ, ਉਹ ਸਾਰੀਆਂ ਜ਼ਮੀਨਾਂ ਕਿਸਾਨਾਂ ਨੂੰ ਮੁਫ਼ਤ ਦਿਵਾਈਆਂ ਗਈਆਂ ਸਨ। ਇਹ ਵੀ ਸਮੇਂ ਦਾ ਕੌੜਾ ਸੱਚ ਹੈ ਕਿ ਕਿਸਾਨ ਸੰਘਰਸ਼ ਨੂੰ ਸਿਆਸੀ ਮਿਲਾਵਟ ਹਮੇਸ਼ਾ ਖ਼ੋਰਾ ਲਗਾਉਂਦੀ ਰਹੀ ਹੈ।

ਅੱਜ ਕਿਸਾਨ ਇਸ ਪ੍ਰਤੀ ਕਾਫ਼ੀ ਹੱਦ ਤਕ ਜਾਗਰੂਕ ਨਜ਼ਰ ਜ਼ਰੂਰ ਆ ਰਿਹਾ ਹੈ ਪਰ ਸੰਘਰਸ਼ ਅਜੇ ਵੀ ਦੂਰਅੰਦੇਸ਼ੀ ਭਰਪੂਰ ਤਿਆਗ ਭਾਵਨਾ ਦਾ ਸਹਿਯੋਗ ਮੰਗ ਰਿਹਾ ਹੈ। ਅਜਿਹਾ ਕਰਨ 'ਤੇ ਹੀ ਉਨ੍ਹਾਂ ਕਿਰਤੀ ਲੋਕਾਂ ਨੂੰ ਸੁਖਾਲਾ ਹੱਕ ਮਿਲੇਗਾ ਜੋ ਘਰ-ਬਾਰ ਛੱਡ ਕੇ ਸੜਕਾਂ 'ਤੇ ਰਾਤਾਂ ਗੁਜ਼ਾਰ ਰਹੇ ਹਨ। ਉਨ੍ਹਾਂ ਮਾਵਾਂ-ਭੈਣਾਂ ਤੇ ਧੀਆਂ ਦੀਆਂ ਚਿੱਟੀਆਂ ਚੁੰਨੀਆਂ ਨੂੰ ਵੀ ਇਨਸਾਫ਼ ਮਿਲ ਸਕਦਾ ਹੈ ਜਿਨ੍ਹਾਂ ਦੀਆਂ ਹੋਲੀਆਂ ਤੇ ਦੀਵਾਲੀਆਂ ਨੂੰ ਸੂਫ ਮੱਸਿਆ ਡਕਾਰ ਗਈ ਹੈ। ਉਨ੍ਹਾਂ ਮਾਸੂਮ ਬੱਚਿਆਂ ਨਾਲ ਜ਼ਰੂਰ ਇਨਸਾਫ਼ ਹੋਵੇਗਾ ਜੋ ਭੁੱਖਣ-ਭਾਣੇ ਕੁੱਲੀਆਂ 'ਚ ਭਵਿੱਖ ਤਲਾਸ਼ ਰਹੇ ਹਨ। ਪੰਜਾਬ ਦੇ ਜੰਮਿਆਂ ਹਿੱਸੇ ਭਾਵੇਂ ਨਿੱਤ ਮੁਹਿੰਮਾਂ ਹੀ ਆਈਆਂ ਹਨ ਪਰ ਇਸ ਤਾਜ਼ਾ ਮੁਹਿੰਮ ਤੋਂ ਅੱਜ ਹਰ ਕਿਰਤੀ ਆਸਵੰਦ ਹੈ ਕਿ ਦਿੱਲੀ ਦੇ ਕਿੰਗਰੇ ਢਾਹੁਣ ਵਾਲੇ ਇਸ ਸੰਘਰਸ਼ ਨੂੰ ਜ਼ਰੂਰ ਬੂਰ ਪੈ ਸਕਦਾ ਹੈ। ਚੰਗਾ ਹੋਵੇ ਜੇ ਇਸ ਮਸਲੇ ਦਾ ਸੁਖਾਵਾਂ ਹੱਲ ਨਿਕਲ ਆਵੇ। ਆਮੀਨ।

# ਜੋ ਉਪਜਿਓ ਸੋ ਬਿਨਸਿ ਹੈ



ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਾਂਤ ਸੁਭਾਅ ਅਤੇ ਤਿਆਗ ਵਾਲੀ ਬਿਰਤੀ ਦੇ ਮਾਲਕ ਸਨ । ਪਰੰਤੂ ਇਹ ਤਿਆਗ ਵਾਲੀ ਬਿਰਤੀ ਕਿਸੇ ਡਰ ਕਾਰਨ ਜਾਂ ਮਾਨਸਿਕ ਕਮਜ਼ੋਰੀ ਜਾਂ ਸਰੀਰਕ ਕਮਜ਼ੋਰੀ ਕਾਰਨ ਨਹੀਂ ਸੀ ।ਇਹ ਤਿਆਗੀ ਬਿਰਤੀ ਉਨ੍ਹਾਂ ਦੇ ਜਨਮ ਤੋਂ ਹੀ ਉਨ੍ਹਾਂ ਦੇ ਸੰਗ ਸਾਥ ਸੀ । ਉਨ੍ਹਾਂ ਦੇ ਜਨਮ ਸਮੇਂ ਛੇਵੇਂ ਪਾਤਸ਼ਾਹ ਵਲੋਂ ਉਨ੍ਹਾਂ ਦਾ ਨਾਂ ਤਿਆਗ ਮੱਲ ਰੱਖਿਆ ਗਿਆ ਸੀ ਅਤੇ ਜਦੋਂ ਉਨ੍ਹਾਂ ਨੇ ਕਰਤਾਰਪੁਰ ਦੀ ਜੰਗ ਸਮੇਂ ਆਪਣੀ ਤਲਵਾਰ ਦੇ ਜਲਵੇ ਦਿਖਾਏ ਸਨ ਤਾਂ ਉਨ੍ਹਾਂ ਦੇ ਪਿਤਾ ਛੇਵੇਂ ਨਾਨਕ ਵਲੋਂ ਉਨ੍ਹਾਂ ਦਾ ਨਾਂ ਤੇਗ ਬਹਾਦਰ ਕਰ ਦਿਤਾ ਗਿਆ ਸੀ ।ਇਹ ਬਹਾਦਰੀ ਵਾਲਾ ਨਾਂ ਉਨ੍ਹਾਂ ਦੇ ਨਾਲ ਅੰਤ ਤਕ ਨਿਭਿਆ ਸੀ । ਭਾਵੇਂ ਉਹ ਮਨ ਤੋਂ ਪੂਰੇ ਸ਼ਾਂਤ ਸੁਭਾਅ ਦੇ ਮਾਲਕ ਸਨ ਅਤੇ ਉਨ੍ਹਾਂ ਦੇ ਸ਼ਾਂਤ ਸੁਭਾਅ ਵਿਚ ਹੀ ਉਨ੍ਹਾਂ ਦੀ ਤਾਕਤ ਸੀ । ਉਨ੍ਹਾਂ ਦੀ ਰਚੀ ਹੋਈ ਬਾਣੀ ਅੰਦਰ ਇਕ ਖਾਸ ਕਿਸਮ ਦਾ ਵਿਰਾਗ ਵੀ ਉਨ੍ਹਾਂ ਦੇ ਸ਼ਾਂਤ ਸੁਭਾਅ ਨੂੰ ਹੀ ਪ੍ਰਗਟ ਕਰਦਾ ਹੈ । ਸ਼ਾਂਤੀ ਨਾਲ ਹੀ ਉਨ੍ਹਾਂ ਨੇ ਆਪਣੇ ਸਿਧਾਂਤਾਂ ਦੀ ਰਾਖੀ ਲਈ ਧਰਮ ਯੁੱਧ ਕੀਤਾ ਅਤੇ ਆਪਣਾ ਜੀਵਨ ਕੁਰਬਾਨ ਕਰਨਾ ਕਬੂਲ ਕੀਤਾ ਸੀ ।ਅਤੇ ਤਿਲਕ ਤੇ ਜੰਞੂ ਦੀ ਰਖਿਆ ਲਈ ਸ਼ਹੀਦੀ ਪ੍ਰਾਪਤ ਕੀਤੀ । ਭਾਵੇਂ ਉਨ੍ਹਾਂ ਨੇ ਸਾਰੀ ਉਮਰ ਤਿਲਕ ਨਹੀਂ ਲਗਾਇਆ ਅਤੇ ਨਾ ਹੀ ਤਿਲਕ ਲਾਉਣ ਦੀ ਪ੍ਰੇਰਨਾ ਕੀਤੀ । ਉਨ੍ਹਾਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਜੰਞੂ ਵੀ ਨਹੀਂ ਪਹਿਨਿਆ ਅਤੇ ਇਸ ਜੰਞੂ ਦੀ ਵਿਰੋਧਤਾ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਕੀਤੀ ਸੀ ਅਤੇ ਪਹਿਨਣ ਤੋਂ ਇਨਕਾਰ ਕਰ ਦਿਤਾ ਸੀ ਭਾਵੇਂ ਉਨ੍ਹਾਂ ਦੇ ਪਿਤਾ ਜੀ ਮਹਿਤਾ ਕਾਲੂ ਵਲੋਂ ਇਸ ਸਬੰਧੀ ਸਾਰੇ ਪ੍ਰਬੰਧ ਕੀਤੇ ਹੋਏ ਸਨ । ਇਸ ਸਬੰਧੀ ਵੇਰਵਾ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਆਸਾ ਦੀ ਵਾਰ ਵਿਚ ਮਿਲਦਾ ਹੈ ਜੋ ਕੇ ਅੰਗ 471 ਉਪਰ ਸੁਭਾਏਮਾਨ ਹੈ ਅਤੇ ਹੇਠਾਂ ਦਰਜ ਹੈ -----

ਸਲੋਕੁ ਮਃ ੧ ॥
ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥੧॥
ਅੰਗ 471

ਇਕ ਨਾਟਕ ਜੋ ਕੇਵਲ ਧਾਲੀਵਾਲ ਜੀ ਨੇ ਲਿਖਿਆ ਹੈ ਉਸ ਵਿਚ ਉਹ ਆਖਦਾ ਹੈ ਕਿ ਸਿਰ ਤਾਂ ਹਰ ਇਕ ਦੇ ਮੋਢੇ ਉਪਰ ਹੁੰਦਾ ਹੈ ਪਰ ਸੀਸ ਕਿਸੇ ਕਿਸੇ ਕੋਲ ਹੀ ਹੁੰਦਾ ਹੈ ।ਅਤੇ ਮੇਰੇ ਵਿਚਾਰ ਅਨੁਸਾਰ ਸੀਸ ਜਿਨ੍ਹਾਂ ਕੋਲ ਹੁੰਦਾ ਹੈ ਉਹ ਆਪਣਾ ਸੀਸ ਤਾਂ ਦੇ ਸਕਦੇ ਹਨ ਪਰੰਤੂ ਸਿਰੜ ਹਮੇਸ਼ਾ ਦੇ ਪੱਕੇ ਹੁੰਦੇ ਹਨ ਅਜਿਹਾ ਹੀ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਕੀਤਾ ਗਿਆ ਸੀ ਜਿਨ੍ਹਾਂ ਨੇ ਸੀਸ ਤਾਂ ਕੁਰਬਾਨ ਕਰ ਦਿੱਤੇ ਸੀ ਅਤੇ ਸਿਰੜ ਨਹੀਂ ਛੱਡਿਆ ਸੀ ਉਹ ਦੁਨੀਆ ਦੇ ਇਤਿਹਾਸ ਵਿਚ ਸਭ ਤੋਂ ਲਾਸਾਨੀ ਸ਼ਹੀਦ ਹੋਏ ਹਨ ਜਿਨ੍ਹਾਂ ਨੇ ਧਰਮ ਦੀ ਆਜ਼ਾਦੀ ਲਈ ਆਪਣਾ ਬਲੀਦਾਨ ਦਿਤਾ ਸੀ ।ਉਸ ਨਾਟਕ ਅੰਦਰ ਔਰੰਗਜ਼ੇਬ ਵਲੋਂ ਇਹ ਆਖਿਆ ਗਿਆ ਦਿਖਾਇਆ ਗਿਆ ਹੈ ਕਿ ----

ਤੁਸੀਂ ਆਪਣੇ ਗੁਰੂ ਨੂੰ ਆਖੋ ਕਿ ਉਹ ਇਨ੍ਹਾਂ ਬ੍ਰਾਹਮਣਾ ਤੇ ਬੁੱਤ ਪੂਜ ਹਿੰਦੂਆਂ ਦਾ ਸਾਥ ਛੱਡ ਦੇਣ । ਤੁਹਾਡੇ ਗੁਰੂ ਬੁਤ ਪੂਜ ਨਹੀਂ ਹਨ ਫਿਰ ਇਹਨਾਂ ਬੁੱਤ ਪੂਜਕਾਂ ਦਾ ਸਾਥ ਕਿਉਂ ਦੇ ਰਹੇ ਹਨ ।

ਉੱਤਰ ਵਿਚ ਦੱਸਿਆ ਹੈ ਕਿ -----

ਸਾਡੇ ਗੁਰੂ ਬੁੱਤ ਪੂਜ ਨਹੀਂ ਇਹ ਠੀਕ ਹੈ ਪਰੰਤੂ ਬੁੱਤ ਸ਼ਿਕਨ ਵੀ ਨਹੀਂ ਹਨ । ਸਾਡੇ ਗੁਰੂ ਹਰ ਕਿਸੇ ਨੂੰ ਆਪਣੇ ਧਰਮ ਵਿਸ਼ਵਾਸ ਤੇ ਰਹੁ ਰੀਤੀ ਅਨੁਸਾਰ ਜਿਉਣ ਦੀ ਖੁਲ ਦੇ ਹਾਮੀ ਹਨ । ਕਿਸੇ ਨੂੰ ਵੀ ਇਹ ਅਧਿਕਾਰ ਨਹੀਂ ਕਿ ਉਹ ਹਕੂਮਤ ਦੀ ਤਾਕਤ ਨਾਲ ਜਾਂ ਤਲਵਾਰ ਦੇ ਜ਼ੋਰ ਨਾਲ ਦੂਜਿਆਂ ਦਾ ਧਰਮ ਤਬਦੀਲ ਕਰੇ ।

ਉਸੇ ਨਾਟਕ ਵਿਚ ਇਹ ਵੀ ਹੈ ਕੇ ਔਰੰਗਜ਼ੇਬ ਦੀ ਬੇਟੀ ਜ਼ੇਬੁਨਸਾਂ ਵੀ ਆਪਣੇ ਬਾਪ ਨੂੰ ਆਖਦੀ ਹੈ ਕਿ ---

ਇਸ ਮੁਲਕ ਦੀ ਗੰਗਾ ਜਮਨਾ ਵਾਲੀ ਸਾਂਝੀ ਤਹਿਜ਼ੀਬ ਏ ਤੁਸੀਂ ਮੁਲਕ ਦੇ ਹਰ ਮਜ਼ਹਬ ਨੂੰ ਤਸਲੀਮ ਕਰੋ । ਅੱਬਾ ਹਜ਼ੂਰ ਹਰ ਨਸਲ ਤੇ ਕੌਮ ਨੂੰ ਨਾਲ ਲੈ ਕੇ ਤੁਰੋ ।

ਜ਼ੇਬੁਨਸਾਂ ਇਕ ਹੋਰ ਥਾਂ ਆਖਦੀ ਹੈ ਕਿ

ਅੱਬਾ ਹਜ਼ੂਰ ਜਿਵੇਂ ਕੁਦਰਤ ਨੇ ਵੱਖ ਵੱਖ ਰੰਗਾਂ ਦੇ ਫੁੱਲਾਂ ਨਾਲ ਇਸ ਧਰਤੀ ਨੂੰ ਮਹਿਕਾਇਆ ਹੈ ਉਸੇ ਤਰਾਂ ਵੱਖ ਵੱਖ ਧਰਮਾਂ ਤੇ ਵੱਖ ਵੱਖ ਜਾਤਾਂ ਦੇ ਲੋਕਾਂ ਦੇ ਸਾਥ ਨਾਲ ਹੀ ਮੁਲਕ ਬਣਦਾ ਏ ਅਤੇ ਜੇ ਤੁਸੀਂ ਚਾਹੁੰਦੇ ਹੋ ਕਿ ਧਰਤੀ ਉਪਰ ਇਕੋ ਰੰਗ ਦੇ ਹੀ ਫੁੱਲ ਹੋਣ ਤਾਂ ਇਹ ਕੁਦਰਤ ਨਾਲ ਵੀ ਅਤੇ ਅੱਲਾ ਤਾਲਾ ਨਾਲ ਵੀ ਜ਼ਿਆਦਤੀ ਹੋਵੇਗੀ।

ਗੁਰੂ ਜੀ ਨੇ ਸਮਝਾਇਆ ਕਿ ਇਹ ਜਗ ਰਚਨਾ ਝੂਠ ਦਾ ਪਸਾਰਾ ਹੈ ਅਤੇ ਜਿਸ ਨੇ ਜਨਮ ਲਿਆ ਹੈ ਉਸ ਦਾ ਅੰਤ ਹੋਣਾ ਹੀ ਹੈ । ਮੌਤ ਦਾ ਆਉਣਾ ਕੁਦਰਤ ਦੀ ਪ੍ਰਕਿਰਿਆ ਹੈ । ਮੌਤ ਦਾ ਕਾਰਨ ਕੋਈ ਵੀ ਹੋ ਸਕਦਾ ਹੈ ਜਿਵੇਂ ਬਿਮਾਰੀ ਜਾਂ ਦੁਰਘਟਨਾ ਆਦਿ। ਸਿੱਖ ਧਰਮ ਦੇ ਅੰਦਰ ਸ਼ਹੀਦੀ ਦਾ ਸੰਕਲਪ ਵੱਖਰਾ ਹੈ ਅਤੇ ਗੁਰਬਾਣੀ ਦੇ ਅੰਦਰ ਸਪਸ਼ਟ ਕੀਤਾ ਗਿਆ ਹੈ ਕਿ-

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥ ਅੰਗ 1412

ਅਤੇ ਇਹ ਵੀ ਸ਼ਬਦ ਵੀ ਦੱਸਦਾ ਹੈ ਕਿ ਸਿੱਖੀ ਦੇ ਅੰਦਰ ਕੁਰਬਾਨੀ ਦਾ ਜਜ਼ਬਾ ਕਿਤਨਾ ਜ਼ਰੂਰੀ ਹੈ । ਸ਼ਬਦ ਹੇਠਾਂ ਦਰਜ ਹੈ ਜੋ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਅੰਗ 1102 ਉਪਰ ਸੁਭਾਏਮਾਨ ਹੈ ----

ਸਲੋਕ ਮਃ ੫ ॥
ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥

ਸ਼ਹੀਦ ਜਾਂ ਸ਼ਹਾਦਤ ਦਾ ਅਰਥ ਹੈ ਕਿਸੇ ਉਦੇਸ਼ ਲਈ ਆਪਾ ਵਾਰ ਦੇਣਾ ਜਾਂ ਆਪਣੇ ਆਪ ਨੂੰ ਕੁਰਬਾਨ ਕਰ ਦੇਣਾ। ਉਸ ਉਦੇਸ਼ ਅੰਦਰ ਕੌਮ ਜਾਂ ਦੇਸ਼ ਦੀ ਭਲੇ ਲਈ ਹੋ ਸਕਦੀ ਹੈ ਜਿਸ ਦੇ ਸਵੈ ਦਾ ਕੋਈ ਸਥਾਨ ਨਹੀਂ ਹੁੰਦਾ ਭਾਵ ਸਵੈ ਰਹਿਤ ਉਦੇਸ਼ ਲਈ ਲਈ ਆਪਣੀ ਜਾਨ ਨੂੰ ਕੁਰਬਾਨ ਕਰ ਦੇਣਾ। ਫੌਜੀ ਦੇਸ਼ ਦੀ ਰਾਖੀ ਲਈ ਮਰ ਮਿਟਦਾ ਹੈ ਅਤੇ ਸਮੇਂ ਤੋਂ ਪਹਿਲਾਂ ਮੌਤ ਨੂੰ ਗਲੇ ਲਗਾਉਣਾ ਕਬੂਲ ਕਰ ਲੈਂਦਾ ਹੈ । ਇਸੇ ਤਰ੍ਹਾਂ ਹੀ ਸਿੱਖ ਸ਼ਹੀਦ ਹੋਏ ਹਨ ਜਿਨ੍ਹਾਂ ਨੇ ਸਿੱਖੀ ਨੂੰ ਨਿਭਾਉਣ ਦੀ ਖਾਤਰ ਆਪਣੀ ਮੌਤ ਨੂੰ ਗਲੇ ਲਗਾ ਲਿਆ ਸੀ ਅਜਿਹੇ ਸਿੱਖ ਸ਼ਹੀਦੀਆਂ ਪਾਉਣ ਵਾਲਿਆਂ ਦੀ ਗਿਣਤੀ ਕਰਨੀ ਅਸੰਭਵ ਹੈ ਕਿਓਂ ਜੋ ਸਿੱਖ ਇਤਿਹਾਸ ਹੀ ਖੂਨ ਨਾਲ ਲਿਖਿਆ ਹੋਇਆ ਹੈ ਅਤੇ ਸਿੱਖ ਸ਼ਹੀਦਾਂ ਨੇ ਆਪ ਕੁਰਬਾਨ ਕਰ ਸਿੱਖੀ ਨੂੰ ਜਿਉਂਦਾ ਰਖਿਆ ਹੋਇਆ ਹੈ । ਅਤੇ ਤਾਂ ਹੀ ਕਿਸੇ ਕਵੀ ਨੇ ਲਿਖਿਆ ਹੈ ਕਿ ---

"ਸ਼ਹੀਦ ਕਿ ਜੋ ਮੌਤ ਹੈ ਵੋਹ ਕੌਮ ਕਿ ਹਯਾਤ ਹੈ ।"

ਇਹੋ ਹੀ ਮੁਖ ਅੰਤਰ ਹੈ ਆਪਣੀ ਆਈ ਮੌਤ ਵਿਚ ਮਰਨ ਦਾ ਅਤੇ ਦੇਸ਼ ਕੌਮ ਆਦਿ ਲਈ ਸ਼ਹੀਦ ਹੋ ਜਾਣ ਦਾ । ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਆਪਾ ਕੁਰਬਾਨ ਕੀਤਾ ਸੀ । ਸਿਖਾਂ ਦੇ ਅੰਦਰ ਪਹਿਲੇ ਗੁਰੂ ਸ਼ਹੀਦ ਦਾ ਦਰਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪ੍ਰਾਪਤ ਹੈ ਜਿਨ੍ਹਾਂ ਨੇ ਆਪਣੇ ਸਰੀਰ ਉਪਰ ਕਸ਼ਟ ਝਲੇ ਅਤੇ ਸਮੇਂ ਦੇ ਹਾਕਮ ਅੱਗੇ ਝੁਕਣ ਤੋਂ ਇਨਕਾਰ ਕਰ ਦਿਤਾ ਸੀ ।ਉਨ੍ਹਾਂ ਨੂੰ ਤਤੀ ਤਵੀ ਉਪਰ ਬਿਠਾਇਆ ਗਿਆ ਸੀ ਅਤੇ ਭਾਰੀ ਜ਼ੁਲਮ ਕੀਤਾ ਗਿਆ ਸੀ ਪਰੰਤੂ ਉਨ੍ਹਾਂ ਨੇ ਇਸ ਵਰਤਾਰੇ ਨੂੰ ਵਾਹਿਗੁਰੂ ਦਾ ਮੀਠਾ ਭਾਣਾ ਸਮਝ ਕੇ ਮੰਨਿਆ ਸੀ ਅਤੇ ਮੁਖੋਂ ਉਚਾਰਿਆ ਸੀ ਕਿ ----

ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥੪੨॥੯੩॥
ਅੰਗ 394

ਨੌਵੇਂ ਨਾਨਕ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਘਰ ਅਤੇ ਮਾਤਾ ਨਾਨਕੀ ਜੀ ਦੀ ਉਦਰ ਵਿਚੋਂ 18 ਅਪ੍ਰੈਲ 1621 ਨੂੰ ਹੋਇਆ ਸੀ ਅਤੇ ਉਨ੍ਹਾਂ ਦੇ 400 ਸਾਲਾ ਪੁਰਬ ਮਨਾਏ ਜਾਣ ਲਈ ਜ਼ੋਰ ਸ਼ੋਰ ਨਾਲ ਪ੍ਰਬੰਧ ਕੀਤੇ ਜਾ ਰਹੇ ਹਨ । ਉਹ ਆਪਣੇ ਮਾਤਾ ਪਿਤਾ ਦੇ ਸਭ ਤੋਂ ਛੋਟੇ ਸਪੁੱਤਰ ਸਨ । ਹਨ ਦੇ ਵੱਡੇ ਬਾਬਾ ਗੁਰਦਿੱਤਾ ਜੀ ਸਨ ਜਿਨ੍ਹਾਂ ਦੇ ਪੁੱਤਰ ਸ੍ਰੀ ਗੁਰੂ ਹਰ ਰਾਏ ਜੀ ਨੂੰ ਇਹਨਾਂ ਦੇ ਪਿਤਾ ਜੀ ਨੇ ਆਪਣੇ ਤੋਂ ਬਾਅਦ ਸਤਵੇਂ ਗੁਰੂ ਥਾਪਿਆ ਸੀ । ਬਾਕੀ ਪਰਿਵਾਰ ਵਿਚ ਬਾਬਾ ਸੂਰਜ ਮੱਲ ,ਬਾਬਾ ਅਨੀ ਰਾਏ ਜੀ, ਬਾਬਾ ਅਟਲ ਰਾਏ ਜੀ ਅਤੇ ਇਹਨਾਂ ਦੀ ਇੱਕ ਭੈਣ ਬੀਬੀ ਵੀਰੋ ਜੀ ਸਨ। ਆਪ ਜੀ ਦਾ ਸਾਰਾ ਬਚਪਨ ਅਮ੍ਰਿਤਸਰ ਵਿਚ ਬੀਤਿਆ ਸੀ। ਬਚਪਨ ਵਿਚ ਆਪ ਜੀ ਨੇ ਹਿੰਦੀ ਉਰਦੂ ਗੁਰਮੁਖੀ ਸੰਸਕ੍ਰਿਤ ਅਤੇ ਹੋਰ ਭਾਸ਼ਾਵਾਂ ਦਾ ਗਿਆਨ ਭਾਈ ਗੁਰਦਾਸ ਜੀ ਤੋਂ ਪ੍ਰਾਪਤ ਕੀਤਾ ਸੀ। ਆਪ ਜੀ ਨੂੰ ਧਰਮ ਗ੍ਰੰਥਾਂ ਦੀ ਸਿਖਿਆ ਜਿਸ ਵਿਚ ਮਹਾ ਭਾਰਤ , ਰਮਾਇਣ ਅਤੇ ਕੁਰਾਨ ਆਦਿ ਸ਼ਾਮਲ ਸਨ ,ਵੀ ਭਾਈ ਗੁਰਦਾਸ ਜੀ ਤੋਂ ਗ੍ਰਹਿਣ ਕੀਈ ਸੀ। ਤੀਰ ਅੰਦਾਜ਼ੀ ਅਤੇ ਘੋੜ ਸਵਾਰੀ ਦੀ ਸਿਖਲਾਈ ਬਾਬਾ ਬੁੱਢਾ ਜੀ ਤੋਂ ਪ੍ਰਾਪਤ ਕੀਤੀ ਸੀ। ਤਲਵਾਰ ਦਾ ਭਲੀ ਭਾਂਤ ਪ੍ਰਯੋਗ ਕਰਨਾ ਉਨ੍ਹਾਂ ਨੂੰ ਮੀਰੀ ਪੀਰੀ ਦੇ ਮਾਲਕ ਨੇ ਸਿਖਾਇਆ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਰਮ ਗ੍ਰੰਥਾਂ ਅਤੇ ਹਿੰਦੂ ਸ਼ਾਸਤਰਾਂ ਅਤੇ ਸਿਮ੍ਰਿਤੀਆਂ ਦਾ ਚੰਗੀ ਤਰਾਂ ਅਧਿਐਨ ਕੀਤਾ ਅਤੇ ਉਹ ਉੱਚ ਕੋਟੀ ਦੇ ਵਿਦਵਾਨ ਤੇ ਕਵੀ ਸਨ। ਉਨ੍ਹਾ ਦੀਆਂ ਲਿਖਤਾਂ ਵਿਚੋਂ ਅਟਲ ਸਚਾਈਆਂ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਉਨ੍ਹਾਂ ਨੇ ਗੁਰਬਾਣੀ ਦੀ ਉਚਾਰੀ ਜਿਸ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਦ ਗਰੰਥ ਵਿਚ ਦਰਜ ਕਰਵਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਪੂਰਣ ਕੀਤਾ ਸੀ ਅਤੇ ਗੁਰਿਆਈ ਬਖਸ਼ੀ ਸੀ। ਕੁਲ 59 ਸ਼ਬਦ ਅਤੇ 57 ਸ਼ਲੋਕ ਜਿਹੜੇ 15 ਵੱਖਰੇ ਵੱਖਰੇ ਰਾਗ ਵਿਚ ਦਰਜ ਕੀਤੇ ਗਏ ।ਉਨ੍ਹਾ ਦੀਆਂ ਲਿਖਤਾਂ ਵਿਚੋਂ ਸਪਸ਼ਟ ਝਲਕ ਮਿਲਦੀ ਹੈ ਕਿ ਮੌਤ ਤਾਂ ਨਿਸ਼ਚਿਤ ਹੈ ਅਤੇ ਕੁਝ ਵੀ ਸਥਿਰ ਨਹੀਂ ਕੇਵਲ ਉਸ ਅਕਾਲ ਪੁਰਖ ਦਾ ਨਾਂ ਹੀ ਹਮੇਸ਼ਾ ਰਹਿਣ ਵਾਲਾ ਹੈ। ਇਸ ਲਈ ਮਨੁੱਖ ਨੂੰ ਸਮਝਾਇਆ ਕਿ ਮੋਹ ਮਾਇਆ ਤੋਂ ਨਿਰਲੇਪ ਹੋ ਕਿ ਮਾਨਵਤਾ ਦਾ ਭਲਾ ਕਰਨ ਵਲ ਕਦਮ ਵਧਾਵੇ ਅਤੇ ਸਿਖਿਆ ਦਿਤੀ ਕਿ ਉਸ ਅਕਾਲ ਪੁਰਖ ਦੀ ਭਗਤੀ ਕਰ ਕੇ ਉਸ ਵਿਚ ਅਭੇਦ ਹੋ ਜਾਣਾ ਚਾਹੀਦਾ ਹੈ ਉਨ੍ਹਾਂ ਨੇ ਲਿਖਿਆ ਹੈ ਜੋ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸੁਭਾਏਮਾਨ ਹੈ ਕਿ------

ਸੋਰਠਿ ਮਹਲਾ ੯
ੴ ਸਤਿਗੁਰ ਪ੍ਰਸਾਦਿ ॥



ਡਾਕਟਰ ਅਜੀਤ ਸਿੰਘ ਕੋਟਕਪੂਰਾ
657-464-4066

ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥
ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥੧॥ ਰਹਾਉ ॥
ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥
ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥੧॥
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥
ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ ॥੨॥੧॥
ਅੰਗ 631

ਇਸ ਸ਼ਬਦ ਰਾਹੀਂ ਗੁਰੂ ਜੀ ਸਮਝਾ ਰਹੇ ਹਨ ਕਿ ਬੰਦੇ ਤੂੰ ਪ੍ਰਭੂ ਨਾਲ ਪ੍ਰੀਤ ਪਾ । ਆਪਣੇ ਕੰਨਾਂ ਨਾਲ ਉਸ ਅਕਾਲ ਪੁਰਖ ਦੀ ਕਿਰਤੀ ਨੂੰ ਸੁਣ ਅਤੇ ਆਪਣੀ ਰਸਨਾ ਨਾਲ ਉਸ ਦੇ ਗੀਤ ਨੂੰ ਗਾ । ਸਤ ਸੰਗਤ ਨਾਲ ਜੁੜ ਕੇ ਅਤੇ ਉਸ ਵਾਹਿਗੁਰੂ ਦੀ ਅਰਾਧਨਾ ਕਰ ਇਸ ਤਰਾਂ ਨਾਲ ਤੂੰ ਪਾਪੀ ਤੋਂ ਪਵਿੱਤਰ ਹੋ ਜਾਵੇਂਗਾ । ਹੈ ਮੇਰੇ ਮਿੱਤਰ ਇਸ ਕੰਮ ਤੋਂ ਆਲਸ ਨਾ ਕਰ ਕਿਓਂਕਿ ਮੌਤ ਸੱਪ ਵਾਂਗਰਾਂ ਮੂੰਹ ਨੂੰ ਖੋਲ ਕਿ ਫਿਰ ਰਹੀ ਹੈ ।ਇਹ ਗੱਲ ਤੂੰ ਆਪਣੇ ਮਨ ਵਿਚ ਸੋਚ ਲੈ ਉਸ ਮੌਤ ਨੇ ਤੈਨੂੰ ਅੱਜ ਜਾਂ ਭਲਕੇ ਫੜ ਹੀ ਲੈਣਾ ਹੈ ਅਤੇ ਗੁਰੂ ਜੀ ਫਰਮਾ ਰਹੇ ਹਨ ਕਿ ਤੈਨੂੰ ਆਪਣੇ ਮਾਲਕ ਦਾ ਸਿਮਰਨ ਕਰਨਾ ਚਾਹੀਦਾ ਹੈ ਤੇਰਾ ਇਹ ਮੌਕਾ ਹੱਥੋਂ ਖੁਸਦਾ ਜਾ ਰਿਹਾ ਹੈ।

ਇਸ ਲਈ ਸਾਨੂੰ ਬਾਹਰਲੀਆਂ ਵਸਤਾਂ ਨਾਲ ਲਗਾਉ ਕਰਨ ਦੀ ਬਜਾਏ ਉਸ ਪ੍ਰਮਾਤਮਾ ਵਲ ਧਿਆਨ ਕਰਨਾ ਚਾਹੀਦਾ ਹੈ । ਜੋ ਵੀ ਦੁੱਖ ਸੁਖ ਸਾਨੂੰ ਮਿਲਦਾ ਹੈ ਜਾਂ ਘਾਟਾ (ਹਾਨੀ) ਜਾਂ ਵਾਧਾ (ਲਾਭ) ਸਾਡੀ ਝੋਲੀ ਵਿਚ ਪੈਂਦਾ ਹੈ ਉਸ ਨੂੰ ਵਾਹਿਗੁਰੂ ਦਾ ਭਾਣਾ ਮੰਨ ਕਬੂਲ ਕਰ ਲੈਣ ਦੀ ਲੋੜ ਹੈ । ਉਹ ਦੱਸਦੇ ਹਨ ਕਿ ਵਾਹਿਗੁਰੂ ਨਾਲ ਮੇਲ ਕਰਨ ਲਈ ਕਿਤੇ ਵੀ ਭਟਕਣ ਦੀ ਲੋੜ ਨਹੀਂ ਹੈ ਉਹ ਤਾਂ ਸਾਡੇ ਅੰਦਰ ਹੀ ਸਮਾਇਆ ਹੋਇਆ ਹੈ ਉਨ੍ਹਾਂ ਨੇ ਇਸ ਸ਼ਬਦ ਵਿਚ ਵਰਨਣ ਕੀਤਾ ਹੈ ਜੋ ਕਿ ਅੰਗ 684 ਉਪਰ ਸੁਭਾਏਮਾਨ ਹੈ -----

ੴ ਸਤਿਗੁਰ ਪ੍ਰਸਾਦਿ ॥
ਧਨਾਸਰੀ ਮਹਲਾ ੯ ॥
ਕਾਹੇ ਰੇ ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥

ਉਹਨਾਂ ਨੇ ਫਰਮਾਇਆ ਹੈ ਕਿ ਜਿਵੇਂ ਫੁੱਲਾਂ ਦੇ ਅੰਦਰ ਖੁਸ਼ਬੋਈ ਅਤੇ ਸ਼ੀਸ਼ੇ ਦੇ ਅੰਦਰ ਸਾਡੀ ਪਰਛਾਈ ਹੈ ਇਸ ਤਰਾਂ ਪਰਮਾਤਮਾ ਸਾਡੇ ਅੰਦਰ ਵੱਸ ਰਿਹਾ ਹੈ ਉਸ ਨੂੰ ਲੱਭਣ ਦਾ ਯਤਨ ਕਰੋ ਭਾਵ ਆਪਣਾ ਆਪ ਪਛਾਣੋ ਅਤੇ ਉਸ ਦਾ ਸਿਮਰਨ ਕਰ ਆਪਣੇ ਅੰਦਰ ਹੀ ਉਸ ਨੂੰ ਜਗਾਓ। ਇਸ ਨੂੰ ਸਮਝਾਉਣ ਲਈ ਉਨ੍ਹਾਂ ਨੇ ਲਿਖਿਆ ਹੈ ਜੋ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗ 631 ਉਪਰ ਸੁਭਾਏਮਾਨ ਹੈ-

ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ॥
ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ ॥੨॥
ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ॥
ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥੩॥੩॥

ਉਹ ਦੱਸਦੇ ਹਨ ਕਿ ਵਾਹਿਗੁਰੂ ਦੀ ਪ੍ਰਾਪਤੀ ਲਈ ਗ੍ਰਹਿਸਥ ਜੀਵਨ ਦਾ ਤਿਆਗ ਕਰ ਪਹਾੜਾਂ ਜਾਂ ਜੰਗਲਾਂ ਦੇ ਅੰਦਰ ਤੱਪ ਕਰਨ ਦੀ ਲੋੜ ਨਹੀਂ ਹੈ ਸਗੋਂ ਉਸ ਦਾਤੇ ਨੂੰ ਆਪਣੇ ਅੰਦਰ ਖੋਜਣ ਦੇ ਯਤਨ ਕਰਨ ਦੀ ਲੋੜ ਹੈ।

ਗੁਰੂ ਸਾਹਿਬ ਜੀ ਫਰਮਾਉਂਦੇ ਹਨ ਕਿ ਧੀਆਂ-ਪੁੱਤਰਾਂ, ਸਾਕ ਸਬੰਧੀਆਂ ਅਤੇ ਪਤਨੀ ਦੇ ਮੋਹ ਵਿਚ ਮਗਨ ਮਨੁੱਖ ਭਗਤੀ ਤੋਂ ਬਿਨਾ ਆਪਣਾ ਖਾਲੀ ਜੀਵਨ ਬਤੀਤ ਕਰ ਜਦੋਂ ਅੰਤਮ ਸਮੇਂ ਤੇ ਪੁੱਜਦਾ ਹੈ ਤਾਂ ਉਸ ਦਾ ਕੋਈ ਵੀ ਸੰਗ ਨਹੀਂ ਕਰ ਸਕਦਾ ਉਸ ਵੇਲੇ ਜਦੋਂ ਵਾਹਿਗੁਰੂ ਵਲ ਧਿਆਨ ਧਰਦਾ ਹੈ ਤਾਂ ਬਹੁਤ ਹੀ ਦੇਰ ਹੋ ਚੁਕੀ ਹੁੰਦੀ ਹੈ ਮਨੁੱਖ ਦਾ ਮਨ ਉਸ ਪਾਸੇ ਵਲ ਨਹੀਂ ਜਾਂਦਾ ਹੈ ਅਤੇ ਅੰਗ 219 ਉਪਰ ਸੁਭਾਏਮਾਨ ਸ਼ਬਦ ਜੋ ਇਸ ਤਰਾਂ ਹੈ ------

ਗਉੜੀ ਮਹਲਾ ੯ ॥
ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ ॥
ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ ॥੧॥ ਰਹਾਉ ॥
ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ॥

ਹੋਰ ਅੱਗੇ ਲਿਖਦੇ ਹਨ ਜੋ ਅੰਗ 726 ਉਪਰ ਸੁਭਾਏਮਾਨ ਹੈ ਅਤੇ ਇਸ ਤਰਾਂ ਹੈ -----

ਤਿਲੰਗ ਮਹਲਾ ੯ ॥
ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥
ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥੧॥ ਰਹਾਉ ॥
ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ ॥
ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ ॥੧॥
ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ ॥
ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ॥

ਉਨ੍ਹਾਂ ਨੇ ਸਮਝਾਇਆ ਹੈ ਕਿ ਇਸ ਅਮੋਲਕ ਜਨਮ ਨੂੰ ਬਿਰਥਾ ਨਾ ਗਵਾਓ ਉਸ ਮਾਲਕ ਦਾ ਸਿਮਰਨ ਕਰੋ ਅਤੇ ਉਸ ਦੀ ਸ਼ਰਨ ਵਿਚ ਆਪਣਾ ਜੀਵਨ ਬਤੀਤ ਕਰੋ ਉਹ ਲਿਖਦੇ ਹਨ ਜੋ ਅੰਗ 220 ਉਪਰ ਸੁਭਾਏਮਾਨ ਹੈ ਜੋ ਇਸ ਪ੍ਰਕਾਰ ਹੈ ---

ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ ॥
ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ॥੧॥
ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ ਲਾਵੈ ॥
ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ॥

ਅੰਗ 219 ਉਪਰ ਸੁਭਾਏਮਾਨ ਸ਼ਬਦ ਵੀ ਪੁਸ਼ਟੀ ਕਰਦਾ ਹੈ ਕਿ ----

ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ ॥੧॥ ਰਹਾਉ ॥
ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ॥

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਗ 1426 ਤੋਂ 1429 ਤਕ ਉਪਰ ਵਰਨਣ 57 ਸ਼ਲੋਕਾਂ ਵਿਚ ਮਨੁੱਖੀ ਮਨ ਦੀ ਤਰਸਯੋਗ ਹਾਲਤ ਨੂੰ ਬਿਆਨਿਆ ਹੈ ਕਿ ਮਨੁੱਖੀ ਮਨ ਦੀ ਤ੍ਰਿਸ਼ਨਾ ਨੂੰ ਬੁਝਾਉਣ ਲਈ ਝੂਠੀ ਦੁਨੀਆ ਦੇ ਮੱਕੜ ਜਾਲ ਦੇ ਅੰਦਰ ਫਸਿਆ ਹੋਇਆ ਹੈ ਜਦੋਂ ਕਿ ਮੌਤ ਹਮੇਸ਼ਾ ਹੀ ਉਸ ਦੇ ਸਿਰ ਉਪਰ ਭਵਰੇਂ ਦੀ ਤਰਾਂ ਚੱਕਰ ਕੱਢ ਰਹੀ ਹੈ । ਉਸ ਤੋਂ ਬੇਖਬਰ ਮਨੁੱਖ ਦੌਲਤ ਅਤੇ ਸ਼ੋਹਰਤ ਇਕੱਠੀ ਕਰਨ ਵਿਚ ਮਗਨ ਹੈ । ਇਹ ਸਭ ਦੌਲਤ ਅਤੇ ਸ਼ੋਹਰਤ ਮਿਥਿਆ ਹੈ ਅਤੇ ਰੇਤੇ ਵਾਂਗ ਸਾਡੇ ਹੱਥਾਂ ਵਿਚੋਂ ਕਿਰਦੀ ਰਹਿੰਦੀ ਹੈ । ਇਹ ਸ਼ਲੋਕ ਕਿਸੇ ਵਿਛੋੜੇ ਦੇ ਸਮੇਂ ਪੈਦਾ ਹੋਏ ਜ਼ਖ਼ਮਾਂ ਉਪਰ ਮਰਮ ਦਾ ਕੰਮ ਕਰਦੇ ਹਨ ਅਤੇ ਸਾਡੇ ਭਟਕੇ ਮਨ ਨੂੰ ਸ਼ਾਂਤੀ ਬਖਸ਼ਦੇ ਹਨ । ਉਹ ਅੰਗ 1429 ਉਪਰ ਸੁਭਾਏਮਾਨ ਸ਼ਲੋਕ ਰਾਹੀਂ ਦਸ ਰਹੇ ਹਨ ਕਿ ----

ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ ॥
ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ ॥੪੨॥
ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ ॥
ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ ॥੪੮॥
ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥੪੯॥
ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥੫੫॥

ਉਨ੍ਹਾਂ ਨੇ ਮਨੁੱਖ ਨੂੰ ਸਮਝਾਇਆ ਹੈ ਕਿ ਦੂਜਿਆਂ ਦੀ ਨਿੰਦਾ ਚੁਗਲੀ ਕਰਨ ਅਤੇ ਪਰਾਈ ਨਾਰੀ ਦੇ ਰੂਪ ਵਿਚ ਮੋਹਿਤ ਹੋਣ ਦੀ ਥਾਂ ਉਸ ਵਾਹਿਗੁਰੂ ਦੀ ਭਗਤੀ ਕਰੇ ਤਾਂ ਹੀ ਉਹ ਭਵਸਾਗਰ ਨੂੰ ਪਾਰ ਕਰ ਸਕਦਾ ਹੈ ਜੋ ਇਸ ਸ਼ਬਦ ਰਾਹੀਂ ਸਪਸ਼ਟ ਕੀਤਾ ਗਿਆ ਹੈ ਜੋ ਇਸ ਪ੍ਰਕਾਰ ਹੈ ਅਤੇ ਅੰਗ 631 ਉਪਰ ਸ਼ੁਸ਼ੋਭਤ ਹੈ -----

ਸੋਰਠਿ ਮਹਲਾ ੯ ॥
ਮਨ ਰੇ ਕਉਨੁ ਕੁਮਤਿ ਤੈ ਲੀਨੀ ॥

(ਬਾਕੀ ਸਫਾ 22 'ਤੇ)

# ਦੁਨੀਆਂ ਵਿਚ ਲੋਕਰਾਜੀ ਵਿਵਸਥਾ ਨੂੰ ਦਰਪੇਸ਼ ਸੰਕਟ

2020 ਵਿਚ ਵੀ-ਡੈਮ (ਵਰਾਇਟੀਜ਼ ਆਫ਼ ਡੈਮੋਕ੍ਰੇਸੀ) ਇੰਸਟੀਚਿਊਟ ਦੀ ਰਿਪੋਰਟ ਆਈ ਹੈ ਜਿਸ ਦਾ ਸਿਰਲੇਖ 'ਤਾਨਾਸ਼ਾਹੀ ਵੱਲ ਵਧਦੇ ਕਦਮ ਅਤੇ ਇਸ ਖ਼ਿਲਾਫ਼ ਵਿਦਰੋਹਾਂ ਵਿਚ ਤੇਜ਼ੀ' ਹੈ। ਇਹ ਰਿਪੋਰਟ 2009 ਤੋਂ 2019 ਤੱਕ ਦੇ ਸੰਘਰਸ਼ਾਂ ਅਤੇ ਵਿਰੋਧਾਂ ਦੇ ਵਿਸ਼ਲੇਸ਼ਣਾਂ ਉੱਪਰ ਆਧਾਰਿਤ ਹੈ। ਇਸ ਵਿਚ ਲਿਖਿਆ ਹੈ: "2001 ਤੋਂ ਲਗਾਤਾਰ ਸੰਸਾਰ ਪੱਧਰ ਤੇ ਵੱਖ ਵੱਖ ਦੇਸ਼ਾਂ ਦੀਆਂ ਲਿਬਰਲ ਜਮਹੂਰੀਅਤ ਵਾਲੀਆਂ ਸੰਸਥਾਵਾਂ ਗ਼ਰਕ ਰਹੀਆਂ ਹਨ। ਇਨ੍ਹਾਂ ਜਮੂਹਰੀਅਤਾਂ ਦਾ ਕੇਂਦਰ ਰਹੇ ਯੂਰੋਪੀਅਨ ਖਿੱਤੇ ਵਿਚ ਹੰਗਰੀ ਅਜਿਹਾ ਪਹਿਲਾ ਮੁਲਕ ਹੈ ਜੋ ਪੂਰੀ ਤਰ੍ਹਾਂ ਜਮਹੂਰੀਅਤ ਵਾਲੇ ਸਾਰੇ ਗੁਣ ਤੇ ਪਹਿਲੂ ਗੁਆ ਕੇ ਗੈਰ ਜਮਹੂਰੀ ਹੋ ਚੁੱਕਾ ਹੈ।

ਭਾਰਤ ਵੀ ਇਸ ਰਸਤੇ ਉੱਪਰ ਤੇਜ਼ੀ ਨਾਲ ਵਧ ਰਿਹਾ ਹੈ। ਇਹ ਆਪਣੀ ਜਮਹੂਰੀਅਤ ਦੇ ਕਈ ਪਹਿਲੂ ਅਤੇ ਪਰਤਾਂ ਗੁਆ ਚੁੱਕਾ ਹੈ। ਰੂਸ ਦਾ ਰਾਸ਼ਟਰਪਤੀ ਪੂਤਿਨ ਤਾਂ ਇੱਥੋਂ ਤੱਕ ਕਹਿ ਰਿਹਾ ਹੈ ਕਿ ਹੁਣ ਲਿਬਰਲ ਜਮਹੂਰੀਅਤ 'ਪੁਰਾਣੀ ਕਥਾ' ਹੋ ਗਈ ਹੈ। ਸਭ ਤੋਂ ਵੱਧ ਲਿਬਰਲ ਜਮਹੂਰੀਅਤ ਦਾ ਝੰਡਾਬਰਦਾਰ ਅਮਰੀਕਾ ਬੁਰੀ ਤਰ੍ਹਾਂ ਜਮਹੂਰੀਅਤ ਦੇ ਸਾਰੇ ਕਾਇਦੇ ਕਾਨੂੰਨ ਤੋੜਦਾ ਹੋਇਆ ਗੈਰ ਜਮਹੂਰੀਅਤ ਦੇ ਰਸਤੇ ਉੱਪਰ ਪਹੁੰਚ ਚੁੱਕਾ ਹੈ।"

ਦੁਨੀਆ ਦੇ ਇਤਿਹਾਸ ਵਿਚ ਸਿਆਸੀ ਜਮਹੂਰੀਅਤ ਵੱਖ ਵੱਖ ਇਤਿਹਾਸਕ ਦੌਰਾਂ ਵਿਚ ਲੋਕਾਂ ਨੇ ਲੜ ਕੇ ਹਾਸਲ ਕੀਤੀ ਗਈ ਸੀ। ਇਸ ਵਿਚ ਵੱਖੋ-ਵੱਖਰੇ ਪੱਧਰ ਤੇ ਹਰ ਇਕ ਲਈ ਆਜ਼ਾਦੀ, ਤਰਕਸ਼ੀਲ ਵਿਚਾਰਾਂ ਦੀ ਅਹਿਮੀਅਤ ਅਤੇ ਵਿਰੋਧੀ ਵਿਚਾਰਾਂ ਨੂੰ ਵਿਕਸਤ ਕਰਨ ਤੇ ਸਹਿਣ ਲਈ ਬਣਦੇ ਹੱਕ ਦੇਣੇ ਸੀ ਪਰ ਜਿਸ ਪੱਧਰ ਉੱਤੇ ਇਸ ਦੌਰ ਵਿਚ ਤਾਨਾਸ਼ਾਹੀ ਵਿਚ ਵਾਧਾ ਹੋਇਆ ਹੈ, ਉਸ ਨੇ ਵਿਰੋਧ ਵਜੋਂ ਵੱਖ ਵੱਖ ਦੇਸ਼ਾਂ ਵਿਚ ਜਮਹੂਰੀਅਤ ਨੂੰ ਬਹਾਲ ਕਰਨ, ਆਪਣੇ ਹੱਕਾਂ ਤੇ ਆਜ਼ਾਦੀਆਂ ਦੀ ਰੱਖਿਆਂ ਲਈ ਸੰਘਰਸ਼ਾਂ ਨੂੰ ਵੀ ਤੇਜ਼ ਕੀਤਾ ਹੈ।

ਰਿਪੋਰਟ ਅਨੁਸਾਰ ਵੱਖ ਵੱਖ ਪੱਖਾਂ ਤੋਂ ਜੋ ਸਮਾਜਿਕ ਆਜ਼ਾਦੀਆਂ, ਬਣੇ ਹੋਏ ਸੰਵਿਧਾਨਿਕ ਕਾਨੂੰਨ, ਸਾਫ਼-ਸੁਥਰੀਆਂ ਚੋਣਾਂ ਕਰਵਾਉਣ ਦੇ ਪੈਮਾਨੇ, ਸਿਆਸੀ ਆਜ਼ਾਦੀਆਂ ਅਤੇ ਆਪਣੇ ਹੱਕਾਂ ਲਈ ਇਕੱਤਰਤਾਵਾਂ ਕਰਨ ਦੇ ਸਨ, ਉਨ੍ਹਾਂ ਵਿਚ 2009 ਤੋਂ 2019 ਤੱਕ ਵੱਖ ਵੱਖ ਮੁਲਕਾਂ ਵਿਚ ਗਿਰਾਵਟ ਆਈ ਹੈ ਜਿਹੜੀ 2001 ਵਿਚ ਸ਼ੁਰੂ ਹੋਈ ਸੀ ਅਤੇ 2009 ਵਿਚ ਇਹ 46 ਪ੍ਰਤੀਸ਼ਤ ਤੇ ਪਹੁੰਚ ਗਈ ਸੀ। ਇਹ 2019 ਵਿਚ ਹੋਰ ਵਧ ਕੇ 53 ਪ੍ਰਤੀਸ਼ਤ ਹੋ ਗਈ। ਅਜਿਹੇ 29 ਮੁਲਕ ਹਨ ਜਿਨ੍ਹਾਂ ਵਿਚ ਬੋਲੀਵੀਆ, ਪੋਲੈਂਡ, ਮਾਲਵੀ ਸ਼ਾਮਿਲ ਹਨ ਜਿਥੇ ਜਮਹੂਰੀਅਤ ਦੀ ਗਿਰਾਵਟ ਸਭ ਤੋਂ ਵੱਧ ਦਰਜ ਕੀਤੀ ਗਈ ਹੈ। ਰਿਪੋਰਟ ਦੇ ਪੰਨਾ 7 ਅਨੁਸਾਰ ਭਾਰਤ ਜਮਹੂਰੀਅਤ ਦਾ ਆਪਣਾ ਦਰਜਾ ਲਗਾਤਾਰ ਘਟਾ ਰਿਹਾ ਹੈ ਜਿਸ ਨੇ ਮੀਡੀਆ, ਸਿਵਿਲ ਸੁਸਾਇਟੀ, ਵਿਚਾਰਾਂ ਦੀ ਆਜ਼ਾਦੀ, ਲੋਕਾਂ ਦੀ ਵੰਡ ਤਹਿਤ ਵੋਟਾਂ ਹਾਸਲ ਕਰਨ ਦਾ ਰੁਝਾਨ, ਵਿਰੋਧੀ ਪਾਰਟੀਆਂ ਨੂੰ ਦਰਕਿਨਾਰ ਕਰਨਾ ਆਦਿ ਪਹਿਲੂ ਸ਼ਾਮਿਲ ਹਨ।

ਸੰਸਾਰ ਪੱਧਰੀ ਆਬਾਦੀ ਜੋ 92 ਮੁਲਕਾਂ ਦੀ ਤਕਰੀਬਨ 54 ਪ੍ਰਤੀਸ਼ਤ ਬਣਦੀ ਹੈ, ਉਹ ਬੁਰੀ ਤਰ੍ਹਾਂ ਤਾਨਾਸ਼ਾਹੀ ਵਾਲੇ ਕਈ ਪਹਿਲੂਆਂ ਦੇ ਅਧੀਨ ਹੋ ਚੁੱਕੀ ਹੈ ਅਤੇ 35 ਪ੍ਰਤੀਸ਼ਤ ਆਬਾਦੀ ਜੋ 2.6 ਬਿਲੀਅਨ ਬਣਦੀ ਹੈ, ਉਹ ਪੂਰੀ ਤਰ੍ਹਾਂ ਤਾਨਾਸ਼ਾਹੀ ਵਾਲੇ ਪਹਿਲੂ ਅਖ਼ਤਿਆਰ ਕਰ ਗਈਆਂ ਜਮੂਹਰੀਅਤਾਂ ਦੇ ਅਧੀਨ ਹੈ।



ਸੰਸਾਰ ਦੇ 31 ਅਜਿਹੇ ਦੇਸ਼ ਹਨ ਜਿਹੜੇ ਪਿਛਲੇ 19 ਸਾਲਾਂ ਦੌਰਾਨ ਆਜ਼ਾਦ ਵਿਚਾਰਾਂ ਅਤੇ ਆਜ਼ਾਦ ਮੀਡੀਆ ਤੋਂ ਹੱਥ ਧੋ ਬੈਠੇ ਹਨ। 16 ਅਜਿਹੇ ਮੁਲਕ ਹਨ ਜਿਨ੍ਹਾਂ ਦਾ ਸਾਫ਼-ਸੁਥਰੀਆਂ ਚੋਣਾਂ ਕਰਵਾਉਣ ਦਾ ਪੈਮਾਨਾ ਬੁਰੀ ਤਰ੍ਹਾਂ ਹੇਠਾਂ ਡਿੱਗ ਚੁੱਕਾ ਹੈ। ਇਸੇ ਤਰ੍ਹਾਂ ਪਿਛਲੇ 10 ਸਾਲਾਂ ਵਿਚ ਅਕਾਦਮਿਕ ਖੇਤਰ ਵਿਚ ਆਜ਼ਾਦ ਖ਼ਿਆਲ ਰੱਖਣ ਵਾਲੇ ਹਿੱਸਿਆਂ ਵਿਚ ਤਾਨਾਸ਼ਾਹੀ ਦੇ ਅਸਰ ਕਾਰਨ 13 ਪ੍ਰਤੀਸ਼ਤ ਗਿਰਾਵਟ ਆਈ ਹੈ ਅਤੇ ਸ਼ਾਂਤਮਈ ਢੰਗ ਨਾਲ ਆਪਣੀਆਂ ਮੰਗਾਂ ਤੇ ਮਸਲਿਆਂ ਲਈ ਇਕੱਤਰ ਹੋਣਾ ਅਤੇ ਆਵਾਜ਼ ਉਠਾਉਣੀ ਵੀ ਤਾਨਾਸ਼ਾਹ ਰੁਝਾਨ ਵਾਲੇ ਰਾਜਾਂ ਵਿਚ 14 ਪ੍ਰਤੀਸ਼ਤ ਦੀ ਕਮੀ ਆਈ ਹੈ। ਇਸ ਦੇ ਉਲਟ ਵੱਖ ਵੱਖ ਵਰਗਾਂ ਵਿਚ ਨਫ਼ਰਤ ਫੈਲਾਉਣਾ ਤੇ ਵੰਡੀਆਂ ਪਾਉਣੀਆਂ, ਤਾਨਾਸ਼ਾਹੀ ਦੇ ਪੱਖ ਵਿਚ ਮੁਜ਼ਾਹਰੇ ਕਰਨੇ ਅਤੇ ਸਿਆਸੀ ਜਿਆਤੀਆਂ ਸੱਤਾ ਰਾਹੀਂ ਕਰਵਾਉਣੀਆਂ, ਵਿਚ ਵਾਧਾ ਹੋਇਆ ਹੈ। ਇਨ੍ਹਾਂ ਵਿਚ ਬ੍ਰਾਜ਼ੀਲ ਤੇ ਪੋਲੈਂਡ ਮੁੱਖ ਹਨ। ਰਿਪੋਰਟ ਦੇ ਪੰਨਾ 20 ਅਤੇ 21 ਉੱਪਰ ਦਰਜ ਕੀਤਾ ਗਿਆ ਹੈ ਕਿ ਵੱਖ ਵੱਖ ਪੱਧਰ ਤੇ ਜੋ ਆਜ਼ਾਦ ਤੌਰ ਤੇ ਖੋਜਾਂ ਅਤੇ ਪੜ੍ਹਨ-ਪੜ੍ਹਾਉਣ ਦੀ ਪ੍ਰਕਿਰਿਆ ਉਚੇਰੀਆਂ ਸੰਸਥਾਵਾਂ ਵਿਚ ਹੋ ਰਹੀ ਸੀ, ਉਹ ਕੁਚਲੀ ਗਈ ਹੈ। ਅਜਿਹਾ ਸਿਰਫ਼ ਵਿਚਾਰ ਦੇ ਤੌਰ ਤੇ ਹੀ ਨਹੀਂ ਹੋਇਆ ਬਲਕਿ ਅਜਿਹੇ ਵਿਚਾਰਾਂ ਨੂੰ ਉਤਸ਼ਾਹਿਤ ਕਰਨ ਵਾਲੀਆਂ ਸੰਸਥਾਵਾਂ ਨੂੰ ਦਿੱਤੀ ਜਾਂਦੀ ਵਿੱਤੀ ਮਦਦ ਵੀ ਘਟਾ ਦਿੱਤੀ ਗਈ ਹੈ। ਸਮਾਜਿਕ ਤੌਰ ਤੇ ਵੰਡੀਆਂ ਪਾਉਣ ਵਾਲੇ ਰੁਝਾਨ ਉਚੇਰੀ ਸਿੱਖਿਆ ਦੇ ਅਦਾਰਿਆਂ ਵਿਚ ਤਾਨਾਸ਼ਾਹੀ ਵਿਚਾਰਾਂ ਨਾਲ ਲੈਸ ਕਰਨ ਦਾ ਰੁਝਾਨ ਵਧ ਗਿਆ ਹੈ। ਪਹਿਲਾਂ ਸਿਆਸੀ ਤੌਰ ਤੇ ਵਖਰੇਵਿਆਂ ਦਾ ਜੋ ਸਤਿਕਾਰ ਕੀਤਾ ਜਾਂਦਾ ਸੀ, ਉਹ ਪੂਰੀ ਤਰ੍ਹਾਂ ਮਲੀਆ-ਮੇਟ ਕਰ ਦਿੱਤਾ ਗਿਆ ਹੈ; ਕਹਿਣ ਦਾ ਭਾਵ, ਜਮਹੂਰੀਅਤ ਦੇ ਬੁਨਿਆਦੀ ਕਾਇਦੇ-ਕਾਨੂੰਨ, ਸੰਘਰਸ਼ ਰਾਹੀਂ ਸੱਤਾ ਹਾਸਲ ਕਰਨੀ ਅਤੇ ਮੁੜ ਲੋਕਾਂ ਲਈ ਜੁਆਬਦੇਹ ਹੋਣਾ, ਉਹ ਬੇਵਿਸ਼ਵਾਸੀ ਵਿਚ ਤਬਦੀਲ ਕਰ ਦਿੱਤਾ ਗਿਆ ਹੈ।

ਅਜਿਹੇ ਹਾਲਾਤ ਵਿਚ ਵੱਖ ਵੱਖ ਦੇਸ਼ਾਂ ਵਿਚ ਸੋਵੀਅਤ ਯੂਨੀਅਨ ਦੇ ਢਹਿ-ਢੇਰੀ ਹੋਣ ਅਤੇ ਅਰਬ ਦੇਸ਼ਾਂ ਵਿਚ ਉੱਠੇ ਸੰਘਰਸ਼ਾਂ ਤੋਂ ਬਾਅਦ ਵਰ੍ਹਾ 2019 ਵਿਚ ਮੁੜ ਕਈ ਦੇਸ਼ਾਂ ਵਿਚ ਉਚੇਰੀ ਪੱਧਰ ਤੇ ਜਮਹੂਰੀਅਤ ਦੀ ਬਹਾਲੀ ਲਈ ਸੰਘਰਸ਼ ਪੈਦਾ ਹੋਏ ਜਿਨ੍ਹਾਂ ਦੀ 2009 ਵਿਚ 27 ਪ੍ਰਤੀਸ਼ਤਤਾ ਸੀ, ਉਹ ਵਧ ਕੇ 2019 ਵਿਚ 44 ਹੋ ਗਈ। ਕਈ ਦੇਸ਼ਾਂ ਵਿਚ ਲੋਕ ਸਿਵਿਲ ਹੱਕਾਂ ਦੀ ਰਾਖੀ, ਕਾਨੂੰਨ ਦਾ ਰਾਜ, ਸਾਫ਼-ਸੁਥਰੀਆਂ ਚੋਣਾਂ ਅਤੇ ਸਿਆਸੀ ਆਜ਼ਾਦੀਆਂ ਲਈ ਸੜਕਾਂ ਤੇ ਵੀ ਉੱਤਰੇ ਹਨ ਜਿਨ੍ਹਾਂ ਨੇ ਵਧ ਰਹੀ ਤਾਨਾਸ਼ਾਹੀ ਦੇ ਖ਼ਤਰਿਆਂ ਖ਼ਿਲਾਫ਼ ਜਮਹੂਰੀਅਤ ਦੀ ਮੁੜ ਸਥਾਪਨਾ ਲਈ ਵੱਖ ਵੱਖ ਰੂਪਾਂ ਵਿਚ ਪ੍ਰਤੀਬੱਧਤਾ ਦਾ ਇਜ਼ਹਾਰ ਕੀਤਾ ਹੈ।

ਰਿਪੋਰਟ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ 2019 ਸੰਸਾਰ ਪੱਧਰ ਤੇ ਸੰਘਰਸ਼ਾਂ ਦਾ ਵਰ੍ਹਾ ਰਿਹਾ ਹੈ ਜਿਨ੍ਹਾਂ ਵਿਚ ਹਾਂਗਕਾਂਗ ਅਤੇ ਤਹਿਰਾਨ ਤੋਂ ਵਾਰਸਾ ਤੇ ਸਿਆਟਲ ਤੱਕ ਦੇ ਸ਼ਹਿਰ ਵੱਡੇ ਮੁਜ਼ਾਹਰਿਆਂ ਦੇ ਕੇਂਦਰ ਬਣੇ। ਇਸ ਬਾਰੇ ਰਿਪੋਰਟ ਵਿਚ ਵੱਖ ਵੱਖ ਹੋਏ ਮੁਜ਼ਾਹਰੇ, ਟਕਰਾਓ ਅਤੇ ਸੰਘਰਸ਼ਾਂ ਦੇ ਤੱਥ ਦਰਜ ਕੀਤੇ ਹਨ ਕਿ ਕਿਸ ਤਰ੍ਹਾਂ 2019 ਵਿਚ ਦੁਨੀਆ ਦੇ 34 ਅਜਿਹੇ ਤਾਨਾਸ਼ਾਹ ਕਿਸਮ ਦੇ ਰਾਜਾਂ ਖ਼ਿਲਾਫ਼ ਲੋਕ ਮੁਜ਼ਾਹਰਿਆਂ ਵਿਚ ਉੱਤਰਦੇ ਰਹੇ। ਇਨ੍ਹਾਂ ਵਿਚ ਸੁਡਾਨ, ਅਲਜੀਰੀਆ ਤੇ ਹਾਂਗਕਾਂਗ ਦਾ ਮੁੱਖ ਤੌਰ ਤੇ ਜ਼ਿਕਰ ਕੀਤਾ ਗਿਆ ਹੈ। ਇੱਥੋਂ ਤੱਕ ਕਿ ਅਰਮੀਨੀਆ, ਸ੍ਰੀਲੰਕਾ ਅਤੇ ਟਿਊਨੇਸ਼ੀਆ ਨੇ ਤਾਂ ਜਮਹੂਰੀ ਪ੍ਰਾਪਤੀਆਂ ਵੀ ਕੀਤੀਆਂ ਜਿਨ੍ਹਾਂ ਵਿਚ ਅਕਾਦਮਿਕ ਆਜ਼ਾਦੀ ਅਤੇ ਜਮਹੂਰੀਅਤ ਪ੍ਰਤੀ ਪ੍ਰਤੀਬੱਧਤਾ ਸ਼ਾਮਿਲ ਹਨ।

ਇਸ ਰਿਪੋਰਟ 'ਚ ਭਾਵੇਂ ਵੱਖ ਵੱਖ ਲਹਿਰਾਂ ਦਾ ਜ਼ਿਕਰ ਕੀਤਾ ਗਿਆ ਹੈ ਪਰ ਇਹ ਪ੍ਰਾਪਤੀਆਂ ਇਨ੍ਹਾਂ ਦੇਸ਼ਾਂ ਵਿਚ ਲੋਕਾਂ ਦੀਆਂ ਆਰਥਿਕ ਤੰਗੀਆਂ-ਤੁਰਸ਼ੀਆਂ ਦੂਰ ਕਰ ਕੇ ਬਦਲਵੇਂ ਸਮਾਜ ਤੇ ਆਰਥਿਕਤਾ ਵਾਲੀ ਜਮਹੂਰੀਅਤ ਦੇ ਸੁਮੇਲ ਨੂੰ ਅਗਾਂਹ ਨਹੀਂ ਵਧਾ ਸਕੀਆਂ ਹਾਲਾਂਕਿ ਹਰ ਕਿਸਮ ਦਾ ਵਿਰੋਧ ਸਿਆਸੀ ਪ੍ਰਬੰਧ ਦੇ ਬਦਲ ਨੂੰ ਤਾਂ ਉਭਾਰਦਾ ਹੈ ਪਰ ਕਈ ਵਾਰੀ ਸਮਾਜਿਕ ਤੇ ਆਰਥਿਕ ਫਰੰਟਾਂ ਉੱਪਰ ਉਹ ਲੋਕਾਂ ਦੀਆਂ ਲੋੜਾਂ ਦੇ ਸਰੋਕਾਰਾਂ ਨੂੰ ਸੰਬੋਧਤ ਨਹੀਂ ਹੁੰਦਾ। ਇਸੇ ਕਰ ਕੇ ਜਮਹੂਰੀਅਤ ਦੇ ਪੱਖ ਵਿਚ ਉੱਠਦੀਆਂ ਨਵੀਆਂ ਲਹਿਰਾਂ ਕਈ ਵਾਰੀ ਸਿਰਫ਼ ਕੁਝ ਹੱਕਾਂ ਤੱਕ ਸੀਮਤ ਹੋ ਕੇ ਰਹਿ ਜਾਂਦੀਆਂ ਹਨ। ਇਹ ਖ਼ਦਸ਼ਾ ਰਿਪੋਰਟ ਵਿਚ ਵੀ ਦਰਜ ਕੀਤਾ ਗਿਆ ਹੈ।



ਡਾ. ਕੁਲਦੀਪ ਸਿੰਘ

ਵੀ-ਡੈਮ (ਵਰਾਇਟੀਜ਼ ਆਫ਼ ਡੈਮੋਕ੍ਰੇਸੀ) ਨੇ 1789 ਤੋਂ 2019 ਤੱਕ 202 ਮੁਲਕਾਂ ਦੇ ਜਮਹੂਰੀਅਤ ਨਾਲ ਸਬੰਧਿਤ 28 ਮਿਲੀਅਨ ਡੇਟਾ ਨੁਕਤਿਆਂ ਨੂੰ ਇੱਕਜੁੱਟ ਕਰਨ ਲਈ ਦੁਨੀਆ ਭਰ ਦੇ 3000 ਤੋਂ ਵੱਧ ਖੋਜਾਰਥੀਆਂ ਅਤੇ ਵੱਖ ਵੱਖ ਦੇਸ਼ਾਂ ਦੇ ਮਾਹਿਰਾਂ ਦੀਆਂ ਸੇਵਾਵਾਂ ਲਈਆਂ ਹਨ। ਉਨ੍ਹਾਂ ਨੇ ਆਪਣੀ ਬੌਧਿਕ ਤਾਕਤ ਦੇ ਆਧਾਰ ਤੇ ਅਜੋਕੀਆਂ ਜਮੂਹਰੀਅਤਾਂ ਦੇ ਸੁਭਾਅ, ਕਾਰਨ ਅਤੇ ਇਨ੍ਹਾਂ ਅੰਦਰਲੇ ਵਿਰੋਧਾਭਾਸ ਨਸ਼ਰ ਕੀਤੇ ਹਨ ਕਿ ਕਿਸ ਤਰ੍ਹਾਂ ਵੱਖ ਵੱਖ ਦੌਰਾਂ ਵਿਚ ਲੋਕਾਂ ਨੇ ਲੜ ਕੇ ਜਮੂਹਰੀਅਤ ਹਾਸਲ ਕੀਤੀ ਸੀ, ਇਤਿਹਾਸਕ ਤੌਰ ਤੇ ਪੈੜਾਂ ਪਾਈਆਂ ਸਨ ਅਤੇ ਉਨ੍ਹਾਂ ਦੀਆਂ ਵੱਖੋ-ਵੱਖਰੀਆਂ ਪਰਤਾਂ ਦੇ ਨਿਚੋੜ ਕੱਢ ਕੇ ਰਾਸ਼ਟਰਾਂ ਅਤੇ ਸੰਵਿਧਾਨਾਂ ਦਾ ਨਿਰਮਾਣ ਕੀਤਾ ਸੀ। ਇਹ ਸਭ 2009 ਤੋਂ 2019 ਤੱਕ ਇਹ ਬੁਰੀ ਤਰ੍ਹਾਂ ਲੜ ਖੜਾਇਆ, ਤੱਤ ਰੂਪ ਵਿਚ ਕਹਿੰਦੀਆਂ ਕਹਾਉਂਦੀਆਂ ਜਮੂਹਰੀਅਤਾਂ ਵੀ ਤਾਨਾਸ਼ਾਹੀ ਵਾਲੇ ਅੰਸ਼ਾਂ ਨਾਲ ਭਰ ਚੁੱਕੀਆਂ ਹਨ। ਇਸੇ ਕਰ ਕੇ ਇਸ ਰਿਪੋਰਟ ਨੇ ਆਪਣਾ ਸਿਰਲੇਖ ਤਾਨਾਸ਼ਾਹੀ ਰੁਝਾਨਾਂ ਵਿਚ ਵਾਧਾ ਅਤੇ ਉਨ੍ਹਾਂ ਦੇ ਖ਼ਿਲਾਫ਼ ਵਧਦੇ ਵਿਦਰੋਹਾਂ ਦੀ ਦਸਤਾਵੇਜ਼ ਕਿਹਾ ਹੈ। ਅਜੋਕੇ ਦੌਰ ਦੀ ਜਰਜਰ ਹੋ ਚੁੱਕੀ ਜਮਹੂਰੀਅਤ ਦੇ ਬਦਲ ਵਜੋਂ ਵੱਖ ਵੱਖ ਦੇਸ਼ਾਂ ਵਿਚ ਆਪੋ-ਆਪਣੇ ਸੱਭਿਆਚਾਰਾਂ, ਇਤਿਹਾਸਕ ਵਿਰਾਸਤਾਂ ਅਤੇ ਆਰਥਿਕ ਲੜਾਈਆਂ ਤੋਂ ਸਬਕ ਲੈਂਦੇ ਹੋਏ ਬਦਲਵੇਂ ਸਮਾਜਿਕ ਬਰਾਬਰੀ ਵਾਲੇ ਜਮਹੂਰੀ ਸਮਾਜ ਦੀ ਸਿਰਜਣਾ ਲਈ ਨਿਸ਼ਾਨਦੇਹੀ ਕਰਨੀ ਅਤੇ ਉਸ ਉੱਪਰ ਇੱਕਜੁੱਟ ਹੋ ਕੇ ਸੋਚਣ ਲਈ ਅਗਾਂਹ ਵਧਣਾ ਅਣਸਰਦੀ ਲੋੜ ਬਣ ਗਈ ਹੈ।

# ਵਾਤਾਵਰਨ ਤਬਦੀਲੀ ਬਾਰੇ ਪਹੁੰਚ

ਵਾਤਾਵਰਨ ਤਬਦੀਲੀ ਕਾਰਨ ਵਧ ਰਹੀ ਕੌਮਾਂਤਰੀ ਤਪਸ਼ ਦੁਨੀਆ ਭਰ ਵਿਚ ਚਿੰਤਾ ਦਾ ਵਿਸ਼ਾ ਹੈ। ਇਸੇ ਕਰ ਕੇ 1992 ਵਿਚ ਇਸ ਮੁੱਦੇ ਉੱਤੇ ਰੀਓ ਡੀ ਜਨੇਰੀਓ ਵਿਖੇ ਹੋਈ ਕਾਨਫ਼ਰੰਸ ਤੋਂ ਪਿੱਛੋਂ ਫਰਾਂਸ ਦੀ ਰਾਜਧਾਨੀ ਪੈਰਿਸ ਵਿਚ ਹੋਏ ਸਮਝੌਤੇ ਵਿਚ ਦੁਨੀਆ ਭਰ ਦੇ ਦੇਸ਼ਾਂ ਨੇ ਸਾਂਝੀ ਲੜਾਈ ਲੜਨ ਦਾ ਅਹਿਦ ਲਿਆ ਸੀ। ਜੀ-20 ਮੁਲਕਾਂ ਦੀ ''ਧਰਤੀ ਦੀ ਸੁਰੱਖਿਆ'' ਵਿਸ਼ੇ ਉੱਤੇ ਹੋ ਰਹੀ ਕਾਨਫ਼ਰੰਸ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਫ਼ੈਸਲੇ ਨੂੰ ਦੁਹਰਾਉਂਦਿਆਂ ਵਾਤਾਵਰਨ ਤਬਦੀਲੀ ਖ਼ਿਲਾਫ਼ ਸਾਂਝੀ ਲੜਾਈ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ। ਇਸ ਲਈ ਵਿਕਾਸਸ਼ੀਲ ਦੇਸ਼ਾਂ ਨੂੰ ਵੱਡੇ ਪੱਧਰ ਉੱਤੇ ਤਕਨੀਕ ਅਤੇ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ।



ਵਿਕਸਤ ਦੇਸ਼ਾਂ ਤੋਂ ਇਸ ਦੀ ਉਮੀਦ ਕੀਤੀ ਜਾਂਦੀ ਹੈ ਪਰ ਅਮਰੀਕਾ ਵਰਗੇ ਕਈ ਵੱਡੇ ਦੇਸ਼ ਇਸ ਤੋਂ ਪਾਸਾ ਵੱਟ ਰਹੇ ਹਨ। ਪਿਛਲੇ ਦਿਨੀਂ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੀਤੇ ਗਏ ਐਲਾਨ ਅਨੁਸਾਰ ਅਮਰੀਕਾ ਨੇ ਰਸਮੀ ਤੌਰ ਉੱਤੇ ਪੈਰਿਸ ਸਮਝੌਤੇ ਤੋਂ ਬਾਹਰ ਆਉਣ ਦਾ ਫ਼ੈਸਲਾ ਕਰ ਲਿਆ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਵਾਤਾਵਰਨ ਵਿਚ ਆ ਰਹੀਆਂ ਤਬਦੀਲੀਆਂ ਕਾਰਨ ਕੁਦਰਤੀ ਆਫ਼ਤਾਂ ਆਉਣ ਦੀ ਸੰਭਾਵਨਾ ਤੇਜ਼ੀ ਨਾਲ ਵਧ ਰਹੀ ਹੈ। ਬਹੁਤ ਸਾਰੇ ਟਾਪੂਆਂ ਦੇ ਡੁੱਬ ਜਾਣ ਦਾ ਖ਼ਤਰਾ ਵੀ ਮੰਡਰਾ ਰਿਹਾ ਹੈ। ਇਸ ਸਭ ਕੁਝ ਵਿਕਾਸ ਦੇ ਮੌਜੂਦਾ ਤੌਰ-ਤਰੀਕਿਆਂ ਕਾਰਨ ਹਵਾ ਵਿਚ ਵਧ ਰਹੀ ਜ਼ਹਿਰੀਲੀਆਂ ਗਰੀਨ ਹਾਊਸ ਗੈਸਾਂ ਦੀ ਹੱਦੋਂ ਵੱਧ ਮਾਤਰਾ ਕਾਰਨ ਹੈ। ਜੇਕਰ ਖ਼ਤਰਾ ਇਸੇ ਤਰ੍ਹਾਂ ਵਧਦਾ ਰਿਹਾ ਤਾਂ ਪੂਰੇ ਜੈਵਿਕ ਜੀਵਨ ਦੀ ਹੋਂਦ ਹੀ ਖ਼ਤਰੇ ਵਿਚ ਪੈ ਜਾਵੇਗੀ। ਇਸ ਚਿੰਤਾ ਨੂੰ ਮੁੱਖ ਰੱਖ ਕੇ ਸੰਸਾਰ ਪੱਧਰੀ ਸੰਮੇਲਨਾਂ ਵਿਚ ਵਾਤਾਵਰਨ ਦਾ ਮੁੱਦਾ ਮੁੱਖ ਰੂਪ ਵਿਚ ਵਿਚਾਰਿਆ ਜਾਣ ਲੱਗਿਆ ਹੈ। ਪ੍ਰਧਾਨ ਮੰਤਰੀ ਨੇ ਇਸ ਮੌਕੇ ਕਿਰਤ ਦੀ ਗੱਲ ਕਰਦਿਆਂ ਕਿਹਾ ਕਿ ਕਿਰਤ ਨੂੰ ਕੇਵਲ ਪੈਦਾਵਾਰ ਨਾਲ ਜੋੜ ਕੇ ਹੀ ਨਹੀਂ ਦੇਖਿਆ ਜਾਣਾ ਚਾਹੀਦਾ ਸਗੋਂ ਕਿਰਤੀ ਮਨੁੱਖ ਦੇ ਮਾਣ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ।

ਪ੍ਰਧਾਨ ਮੰਤਰੀ ਦੇ ਕਥਨਾਂ ਅਤੇ ਕੇਂਦਰ ਸਰਕਾਰ ਦੁਆਰਾ ਚੁੱਕੇ ਗਏ ਕਦਮਾਂ ਵਿਚ ਵੱਡੇ ਅੰਤਰ ਵਿਰੋਧ ਹਨ। ਕੇਂਦਰ ਸਰਕਾਰ ਨੇ ਵਾਤਾਵਰਨ ਬਾਰੇ ਨੋਟੀਫਿ-ਕੇਸ਼ਨ ਜਾਰੀ ਕਰ ਕੇ ਬਹੁਤ ਸਾਰੇ ਪ੍ਰਾਜੈਕਟਾਂ ਨੂੰ ਜਨਤਕ ਸੁਣਵਾਈ ਤੋਂ ਛੋਟ ਦਿੱਤੀ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਪ੍ਰਾਜੈਕਟਾਂ ਬਾਰੇ ਇਹ ਤਜਵੀਜ਼ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਸ਼ੁਰੂ ਕਰਨ ਦੀ ਇਜਾਜ਼ਤ ਦੇ ਦਿੱਤੀ ਜਾਏ ਅਤੇ ਵਾਤਾਵਰਨ ਨਾਲ ਜੁੜੀਆਂ ਪ੍ਰਵਾਨਗੀਆਂ ਬਾਅਦ ਵਿਚ ਲੈ ਲਈਆਂ ਜਾਣ। ਇਹ ਗੱਲ ਕਿਸੇ ਵੀ ਤਰ੍ਹਾਂ ਜਚਣਯੋਗ ਨਹੀਂ ਹੈ। ਵਿਕਾਸ ਦੇ ਨਾਂ ਹੇਠ ਕਾਰਪੋਰੇਟ ਅਦਾਰੇ ਵਾਤਾਵਰਨ ਸਬੰਧੀ ਨਿਯਮਾਂ ਤੇ ਨੇਮਾਂ ਨੂੰ ਤਾਕ 'ਤੇ ਰੱਖ ਦੇਣ ਦੀ ਦਲੀਲ ਦਿੰਦੇ ਆਏ ਹਨ। ਕਾਰਪੋਰੇਟ ਅਦਾਰਿਆਂ ਦੀ ਇਹ ਪਹੁੰਚ ਲਾਲਚ ਤੇ ਮੁਨਾਫ਼ੇ 'ਤੇ ਸੇਧਿਤ ਹੈ। ਸਰਕਾਰ ਦੀਆਂ ਪਹਿਲ ਕਦਮੀਆਂ ਕਾਰਪੋਰੇਟਾਂ ਦੇ ਹੱਕ ਵਿਚ ਹਨ। ਪ੍ਰਧਾਨ ਮੰਤਰੀ ਦੀ ਕੌਮਾਂਤਰੀ ਮੰਚ ਉੱਤੇ ਪ੍ਰਗਟਾਈ ਚਿੰਤਾ ਜਾਇਜ਼ ਹੈ ਪਰ ਅਜਿਹੀ ਸਥਿਤੀ ਵਿਚ ਬਦਲਵੀਂ ਸੋਚ, ਕਹਿਣੀ ਅਤੇ ਕਰਨੀ ਦੇ ਸੁਮੇਲ ਦੀ ਜ਼ਰੂਰਤ ਹੈ।

FAIRWAY
AUTO CENTER
ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖਸ਼ ਤੇ ਤਜਰਬੇਕਾਰ
ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ



Gurdial Aujla

ਸੋਮਵਾਰ ਤੋਂ ਸ਼ਨਿਚਰਵਾਰ ਤੱਕ-ਸਵੇਰੇ 8 ਵਜੇ ਤੋਂ 6 ਵਜੇ ਤੱਕ



Darshan Aujla
510-750-6116

1421 Industrial Parkway West #C
Hayward, CA 94644
510-538-2983
Email:-
fairwayautocenter@hotmail.com

# ਜੰਮੂ ਕਸ਼ਮੀਰ 'ਚ ਉਸਾਰੇ ਭਰੋਸੇ ਦੇ ਪੁਲਾਂ ਦੀ ਦਾਸਤਾਂ



ਗੁਰਬਚਨ ਜਗਤ

ਜੰਮੂ ਕਸ਼ਮੀਰ ਹਮੇਸ਼ਾਂ ਹੀ ਕੌਮੀ ਦਿਸਹੱਦੇ 'ਤੇ ਉਭਰਦਾ ਰਿਹਾ ਹੈ। ਉਸ ਹਿਸਾਬ ਨਾਲ ਪਿਛਲੇ ਦੋ ਕੁ ਸਾਲ ਵੀ ਅਪਵਾਦ ਨਹੀਂ ਹਨ। ਇਸ ਅਰਸੇ ਦੌਰਾਨ ਕੀਤੀਆਂ ਗਈਆਂ ਉਥਲ ਪੁਥਲ ਵਾਲੀਆਂ ਤਬਦੀਲੀਆਂ ਨੇ ਢਾਂਚੇ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਹਨ ਹਾਲਾਂਕਿ ਇਨ੍ਹਾਂ ਤਬਦੀਲੀਆਂ ਨੂੰ ਪੂਰੀ ਤਰ੍ਹਾਂ ਅਣਕਿਆਸੀਆਂ ਵੀ ਨਹੀਂ ਕਿਹਾ ਜਾ ਸਕਦਾ। ਉਂਜ, ਇਹ ਸਭ ਕੁਝ ਕਰਦਿਆਂ ਅਸੀਂ ਸ਼ਾਇਦ ਆਪਣੇ ਦੁਸ਼ਮਣਾਂ ਦੇ ਹੱਥਾਂ ਵਿਚ ਖੇਡ ਗਏ ਹਾਂ ਜਿਨ੍ਹਾਂ ਨੂੰ ਸਾਡੇ 'ਚ ਵੰਡੀਆਂ ਪਾਉਣ ਅਤੇ ਸਾਡੇ ਗਣਰਾਜ ਨੂੰ ਕਮਜ਼ੋਰ ਕਰਨ ਦੇ ਹਰ ਮੌਕੇ ਦੀ ਤਲਾਸ਼ ਰਹਿੰਦੀ ਹੈ। ਇਨ੍ਹਾਂ ਤਬਦੀਲੀਆਂ ਦੇ ਝਟਕੇ ਤੋੜ ਦਿੱਤੇ ਗਏ ਸੂਬੇ ਦੇ ਹਰ ਸ਼ੋਹਬੇ 'ਤੇ ਮਹਿਸੂਸ ਕੀਤੇ ਗਏ ਹਨ। ਸਾਰੇ ਮਨੁੱਖੀ ਰਿਸ਼ਤਿਆਂ ਦਾ ਆਧਾਰ ਭਰੋਸਾ ਹੁੰਦਾ ਹੈ ਅਤੇ ਇਹੀ ਭਰੋਸਾ ਕਾਇਮ ਕਰਨ ਖ਼ਾਤਰ ਅਸੀਂ ਦਹਾਕਿਆਂ ਤੋਂ ਕੰਮ ਕਰਦੇ ਆ ਰਹੇ ਸਾਂ। ਅੱਜ ਇਹ ਭਰੋਸਾ ਤੋੜ ਦਿੱਤਾ ਗਿਆ, ਪਰ ਮੈਨੂੰ ਹਾਲੇ ਵੀ ਆਸ ਹੈ ਕਿ ਅਸੀਂ ਇਸ ਨੂੰ ਮੁੜ ਉਸਾਰ ਸਕਦੇ ਹਾਂ। ਸਾਨੂੰ ਇਕਜੁੱਟ ਰਹਿਣਾ ਪਵੇਗਾ ਅਤੇ ਇਸ ਦੇ ਨਾਲ ਹੀ ਸਮੁੱਚੇ ਦੇਸ਼ ਅੰਦਰ ਇਕ ਦੂਜੇ ਦੀ ਪਛਾਣ ਤੇ ਵਿਭਿੰਨਤਾ ਦੀ ਕਦਰ ਕਰਨੀ ਪੈਣੀ ਹੈ। ਜਦੋਂ ਮੈਨੂੰ ਜੰਮੂ ਕਸ਼ਮੀਰ ਪੁਲੀਸ ਦੀ ਮੁੜ ਉਸਾਰੀ ਦਾ ਕਾਰਜ ਸੌਂਪਿਆ ਗਿਆ ਸੀ ਤਾਂ ਮੈਂ ਇਸੇ ਕਾਰਜ ਦਾ ਹਿੱਸਾ ਬਣਿਆ ਸਾਂ ਤੇ ਇੱਥੇ ਮੈਂ ਉਸ ਦਾ ਮੁਖ਼ਤਸਰ ਜ਼ਿਕਰ ਕਰਨਾ ਚਾਹੁੰਦਾ ਹਾਂ।

1996 ਦੇ ਅਖੀਰ ਵਿਚ ਜੰਮੂ ਕਸ਼ਮੀਰ ਵਿਧਾਨ ਸਭਾ ਦੀਆਂ ਚੋਣਾਂ ਕਰਵਾਈਆਂ ਗਈਆਂ ਅਤੇ ਡਾਕਟਰ ਫ਼ਾਰੂਕ ਅਬਦੁੱਲਾ ਨੇ ਨੈਸ਼ਨਲ ਕਾਨਫਰੰਸ ਸਰਕਾਰ ਦੇ ਮੁੱਖ ਮੰਤਰੀ ਵਜੋਂ ਹਲਫ਼ ਲਿਆ। ਕੁਝ ਦੇਰ ਬਾਅਦ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਇਹ ਫ਼ੈਸਲਾ ਕੀਤਾ ਕਿ ਜੰਮੂ ਕਸ਼ਮੀਰ ਪੁਲੀਸ ਦਾ ਮੁਖੀ ਰਾਜ ਦੇ ਕੇਡਰ ਤੋਂ ਬਾਹਰਲੇ ਅਫ਼ਸਰ ਨੂੰ ਨਿਯੁਕਤ ਕੀਤਾ ਜਾਵੇ। ਮੈਨੂੰ ਪੁੱਛਿਆ ਗਿਆ ਕਿ ਕੀ ਮੈਂ ਪੰਜਾਬ ਕੇਡਰ ਤੋਂ ਡੈਪੁਟੇਸ਼ਨ 'ਤੇ ਉੱਥੇ ਜਾਣ ਲਈ ਤਿਆਰ ਹਾਂ ਤੇ ਮੈਂ ਇਸ ਲਈ ਸਹਿਮਤੀ ਦੇ ਦਿੱਤੀ ਕਿਉਂਕਿ ਕਿਸੇ ਗੜਬੜਜ਼ਦਾ ਰਾਜ ਦੀ ਪੁਲੀਸ ਦੀ ਵਾਗਡੋਰ ਸੰਭਾਲਣਾ ਮੇਰੇ ਲਈ ਵੱਡੇ ਫਖ਼ਰ ਦੀ ਗੱਲ ਸੀ। ਮੈਂ ਫਰਵਰੀ 1997 ਵਿਚ ਜੰਮੂ ਕਸ਼ਮੀਰ ਪੁਲੀਸ ਦੇ ਡੀਜੀਪੀ ਵਜੋਂ ਅਹੁਦਾ ਸੰਭਾਲਿਆ ਸੀ ਤੇ ਸਾਲ 2000 ਦੇ ਅੰਤ ਤੱਕ ਉੱਥੇ ਤਾਇਨਾਤ ਰਿਹਾ।



ਸਰਦੀਆਂ ਦਾ ਮੌਸਮ ਸੀ ਤੇ ਮੈਂ ਜੰਮੂ 'ਚ ਜੁਆਇਨ ਕੀਤਾ ਅਤੇ ਗਵਰਨਰ, ਮੁੱਖ ਮੰਤਰੀ, ਮੁੱਖ ਸਕੱਤਰ ਅਤੇ ਹਥਿਆਰਬੰਦ ਦਸਤਿਆਂ, ਨੀਮ ਫ਼ੌਜੀ ਦਸਤਿਆਂ ਤੇ ਪੁਲੀਸ ਦੇ ਅਫ਼ਸਰਾਂ ਨੂੰ ਮਿਲਣ ਗਿਲਣ ਦੀਆਂ ਰਸਮੀ ਕਾਰਵਾਈਆਂ ਜਲਦੀ ਜਲਦੀ ਪੂਰੀਆਂ ਕੀਤੀਆਂ। ਫਿਰ ਮੈਂ ਵਾਦੀ ਅਤੇ ਰਾਜੌਰੀ, ਪੁਣਛ, ਡੋਡਾ ਅਤੇ ਹੋਰਨਾਂ ਜ਼ਿਲ੍ਹਿਆਂ ਦੇ ਥਾਣਿਆਂ ਦਾ ਦੌਰਾ ਸ਼ੁਰੂ ਕੀਤਾ। ਮੈਂ ਹਰ ਥਾਈਂ ਪੁਲੀਸ ਕਰਮੀਆਂ ਤੇ ਜੂਨੀਅਰ ਅਫ਼ਸਰਾਂ ਨਾਲ ਰਾਬਤਾ ਕਾਇਮ ਕੀਤਾ। ਸਬੰਧਿਤ ਇਲਾਕੇ ਦੇ ਸੀਨੀਅਰ ਫ਼ੌਜੀ/ਨੀਮ ਫ਼ੌਜੀ ਅਫ਼ਸਰਾਂ ਨਾਲ ਮੁਲਾਕਾਤਾਂ ਕਰਨ ਦਾ ਮੌਕਾ ਵੀ ਮਿਲਿਆ। ਮੈਂ ਪੁਲੀਸ ਅਫ਼ਸਰਾਂ ਤੇ ਜਵਾਨਾਂ ਨੂੰ ਉਨ੍ਹਾਂ ਦੀ ਵਰਦੀ ਦਾ ਮਾਣ ਸਤਿਕਾਰ ਕਰਨ ਅਤੇ ਇਕਜੁੱਟ ਹੋ ਕੇ ਵਿਦੇਸ਼ੀ ਏਜੰਟਾਂ ਤੇ ਉਨ੍ਹਾਂ ਦੇ ਹਮਾਇਤੀਆਂ ਖ਼ਿਲਾਫ਼ ਮਾਂ-ਭੂਮੀ ਦੀ ਰਾਖੀ ਲਈ ਕੰਮ ਕਰਨ ਦਾ ਹੋਕਾ ਦਿੱਤਾ। ਮੇਰਾ ਇਕੋ ਉਦੇਸ਼ ਸੀ- ਪੁਲੀਸ ਅਤੇ ਲੋਕਾਂ ਦਾ ਭਰੋਸਾ ਜਿੱਤਣਾ ਅਤੇ ਇਹ ਤਾਂ ਹੀ ਹੋ ਸਕਦਾ ਸੀ ਜੇ ਮੈਂ ਵਾਜਬ, ਨਿਰਪੱਖ, ਖਲੂਸ ਅਤੇ ਪੇਸ਼ੇਵਰ ਢੰਗ ਨਾਲ ਕੰਮ ਕਰਦਾ ਨਜ਼ਰ ਆਉਂਦਾ। ਪੁਲੀਸ ਨੂੰ ਸਹਾਇਕ ਢਾਂਚੇ ਤੇ ਆਧੁਨਿਕ ਹਥਿਆਰਾਂ, ਵਾਹਨਾਂ, ਸੰਚਾਰ ਸਾਧਨਾਂ ਆਦਿ ਦੀ ਘਾਟ ਰੜਕ ਰਹੀ ਸੀ। ਕੇਂਦਰੀ ਗ੍ਰਹਿ ਮੰਤਰਾਲੇ ਦੀ ਪੂਰੀ ਹਮਾਇਤ ਹੋਣ ਕਰਕੇ ਅਸੀਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਕੁਝ ਮਹੀਨਿਆਂ ਦੇ ਅੰਦਰ ਅੰਦਰ ਇਹ ਸਾਜ਼ੋ-ਸਾਮਾਨ ਮੁਹੱਈਆ ਕਰਵਾ ਦਿੱਤਾ ਜਾਵੇਗਾ ਅਤੇ ਸਾਨੂੰ ਉਨ੍ਹਾਂ ਤੋਂ ਸਿਰਫ਼ ਇਕੋ ਚੀਜ਼- ਵਫ਼ਾਦਾਰੀ ਤੇ ਤਨਦੇਹੀ ਨਾਲ ਡਿਊਟੀ ਅਤੇ ਸਾਡੇ ਅਪਰੇਸ਼ਨਾਂ ਲਈ ਚੰਗੀ ਖ਼ੁਫ਼ੀਆ ਜਾਣਕਾਰੀ ਦਰਕਾਰ ਸੀ।

ਇਕ ਨੀਤੀਗਤ ਫ਼ੈਸਲਾ ਤਾਂ ਇਹ ਸੀ ਕਿ ਪੁਲੀਸ ਬਲ ਦੀ ਨਫ਼ਰੀ ਵਧਾਈ ਜਾਵੇ। ਇਹ ਇਸ ਲਈ ਜ਼ਰੂਰੀ ਸਮਝਿਆ ਜਾਂਦਾ ਸੀ ਕਿ ਨਾ ਸਿਰਫ਼ ਨਫ਼ਰੀ ਕਾਫ਼ੀ ਘੱਟ ਸੀ ਸਗੋਂ ਇਸ ਨਾਲ ਮੁਕਾਮੀ ਲੋਕਾਂ ਲਈ ਰੁਜ਼ਗਾਰ ਦੇ ਮੌਕਿਆਂ ਦੇ ਰੂਪ ਵਿਚ ਚੋਖਾ ਫ਼ਾਇਦਾ ਹੋਵੇਗਾ। ਆਉਣ ਵਾਲੇ ਕੁਝ ਮਹੀਨਿਆਂ ਵਿਚ ਦੂਰ-ਦੁਰਾਡੇ ਦੇ ਖੇਤਰਾਂ ਨੂੰ ਕਵਰ ਕਰ ਕੇ ਚੋਖੀ ਤਾਦਾਦ ਵਿਚ ਰਿਸ਼ਟ ਪੁਸ਼ਟ ਨੌਜਵਾਨਾਂ ਦੀ ਭਰਤੀ ਕਰ ਲਈ ਗਈ। ਅਸੀਂ ਕਿਸੇ ਖੇਤਰ ਵਿਚ ਜਾਣ ਤੋਂ ਕੁਝ ਦੇਰ ਪਹਿਲਾਂ ਨੋਟਿਸ ਦਿੰਦੇ ਸਾਂ ਅਤੇ ਫਿਰ ਚੁਣੇ ਹੋਏ ਉਮੀਦਵਾਰਾਂ ਨੂੰ ਗੱਡੀਆਂ ਰਾਹੀਂ ਨੇੜਲੀਆਂ ਪੁਲੀਸ ਲਾਈਨਾਂ ਵਿਚ ਪਹੁੰਚਾਉਂਦੇ ਸਾਂ। ਇਹ ਸਭ ਕੁਝ ਤਾਂ ਕੀਤਾ ਗਿਆ ਤਾਂ ਕਿ ਵਿਚੋਲਿਆਂ, ਭੰਬਲਭੂਸੇ ਅਤੇ ਭ੍ਰਿਸ਼ਟਾਚਾਰ ਦੀ ਕੋਈ ਗੁੰਜਾਇਸ਼ ਬਾਕੀ ਨਾ ਰਹੇ। ਨੌਜਵਾਨਾਂ ਨੂੰ ਆਪਣੀ ਕਿਸਮਤ 'ਤੇ ਯਕੀਨ ਨਹੀਂ ਆਉਂਦਾ ਸੀ ਤੇ ਉਹ ਅਕਸਰ ਭਰਤੀ ਕਰਨ ਵਾਲੇ ਅਫ਼ਸਰਾਂ ਨੂੰ ਉਸੇ ਪਲ ਨਾਲ ਲੈ ਕੇ ਚੱਲਣ ਲਈ ਕਹਿੰਦੇ ਸਨ। ਕਈ ਵਰ੍ਹਿਆਂ ਤੋਂ ਚੱਲ ਰਹੇ ਟਕਰਾਅ ਕਾਰਨ ਰਾਜ ਦੇ ਦੂਰ-ਦੁਰਾਡੇ ਖੇਤਰਾਂ ਵਿਚ ਫੈਲੀ ਅੰਤਾਂ ਦੀ ਗ਼ਰੀਬੀ ਅਤੇ ਨਾਉਮੀਦੀ ਸਾਫ਼ ਵੇਖੀ ਜਾ ਸਕਦੀ ਸੀ।

ਦੂਰ-ਦੁਰਾਡੇ ਤੇ ਸਰਹੱਦੀ ਖੇਤਰਾਂ 'ਚੋਂ ਭਰਤੀ ਕੀਤੇ ਇਹ ਨੌਜਵਾਨ ਦਹਿਸ਼ਤਗਰਦੀ ਵਿਰੋਧੀ ਅਪਰੇਸ਼ਨਾਂ ਲਈ ਵੱਡਾ ਅਸਾਸਾ ਸਾਬਿਤ ਹੋਏ ਤੇ ਇਹ ਸਾਡੀ ਢਾਲ ਦਾ ਸਥਾਈ ਅੰਗ ਬਣ ਗਏ। ਉਹ ਨਾ ਸਿਰਫ਼ ਟੇਢੇ ਮੇਢੇ ਪਹਾੜੀ ਰਸਤਿਆਂ ਤੋਂ ਵਾਕਫ਼ ਸਨ ਸਗੋਂ ਇਨ੍ਹਾਂ 'ਤੇ ਫੁਰਤੀ ਨਾਲ ਤੁਰਨ ਦੇ ਵੀ ਸਮੱਰਥ ਸਨ ਅਤੇ ਜਾਣਕਾਰੀਆਂ ਦਾ ਵੀ ਬਾਕਮਾਲ ਭੰਡਾਰ ਸਨ। ਮੈਂ ਦੱਸਣਾ ਚਾਹਾਂਗਾ ਕਿ ਧਰਮ ਜਾਂ ਖਿੱਤੇ ਦੀ ਕੋਈ ਸੋਚ ਵਿਚਾਰ ਨਹੀਂ ਸੀ, ਪਰ ਜੰਮੂ, ਕਸ਼ਮੀਰ ਅਤੇ ਲੱਦਾਖ ਦਰਮਿਆਨ ਸੰਤੁਲਨ ਬਣਾ ਕੇ ਰੱਖਿਆ ਜਾਂਦਾ ਸੀ। ਆਉਣ ਵਾਲੇ ਕੁਝ ਮਹੀਨਿਆਂ ਵਿਚ ਇਸ ਦੇ ਹਾਂਦਰੂ ਨਤੀਜੇ ਆਉਣ ਲੱਗੇ ਅਤੇ 'ਭਰੋਸਾ' ਬੱਝਣਾ ਸ਼ੁਰੂ ਹੋ ਗਿਆ। ਪੁਲੀਸ ਕਰਮੀ ਸਪੈਸ਼ਲ ਅਪਰੇਸ਼ਨ ਗਰੁੱਪ (ਐਸਓਜੀ) ਦਾ ਮੋਹਰੀ ਦਸਤਾ ਬਣਨ ਲੱਗੇ ਜਿਸ ਵਿਚ ਫ਼ੌਜ, ਨੀਮ ਫ਼ੌਜੀ ਦਸਤੇ ਅਤੇ ਐੱਸਪੀਓਜ਼ ਦੇ ਜਵਾਨ ਤੇ ਅਫ਼ਸਰ ਵੀ ਸ਼ਾਮਲ ਹੁੰਦੇ ਸਨ। ਸਪੈਸ਼ਲ ਅਪਰੇਸ਼ਨ ਗਰੁੱਪ ਦੀਆਂ ਸਫ਼ਲਤਾਵਾਂ ਵਿਚ ਇਨ੍ਹਾਂ ਮੁਕਾਮੀ ਨੌਜਵਾਨਾਂ ਦਾ ਵਿਸ਼ੇਸ਼ ਯੋਗਦਾਨ ਸੀ ਜੋ ਮੌਕੇ 'ਤੇ ਐਕਸ਼ਨ ਕਰਨਯੋਗ ਜਾਣਕਾਰੀਆਂ ਮੁਹੱਈਆ ਕਰਵਾਉਂਦੇ ਸਨ।

ਆਧੁਨਿਕ ਸਾਜ਼ੋ ਸਾਮਾਨ ਆਉਣ ਲੱਗ ਪਿਆ ਸੀ ਅਤੇ ਸਭ ਤੋਂ ਪਹਿਲਾਂ ਅਸੀਂ ਇਹ ਯਕੀਨੀ ਬਣਾਇਆ ਕਿ ਪੁਲੀਸ ਸਟੇਸ਼ਨਾਂ ਨੂੰ ਟਰਾਂਸਪੋਰਟ, ਸੰਚਾਰ ਅਤੇ ਹਥਿਆਰ ਆਦਿ ਮੁਹੱਈਆ ਕਰਵਾਏ ਜਾਣ। ਇਸ ਨਾਲ ਸਾਡੀ ਭਰੋਸੇਯੋਗਤਾ ਹੋਰ ਮਜ਼ਬੂਤ ਹੋਈ ਅਤੇ ਪੁਲੀਸ ਅਫ਼ਸਰਾਂ ਤੇ ਜਵਾਨਾਂ ਦੀ ਗਤੀਸ਼ੀਲਤਾ ਨੂੰ ਹੁਲਾਰਾ ਮਿਲਿਆ। ਸੀਨੀਅਰ ਪੁਲੀਸ ਅਫ਼ਸਰਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਉਹ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਜੋ ਉਹ ਖ਼ੁਸ਼ੀ ਖ਼ੁਸ਼ੀ ਲੈਣੀਆਂ ਤੇ ਪੂਰੀਆਂ ਕਰਨਾ ਚਾਹੁੰਦੇ ਸਨ। ਢੁਕਵੀਂ ਵਿਚਾਰ ਚਰਚਾ ਤੋਂ ਬਾਅਦ ਅਸੀਂ ਜ਼ਿਲ੍ਹਿਆਂ ਵਿਚ ਨੌਜਵਾਨ ਤੇ ਦਲੇਰ ਅਫ਼ਸਰਾਂ ਨੂੰ ਤਾਇਨਾਤ ਕੀਤਾ ਅਤੇ ਉਨ੍ਹਾਂ ਨੂੰ ਸਾਵਧਾਨ ਤੇ ਬੇਖ਼ੌਫ਼ ਹੋ ਕੇ ਕੰਮ ਕਰਨ ਲਈ ਕਿਹਾ ਗਿਆ ਤੇ ਅਸੀਂ ਉਨ੍ਹਾਂ ਨੂੰ ਮੁਕੰਮਲ ਇਖ਼ਲਾਕੀ ਤੇ ਪਦਾਰਥਕ ਇਮਦਾਦ ਦਾ ਭਰੋਸਾ ਦਿਵਾਇਆ। ਅਸੀਂ ਕੇਂਦਰੀ ਗ੍ਰਹਿ ਮੰਤਰਾਲੇ, ਅਮਲਾ ਤੇ ਸਿਖਲਾਈ ਵਿਭਾਗ ਤੇ ਯੂਪੀਐੱਸਸੀ ਨਾਲ ਤਾਲਮੇਲ ਕਰ ਕੇ ਫ਼ੌਰੀ ਤੌਰ 'ਤੇ ਤਕਰੀਬਨ 35 ਸੂਬਾਈ ਪੁਲੀਸ ਅਫ਼ਸਰਾਂ ਨੂੰ ਆਈਪੀਐੱਸ ਵਜੋਂ ਭਰਤੀ ਕੀਤਾ। ਇਹ ਮਾਮਲਾ ਸੱਤ-ਅੱਠ ਸਾਲਾਂ ਤੋਂ ਲਟਕਿਆ ਹੋਇਆ ਸੀ। ਇਸ ਨਾਲ ਅਫ਼ਸਰਾਂ ਦਾ ਮਨੋਬਲ ਬਹੁਤ ਮਜ਼ਬੂਤ ਹੋਇਆ। ਇੱਥੇ ਮੇਰੇ ਤਕਰੀਬਨ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਮੈਂ ਕੇਂਦਰ ਵਿਚ ਤਿੰਨ ਸਰਕਾਰਾਂ ਤੇ ਤਿੰਨ ਪ੍ਰਧਾਨ ਮੰਤਰੀ ਬਦਲਦੇ ਦੇਖੇ। ਉਨ੍ਹਾਂ 'ਚੋਂ ਕਿਸੇ ਨੇ ਵੀ ਦਹਿਸ਼ਤਗਰਦੀ ਖ਼ਿਲਾਫ਼ ਲੜਾਈ ਨੂੰ ਕਦੇ ਵੀ ਕਮਜ਼ੋਰ ਨਹੀਂ ਹੋਣ ਦਿੱਤਾ ਸਗੋਂ ਸਮਾਂ ਪਾ ਕੇ ਇਹ ਮਜ਼ਬੂਤ ਹੁੰਦੀ ਗਈ। ਇਸ ਦਾ ਮੰਤਵ, ਦਿਸ਼ਾ ਤੇ ਉਦੇਸ਼ ਸਾਂਝਾ ਸੀ- ਸਾਡੇ ਦੁਸ਼ਮਣ ਨੂੰ ਭਾਂਜ ਦੇਣਾ ਅਤੇ ਇਕ ਮਜ਼ਬੂਤ, ਇਕਜੁੱਟ ਅਤੇ ਕਾਰਗਰ ਪੁਲੀਸ ਬਲ ਕਾਇਮ ਕਰਨਾ। ਸਾਡੇ 'ਤੇ ਭਾਰਤ ਸਰਕਾਰ ਅਤੇ ਰਾਜ ਸਰਕਾਰ ਦਾ ਪੂਰਾ ਭਰੋਸਾ ਸੀ ਜਿਸ ਕਰਕੇ ਅਸੀਂ ਵੱਧ ਤੋਂ ਵੱਧ ਮਜ਼ਬੂਤ ਹੁੰਦੇ ਚਲੇ ਗਏ।

ਇਸ ਉੱਦਮ ਵਿਚ ਦੇਸ਼ ਦੇ ਇਕਜੁੱਟ ਹੋ ਕੇ ਸਾਹਮਣੇ ਆਉਣ ਦੀ ਇਕ ਮਿਸਾਲ ਸਾਡੇ ਨਵੇਂ ਰੰਗਰੂਟਾਂ ਦੀ ਸਿਖਲਾਈ ਵੇਲੇ ਦੇਖਣ ਨੂੰ ਮਿਲੀ। ਅਸੀਂ ਹਜ਼ਾਰਾਂ ਸਿਪਾਹੀ ਅਤੇ ਐੱਨਜੀਓਜ਼ (ਨਾਨ ਗਜ਼ਟਿਡ ਅਫ਼ਸਰ) ਭਰਤੀ ਕਰ ਲਏ ਸਨ, ਪਰ ਸਾਡੇ ਕੋਲ ਉਨ੍ਹਾਂ ਦੀ ਸਿਖਲਾਈ ਦੀਆਂ ਸੁਵਿਧਾਵਾਂ ਦੀ ਘਾਟ ਸੀ। ਮੈਂ ਪੰਜਾਬ, ਹਰਿਆਣਾ ਅਤੇ ਦਿੱਲੀ ਦੇ ਪੁਲੀਸ ਮੁਖੀਆਂ ਨੂੰ ਬੇਨਤੀ ਕੀਤੀ ਅਤੇ ਉਨ੍ਹਾਂ ਨੇ ਸਾਡੇ ਹਜ਼ਾਰਾਂ ਜਵਾਨਾਂ ਦੀ ਸਿਖਲਾਈ ਲਈ ਜ਼ਾਤੀ ਤੌਰ 'ਤੇ ਧਿਆਨ ਦਿੱਤਾ। ਸਾਡੇ ਪੁਲੀਸ ਕਰਮੀਆਂ ਨੂੰ ਹੋਰਨਾਂ ਸੂਬਿਆਂ ਵਿਚ ਭੇਜਣ ਦਾ ਬਹੁਤ ਫ਼ਾਇਦਾ ਮਿਲਿਆ। ਵੱਡੀ ਗੱਲ ਇਹ ਸੀ ਕਿ ਪੰਜਾਬ, ਹਰਿਆਣਾ ਅਤੇ ਦਿੱਲੀ ਨੇ ਇਸ ਬਾਬਤ ਸਾਡੇ ਤੋਂ ਕੋਈ ਮਾਇਕ ਸਹਾਇਤਾ ਵਸੂਲਣੀ ਪ੍ਰਵਾਨ ਨਾ ਕੀਤੀ। ਹਾਂ ਜੀ, ਦੇਸ਼ ਨੇ ਸਾਡੀ ਅਣਸਰਦੀ ਲੋੜ ਦਾ ਹੁੰਗਾਰਾ ਭਰਿਆ। ਸਾਡੀ ਲੋੜ ਵਾਕਈ ਅਣਸਰਦੀ ਸੀ ਕਿਉਂਕਿ ਦੁਸ਼ਮਣ ਵਿਹਲਾ ਨਹੀਂ ਬੈਠਾ ਸੀ। ਘੁਸਪੈਠ ਦੀਆਂ ਬਹੁਤ ਜ਼ਿਆਦਾ ਕੋਸ਼ਿਸ਼ਾਂ ਹੋ ਰਹੀਆਂ ਸਨ ਤੇ ਪਾਕਿਸਤਾਨ, ਅਫ਼ਗਾਨਿਸਤਾਨ ਵਿਚ ਤਾਲਿਬਾਨ ਸਰਕਾਰ ਕਾਇਮ ਕਰਨ ਮਗਰੋਂ ਉੱਥੇ 'ਜਹਾਦ' ਦੇ ਕੰਮ ਤੋਂ ਫਾਰਗ ਹੋ ਗਿਆ ਸੀ ਤੇ ਹੁਣ ਉਸ ਨੇ ਆਪਣੇ ਸਾਰੇ ਵਸੀਲੇ ਤੇ ਮਨੁੱਖੀ ਸ਼ਕਤੀ ਕਸ਼ਮੀਰ ਵੱਲ ਮੋੜ ਲਈ ਸੀ। ਕਾਰਗਿਲ ਯੁੱਧ ਤੋਂ ਕੁਝ ਸਾਲ ਪਹਿਲਾਂ ਸਾਡੀ ਸਖ਼ਤ ਅਜ਼ਮਾਇਸ਼ ਹੋ ਰਹੀ ਸੀ, ਪਰ ਜੰਮੂ ਕਸ਼ਮੀਰ ਪੁਲੀਸ ਦੇ ਜਵਾਨਾਂ ਨੇ ਕੋਈ ਕਸਰ ਨਹੀਂ ਛੱਡੀ ਤੇ ਦੂਰ-ਦੁਰਾਡੇ ਦੇ ਪੁਲੀਸ ਸਟੇਸ਼ਨਾਂ 'ਤੇ ਤਾਇਨਾਤ ਨਾਮਾਲੂਮ ਪੁਲੀਸ ਕਰਮੀ ਚੁੱਪਚਾਪ ਲੜਾਈ ਲੜਦੇ ਰਹੇ। ਉਨ੍ਹਾਂ ਦੇ ਹੌਸਲੇ ਨੂੰ ਇਸ ਕਰਕੇ ਵੀ ਸਲਾਮ ਕਰਨਾ ਬਣਦਾ ਹੈ ਕਿਉਂਕਿ ਅੰਦਰੂਨੀ ਸੁਰੱਖਿਆ ਦੀ ਡਿਊਟੀ 'ਤੇ ਤਾਇਨਾਤ ਰੈਗੂਲਰ ਫ਼ੌਜੀ ਯੂਨਿਟਾਂ ਨੂੰ ਰਾਤੋ-ਰਾਤ ਹਟਾ ਲਿਆ ਗਿਆ ਸੀ ਤੇ ਉਨ੍ਹਾਂ ਦੀ ਥਾਂ ਰਾਸ਼ਟਰੀ ਰਾਈਫ਼ਲਜ਼ ਯੂਨਿਟਾਂ ਨੇ ਲੈ ਲਈ ਸੀ।

ਇੱਥੇ ਮੈਂ ਹਥਿਆਰਬੰਦ ਦਸਤਿਆਂ, ਨੀਮ ਫ਼ੌਜੀ ਦਸਤਿਆਂ, ਖ਼ੁਫ਼ੀਆ ਏਜੰਸੀਆਂ ਅਤੇ ਸਾਰੇ ਸਬੰਧਿਤ ਬਲਾਂ ਤੇ ਸੰਸਥਾਵਾਂ ਦੇ ਅਥਾਹ ਯੋਗਦਾਨ ਨੂੰ ਪ੍ਰਵਾਨ ਕਰਾਂਗਾ ਜਿਨ੍ਹਾਂ ਨੇ ਇਕਜੁੱਟ ਕਮਾਂਡ ਤਹਿਤ ਕੰਮ ਕੀਤਾ। ਇਸ ਤੋਂ ਇਲਾਵਾ ਮੁੱਖ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਮੁਕੰਮਲ ਸਹਿਯੋਗ ਮਿਲਿਆ। ਸਿਰਫ਼ ਇਕ ਵਾਰ ਉਪ ਪ੍ਰਧਾਨ ਮੰਤਰੀ ਨੇ ਆਪਣਾ ਇਹ ਖ਼ਦਸ਼ਾ ਜ਼ਾਹਿਰ ਕੀਤਾ ਸੀ ਕਿ ਉਨ੍ਹਾਂ ਨੂੰ ਜੰਮੂ ਕਸ਼ਮੀਰ ਪੁਲੀਸ ਦੇ ਐੱਸਪੀਓਜ਼ ਨੂੰ ਵੱਡੇ ਪੱਧਰ 'ਤੇ ਆਧੁਨਿਕ ਹਥਿਆਰ ਦੇਣ ਬਾਰੇ ਕੁਝ ਸ਼ੰਕੇ ਹਨ। ਮੈਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਕਿਸੇ ਦੇ ਭਗੌੜੇ ਹੋਣ ਜਾਂ ਹਥਿਆਰ ਗੁਆਉਣ ਦਾ ਕੋਈ ਖ਼ਤਰਾ ਨਹੀਂ ਹੈ। ਅਹੁਦਾ ਛੱਡਣ ਵੇਲੇ ਮੈਂ ਉਨ੍ਹਾਂ ਨੂੰ ਚੇਤੇ ਕਰਾਇਆ ਸੀ ਕਿ ਉਨ੍ਹਾਂ ਦੇ ਸ਼ੰਕੇ ਨਿਰਮੂਲ ਸਨ ਤੇ ਰਾਜ ਦੇ ਤਿੰਨੋਂ ਖੇਤਰਾਂ ਵਿਚ ਸਾਡੇ ਕੋਲ ਇਕ ਵਫ਼ਾਦਾਰ, ਸਿਖਲਾਈਯਾਫ਼ਤਾ ਅਤੇ ਪ੍ਰਤੀਬੱਧ ਬਲ ਮੌਜੂਦ ਹੈ। ਅਨੇਕਤਾ ਵਿਚ ਏਕਤਾ ਤੇ ਇਸ ਦੇ ਨਾਲ ਇਕ ਮਜ਼ਬੂਤ ਫ਼ੈਡਰਲ ਢਾਂਚਾ ਸਾਡੀ ਤਾਕਤ ਬਣਿਆ ਹੋਇਆ ਸੀ। ਇਹੀ ਗੱਲ ਸੀ ਜੋ ਸਾਨੂੰ ਆਪਣੇ ਜਨੂੰਨੀ ਗੁਆਂਢੀ ਨਾਲੋਂ ਜੁਦਾ ਕਰਦੀ ਸੀ। ਮੇਰਾ ਇਹ ਵਿਸ਼ਵਾਸ ਰਿਹਾ ਹੈ ਕਿ ਜੇ ਅਸੀਂ ਰਾਜ ਅੰਦਰ ਇਕ ਭਰਵਾਂ ਲੋਕਤੰਤਰ ਕਾਇਮ ਕਰਨ ਅਤੇ ਸਿਆਸਤਦਾਨਾਂ ਤੇ ਪ੍ਰਸ਼ਾਸਨ ਨੂੰ ਲੋਕਾਂ ਪ੍ਰਤੀ ਜਵਾਬਦੇਹ ਬਣਾਉਣ ਲਈ ਹੋਰ ਜ਼ਿਆਦਾ ਕੰਮ ਕੀਤਾ ਹੁੰਦਾ ਤਾਂ ਹਾਲਾਤ ਵੱਖਰੇ ਹੀ ਹੋਣੇ ਸਨ। ਮੈਨੂੰ ਖਦਸ਼ਾ ਹੈ ਕਿ ਕਈ ਸਾਲਾਂ ਤੋਂ ਦਹਿਸ਼ਤਗਰਦਾਂ ਨਾਲ ਲੜਦਿਆਂ ਅਸੀਂ ਉਨ੍ਹਾਂ ਵਰਗੇ ਹੀ ਨਾ ਬਣ ਗਏ ਹੋਈਏ। ਜਿਵੇਂ ਰੂਜ਼ਵੈਲਟ ਨੇ ਕਿਹਾ ਸੀ ''ਜੰਗ ਵਿਚ ਨੌਜਵਾਨਾਂ ਦੀ ਭੇਟ ਚੜ੍ਹਦੀ ਹੈ ਅਤੇ ਬਜ਼ੁਰਗ ਇਸ ਬਾਰੇ ਗੱਲਾਂ ਕਰਦੇ ਹਨ''... ਸੱਤਾ ਵਿਚ ਬੈਠ ਕੇ ਨਕਸ਼ੇ 'ਤੇ ਲੀਕਾਂ ਵਾਹੁਣੀਆਂ ਤੇ ਇਸ ਬਾਰੇ ਐਲਾਨ ਕਰਨੇ ਆਸਾਨ ਹਨ, ਪਰ ਇਨ੍ਹਾਂ ਦੇ ਨਤੀਜੇ ਸਾਲਾਂਬੱਧੀ ਮਹਿਸੂਸ ਕੀਤੇ ਜਾਂਦੇ ਹਨ।

# ਪੰਜਾਬ 'ਚ ਮਿਉਂਸਪਲ ਚੋਣਾਂ ਫਰਵਰੀ 'ਚ ਹੋਣਗੀਆਂ

ਚੰਡੀਗੜ੍ਹ- ਪੰਜਾਬ ਵਿੱਚ ਨਗਰ ਨਿਗਮ ਅਤੇ ਮਿਉਂਸਿਪਲ ਕਮੇਟੀਆਂ ਦੀਆਂ ਚੋਣਾਂ ਲਈ ਚੋਣ ਕਮਿਸ਼ਨ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਸਥਾਨਕ ਸਰਕਾਰਾਂ ਵਿਭਾਗ ਨੇ 9 ਨਗਰ ਨਿਗਮਾਂ ਅਤੇ 109 ਮਿਉਂਸਿਪਲ ਕਮੇਟੀਆਂ ਲਈ 13 ਫਰਵਰੀ ਤੱਕ ਚੋਣਾਂ ਕਰਵਾਉਣ ਲਈ ਕਿਹਾ ਹੈ। ਸੂਬਾਈ ਚੋਣ ਕਮਿਸ਼ਨਰ ਜਗਪਾਲ ਸਿੰਘ ਸੰਧੂ ਨੇ ਇਨ੍ਹਾਂ ਚੋਣਾਂ ਲਈ ਵੋਟਰ ਸੂਚੀਆਂ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਦਰਅਸਲ, ਇਹ ਚੋਣਾਂ ਅਕਤੂਬਰ ਮਹੀਨੇ ਤੱਕ ਕਰਵਾਈਆਂ ਜਾਣੀਆਂ ਸਨ, ਪਰ ਕਰੋਨਾਵਾਇਰਸ ਦੇ ਕਹਿਰ ਕਾਰਨ ਸਰਕਾਰ ਇਹ ਚੋਣਾਂ ਕਰਾਉਣ ਲਈ ਤਿਆਰ ਨਹੀਂ ਹੋਈ। ਹੁਣ ਸਿਹਤ ਵਿਭਾਗ ਵੱਲੋਂ ਪੰਜਾਬ ਵਿੱਚ ਦਸੰਬਰ 'ਚ ਕਰੋਨਾ ਦੀ ਦੂਜੀ ਲਹਿਰ ਆਉਣ ਦਾ ਖ਼ਦਸ਼ਾ ਪ੍ਰਗਟਾਇਆ ਗਿਆ ਹੈ। ਇਸ ਲਈ ਸਰਕਾਰ ਨੇ ਫਰਵਰੀ 'ਚ ਚੋਣਾਂ ਕਰਾਉਣ ਦੀ ਸਿਫ਼ਾਰਸ਼ ਕੀਤੀ ਹੈ।

ਕਰੋਨਾਵਾਇਰਸ ਦੇ ਦੌਰ ਦੌਰਾਨ ਰਾਜਸੀ ਧਿਰਾਂ ਲਈ ਇਹ ਚੋਣਾਂ ਕਿਸੇ ਚੁਣੌਤੀ ਤੋਂ ਘੱਟ ਨਹੀਂ ਹਨ ਕਿਉਂਕਿ ਇਨ੍ਹਾਂ ਚੋਣਾਂ ਤੋਂ ਪੂਰੇ ਇੱਕ ਸਾਲ ਦੇ ਅੰਦਰ-ਅੰਦਰ ਵਿਧਾਨ ਸਭਾ ਦੀਆਂ ਚੋਣਾਂ ਵੀ ਹੋਣੀਆਂ ਹਨ। ਇਸ ਲਈ ਸਾਰੀਆਂ ਰਾਜਸੀ ਧਿਰਾਂ ਵੱਲੋਂ ਪੂਰੀ ਤਾਕਤ ਲਾਉਣ ਦੀ ਸੰਭਾਵਨਾ ਹੈ। ਭਾਜਪਾ ਅਤੇ ਅਕਾਲੀ ਦਲ ਲਈ ਇਹ ਚੋਣਾਂ ਇਸ ਕਰਕੇ ਵੀ ਚੁਣੌਤੀ ਹਨ ਕਿਉਂਕਿ 1997 ਤੋਂ ਬਾਅਦ ਪਹਿਲੀ ਵਾਰ ਦੋਵੇਂ ਪਾਰਟੀਆਂ ਵੱਖੋ ਵੱਖਰੇ ਤੌਰ 'ਤੇ ਚੋਣਾਂ ਲੜਨਗੀਆਂ। ਭਾਜਪਾ ਦੇ ਆਗੂਆਂ ਵੱਲੋਂ ਸੂਬੇ ਦੇ ਸ਼ਹਿਰੀ ਖੇਤਰ ਵਿੱਚ ਆਧਾਰ ਵੱਧ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਰਾਜ ਚੋਣ ਕਮਿਸ਼ਨਰ ਜਗਪਾਲ ਸਿੰਘ ਸੰਧੂ ਨੇ ਦੱਸਿਆ ਕਿ ਕਮਿਸ਼ਨ ਵੱਲੋਂ ਨੇੜ ਭਵਿੱਖ ਵਿੱਚ ਸੂਬੇ ਦੇ 9 ਨਗਰ ਨਿਗਮਾਂ, 109 ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਲਈ ਚੋਣ ਦੇ ਮੱਦੇਨਜ਼ਰ 1 ਜਨਵਰੀ, 2021 ਨੂੰ ਯੋਗਤਾ ਦੀ ਮਿਤੀ ਮੰਨਦਿਆਂ ਵੋਟਰ ਸੂਚੀਆਂ ਦੀ ਸੁਧਾਈ ਸਬੰਧੀ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਾਰੀ ਪ੍ਰੋਗਰਾਮ ਅਨੁਸਾਰ ਵੋਟਰ ਸੂਚੀਆਂ 9 ਦਸੰਬਰ 2020 ਤੱਕ ਤਿਆਰ ਕੀਤੀਆਂ ਜਾਣਗੀਆਂ ਅਤੇ 10 ਦਸੰਬਰ 2020 ਨੂੰ ਵੋਟਰ ਸੂਚੀਆਂ ਦਾ ਡਰਾਫਟ ਪ੍ਰਕਾਸ਼ਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਦਾਅਵੇ ਅਤੇ ਇਤਰਾਜ਼ 16 ਦਸੰਬਰ 2020 ਤੱਕ ਪੇਸ਼ ਕੀਤੇ ਜਾ ਸਕਦੇ ਹਨ, ਜਿਨ੍ਹਾਂ ਦਾ ਨਬੇੜਾ 23 ਦਸੰਬਰ 2020 ਤੱਕ ਕਰ ਦਿੱਤਾ ਜਾਵੇਗਾ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com

# ਵਧੀਆ ਮੰਡੀਕਰਨ ਨਾਲ ਹੀ ਖੇਤੀ ਵੰਨ-ਸਵੰਨਤਾ ਸੰਭਵ

ਪੰਜਾਬ ਨੂੰ ਦੇਸ਼ ਦੀ 'ਫਾਰਮ ਸਟੇਟ' ਕਿਹਾ ਜਾਂਦਾ ਹੈ ਕਿਉਂ ਜੋ ਇਸ ਦੇ ਕੁੱਲ ਖੇਤਰ ਉੱਤੇ ਹੀ ਖੇਤੀ ਕੀਤੀ ਜਾ ਸਕਦੀ ਹੈ, ਜਦੋਂਕਿ ਭਾਰਤ ਪੱਧਰ ਤੇ ਸਿਰਫ਼ 46 ਫ਼ੀਸਦੀ ਖੇਤਰ ਖੇਤੀ ਯੋਗ ਹੈ। ਇਸ ਪ੍ਰਾਂਤ ਦੇ 99 ਫ਼ੀਸਦੀ ਖੇਤਰ ਨੂੰ ਸਿੰਜਾਈ ਸਹੂਲਤਾਂ ਪ੍ਰਾਪਤ ਹਨ, ਜਦੋਂਕਿ ਦੇਸ਼ ਦੀ ਪੱਧਰ ਤੇ ਇਹ ਸਿਰਫ਼ 42 ਫ਼ੀਸਦੀ ਨੂੰ ਪ੍ਰਾਪਤ ਹਨ। ਇਹੋ ਵਜਾਹ ਹੈ ਕਿ ਪ੍ਰਾਂਤ ਦਾ ਸਿਰਫ਼ 1.53 ਫ਼ੀਸਦੀ ਖੇਤਰ ਹੋਣ ਦੇ ਬਾਵਜੂਦ ਇਹ ਦੇਸ਼ ਦੇ ਅੰਨ ਭੰਡਾਰਾਂ ਵਿਚ 60 ਫ਼ੀਸਦੀ ਦਾ ਹਿੱਸਾ ਪਾਉਂਦਾ ਰਿਹਾ ਹੈ। ਪ੍ਰਾਂਤ ਦੀ ਫ਼ਸਲ ਘਣਤਾ 206 ਫ਼ੀਸਦੀ ਹੈ/ ਜਿਸ ਦਾ ਅਰਥ ਹੈ ਕਿ ਪ੍ਰਾਂਤ ਦਾ ਕੋਈ ਵੀ ਐਸਾ ਖੇਤਰ ਨਹੀਂ ਜਿੱਥੇ ਸਾਲ ਵਿਚ ਇਕ ਤੋਂ ਵੱਧ ਫ਼ਸਲਾਂ ਨਾ ਲਈਆਂ ਜਾਂਦੀਆਂ ਹੋਣ। ਇੰਨੇ ਛੋਟੇ ਪ੍ਰਾਂਤ ਵਿਚੋਂ ਹੀ ਦੇਸ਼ ਵਿਚ ਪੈਦਾ ਹੋਣ ਵਾਲੀ ਕੁੱਲ ਕਣਕ ਵਿਚੋਂ 13 ਫ਼ੀਸਦੀ, ਝੋਨੇ ਵਿਚੋਂ 11 ਫ਼ੀਸਦੀ ਅਤੇ ਕਪਾਹ ਵਿਚੋਂ 5 ਫ਼ੀਸਦੀ ਉਤਪਾਦਨ ਹੁੰਦਾ ਹੈ। ਇੱਥੋਂ ਤੱਕ ਕਿ ਸਾਰੀ ਦੁਨੀਆ ਵਿਚ ਪੈਦਾ ਹੋਣ ਵਾਲੀ ਕੁੱਲ ਕਣਕ ਵਿਚੋਂ 2.4 ਫ਼ੀਸਦੀ, ਝੋਨੇ ਵਿਚੋਂ 2.5 ਫ਼ੀਸਦੀ ਅਤੇ ਕਪਾਹ ਵਿਚੋਂ 1.2 ਫ਼ੀਸਦੀ ਪੈਦਾ ਹੁੰਦਾ ਹੈ। ਹਰੇ ਇਨਕਲਾਬ ਤੋਂ ਬਾਅਦ ਇਸ ਦੇ ਅਨਾਜ ਭੰਡਾਰਾਂ ਨੇ ਪੂਰੇ ਦੇਸ਼ ਨੂੰ ਖ਼ੁਰਾਕ ਦਰਾਮਦ ਕਰਨ ਵਾਲੇ ਦੇਸ਼ ਤੋਂ ਬਦਲ ਕੇ ਖ਼ੁਰਾਕ ਬਰਾਮਦ ਕਰਨ ਵਾਲਾ ਦੇਸ਼ ਬਣਾ ਦਿੱਤਾ ਸੀ, ਜਦੋਂਕਿ 1960 ਵਿਚ ਪ੍ਰਾਂਤ ਵਿਚ ਸਿਰਫ਼ 17.42 ਲੱਖ ਟਨ ਦਾ ਉਤਪਾਦਨ ਹੁੰਦਾ ਸੀ ਜਿਹੜਾ 2018-19 ਵਿਚ ਵਧ ਕੇ ਇਕ ਕਰੋੜ 82 ਲੱਖ ਟਨ, ਜਦੋਂਕਿ ਝੋਨਾ 1960 ਵਿਚ 3.54 ਲੱਖ ਟਨ ਤੋਂ ਵਧ ਕੇ 2018-19 ਵਿਚ ਇਕ ਕਰੋੜ 91 ਲੱਖ ਟਨ ਹੋ ਗਿਆ ਸੀ ਪਰ ਇਨ੍ਹਾਂ ਸਭ ਅਨੁਕੂਲ ਤੱਥਾਂ ਦੇ ਨਾਲ ਹੀ ਪੰਜਾਬ ਹੀ ਉਹ ਪ੍ਰਾਂਤ ਹੈ ਜਿਸ ਦੇ ਪ੍ਰਤੀ ਘਰ ਕਿਸਾਨ ਦੇ ਘਰ ਦਾ ਕਰਜ਼ਾ ਬਾਕੀ ਸਾਰੇ ਦੇਸ਼ ਤੋਂ ਵਧ ਕੇ 3 ਲੱਖ ਰੁਪਏ ਪ੍ਰਤੀ ਘਰ ਤੱਕ ਪਹੁੰਚ ਗਿਆ ਹੈ ਅਤੇ ਖੇਤੀ ਖੇਤਰ ਹੀ ਸਭ ਤੋਂ ਵੱਧ ਆਰਥਿਕ ਚੁਣੌਤੀਆਂ ਵਾਲਾ ਖੇਤਰ ਹੈ।

1960ਵਿਆਂ ਦੇ ਅਖੀਰ ਵਿਚ ਜਦੋਂ ਹਰਾ ਇਨਕਲਾਬ ਹੋਇਆ, ਉਸ ਵਕਤ ਪੰਜਾਬ ਵਿਚ ਹਾੜ੍ਹੀ ਅਤੇ ਸਾਉਣੀ ਵਿਚ ਹਰ ਤਰ੍ਹਾਂ ਦੀਆਂ ਫ਼ਸਲਾਂ ਮਿਲਦੀਆਂ ਸਨ, ਭਾਵੇਂ ਖੋਜਾਂ ਵਿਚ ਨਵੇਂ ਬੀਜਾਂ, ਖਾਦਾਂ, ਸਿੰਜਾਈ ਦੀ ਬਹੁਤਾਤ, ਕਰਜ਼ੇ ਅਤੇ ਮਸ਼ੀਨਾਂ ਦਾ ਲਾਭ ਸਾਰੀਆਂ ਹੀ ਫ਼ਸਲਾਂ ਲਈ ਬਰਾਬਰ ਸੀ ਪਰ ਫ਼ਸਲੀ ਚੱਕਰ ਵਿਚ ਵੱਡੀ ਤਬਦੀਲੀ ਆਈ ਅਤੇ ਉਹ ਫ਼ਸਲ ਚੱਕਰ ਕਣਕ ਤੇ ਝੋਨੇ ਦੀਆਂ ਫ਼ਸਲਾਂ ਵੱਲ ਬਦਲ ਗਿਆ। 1960-61 ਵਿਚ ਝੋਨੇ ਦੀ ਫ਼ਸਲ ਅਧੀਨ ਸਿਰਫ਼ 2.27 ਲੱਖ ਹੈਕਟੇਅਰ ਖੇਤਰ ਸੀ ਜਿਹੜਾ 2018-19 ਵਿਚ ਵਧ ਕੇ 31.03 ਲੱਖ ਹੈਕਟੇਅਰ ਹੋ ਗਿਆ, ਜਦੋਂਕਿ ਕਣਕ ਦੇ ਅਧੀਨ ਇਹ ਖੇਤਰ ਇੰਨੇ ਹੀ ਸਮੇਂ ਦੌਰਾਨ 14 ਲੱਖ ਹੈਕਟੇਅਰ ਤੋਂ ਵਧ ਕੇ 35.20 ਲੱਖ ਹੈਕਟੇਅਰ ਤੱਕ ਪਹੁੰਚ ਗਿਆ। ਇਸ ਨਾਲ ਹੋਰਨਾਂ ਸਭ ਫ਼ਸਲਾਂ ਅਧੀਨ ਖੇਤਰ ਘਟਦਾ ਗਿਆ, ਜਿਵੇਂ 1960-61 ਵਿਚ ਬਾਜਰੇ ਅਧੀਨ ਰਕਬਾ 66 ਹਜ਼ਾਰ ਹੈਕਟੇਅਰ ਸੀ ਜਿਹੜਾ 2018-19 ਵਿਚ ਘਟ ਕੇ ਸਿਰਫ਼ 8 ਹਜ਼ਾਰ ਹੈਕਟੇਅਰ ਰਹਿ ਗਿਆ। ਦਾਲਾਂ ਅਧੀਨ ਇਸੇ ਹੀ ਸਮੇਂ ਵਿਚ ਇਹ ਖੇਤਰ 8.67 ਲੱਖ ਹੈਕਟੇਅਰ ਤੋਂ ਘਟ ਕੇ ਸਿਰਫ਼ 4.8 ਹਜ਼ਾਰ ਹੈਕਟੇਅਰ ਰਹਿ ਗਿਆ। ਇਸੇ ਤਰ੍ਹਾਂ ਹੀ ਹੋਰ ਫ਼ਸਲਾਂ ਅਧੀਨ ਵੀ ਹੋਇਆ।

1980 ਤੋਂ ਬਾਅਦ ਪੰਜਾਬ ਦਾ ਖੇਤੀ ਖੇਤਰ ਲਗਾਤਾਰ ਚੁਣੌਤੀਆਂ ਨਾਲ ਘਿਰਿਆ ਰਿਹਾ। 1980 ਤੋਂ ਬਾਅਦ ਪੰਜਾਬ ਅੰਦਰ ਹਰ ਸਾਲ ਵੱਧ ਤੋਂ ਵੱਧ ਖਾਦਾਂ ਪਾਉਣ ਕਰ ਕੇ ਫ਼ਸਲਾਂ ਦੀ ਉਪਜ ਤਾਂ ਭਾਵੇਂ ਵਧਦੀ ਗਈ ਪਰ ਭੂਮੀ ਦੀ ਉਪਜਾਊ ਸ਼ਕਤੀ ਲਗਾਤਾਰ ਘਟਦੀ ਗਈ। ਪੰਜਾਬ ਹੀ ਇਕ ਉਹ ਪ੍ਰਾਂਤ ਹੈ ਜਿੱਥੇ ਪ੍ਰਤੀ ਹੈਕਟੇਅਰ 228 ਕਿਲੋ ਖਾਦਾਂ ਵਰਤੀਆਂ ਜਾਂਦੀਆਂ ਹਨ ਜਿਹੜੀਆਂ ਸਾਰੇ ਹੀ ਦੇਸ਼ ਵਿਚ ਸਭ ਤੋਂ ਜ਼ਿਆਦਾ ਹਨ। ਇਸ ਦੀ ਵੱਡੀ ਵਜਾਹ ਇਹ ਹੈ ਕਿ ਪੰਜਾਬ ਵਿਚ ਪਾਣੀ ਦੇ ਵੱਡੇ ਭੰਡਾਰ ਸਨ ਅਤੇ ਪਾਣੀ ਦੇ ਜ਼ਮੀਨ ਵਿਚੋਂ ਕੱਢਣ ਲਈ ਟਿਊਬਵੈੱਲਾਂ ਦੀ ਗਿਣਤੀ ਵਿਚ ਵੀ ਦਿਨ ਪ੍ਰਤੀ ਦਿਨ ਵਾਧਾ ਹੁੰਦਾ ਗਿਆ। 1960-61 ਵਿਚ ਪੰਜਾਬ ਵਿਚ ਸਿਰਫ਼ 7 ਹਜ਼ਾਰ ਟਿਊਬਵੈੱਲ ਸਨ, ਜਿਹੜੇ



2017-18 ਵਿਚ ਵਧ ਕੇ 14.75 ਲੱਖ ਹੋ ਗਏ ਜਿਨ੍ਹਾਂ ਨੇ ਦਿਨ ਰਾਤ ਪਾਣੀ ਬਾਹਰ ਕੱਢ ਕੇ ਪਾਣੀ ਦਾ ਪੱਧਰ ਇੰਨਾ ਨੀਵਾਂ ਕਰ ਦਿੱਤਾ ਕਿ ਹੁਣ ਪਾਣੀ ਬਚਾਉ ਵਰਗੀਆਂ ਮੁਹਿੰਮਾਂ ਚੱਲ ਰਹੀਆਂ ਹਨ। ਹੁਣ ਮਸ਼ੀਨੀਕਰਨ ਭੂਮੀ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। 1960-61 ਵਿਚ ਟਰੈਕਟਰਾਂ ਦੀ ਗਿਣਤੀ 4935 ਸੀ ਜਿਹੜੀ 2015-16 ਵਿਚ ਵਧ ਕੇ 5 ਲੱਖ 17 ਹਜ਼ਾਰ ਹੋ ਗਈ। ਇਕ ਟਰੈਕਟਰ ਲਈ ਸਾਲ ਵਿਚ 1000 ਘੰਟੇ ਦਾ ਕੰਮ ਹੋਣ ਨਾਲ ਹੀ ਇਹ ਟਰੈਕਟਰ ਕਿਫ਼ਾਇਤੀ ਸਾਬਤ ਹੋ ਸਕਦੇ ਹਨ ਪਰ ਇਨ੍ਹਾਂ ਟਰੈਕਟਰਾਂ ਕੋਲ ਪ੍ਰਤੀ ਸਾਲ ਔਸਤਨ ਸਿਰਫ਼ 400 ਘੰਟੇ ਦਾ ਕੰਮ ਹੈ। ਇਸੇ ਕਾਰਨ ਇਹ ਟਰੈਕਟਰ ਖੇਤੀ ਉੱਤੇ ਬੋਝ ਹਨ। ਇਸੇ ਤਰ੍ਹਾਂ ਹੋਰ ਮਸ਼ੀਨਾਂ ਵੀ ਜ਼ਰੂਰਤ ਤੋਂ ਜ਼ਿਆਦਾ ਹਨ। ਜਿੱਥੇ ਖੇਤੀ ਕਿਰਤੀ ਅਤੇ ਕਿਸਾਨ ਅਰਧ-ਬੇਰੁਜ਼ਗਾਰ ਹਨ, ਉੱਥੇ ਮਸ਼ੀਨਾਂ ਅਤੇ ਸੰਦ ਵੀ ਇਕ ਤਰ੍ਹਾਂ ਨਾਲ ਅਰਧ-ਬੇਰੁਜ਼ਗਾਰ ਹਨ।

ਪੰਜਾਬ ਦੀ ਖੇਤੀ ਸਾਹਮਣੇ ਸਭ ਤੋਂ ਵੱਡੀਆਂ ਚੁਣੌਤੀਆਂ ਵਿਚੋਂ ਸਭ ਤੋਂ ਪਹਿਲੀ ਇਹ ਹੈ ਕਿ ਕਿਸਾਨੀ ਪੇਸ਼ੇ ਨਾਲ ਜੁੜੇ ਲੋਕ ਅਰਧ-ਬੇਰੁਜ਼ਗਾਰ ਹਨ ਅਤੇ ਇਸ ਦੇ ਨਾਲ ਹੀ ਇਸ ਵਿਚ ਲੱਗੀ ਹੋਈ ਪੂੰਜੀ ਵੀ ਪੂਰੀ ਸਮਰੱਥਾ ਅਨੁਸਾਰ ਨਹੀਂ ਵਰਤੀ ਜਾਂਦੀ। ਇਹ ਸਭ ਕੁਝ ਦਿਨੋ-ਦਿਨ ਘਟਦੀਆਂ ਜੋਤਾਂ ਦੇ ਆਕਾਰ ਦੀ ਵਜਾਹ ਕਰ ਕੇ ਹੈ। ਪੰਜਾਬ ਨੇ ਭਾਵੇਂ ਦੇਸ਼ ਦੇ ਅਨਾਜ ਭੰਡਾਰਾਂ ਲਈ ਤਕਰੀਬਨ 60 ਫ਼ੀਸਦੀ ਦਾ ਯੋਗਦਾਨ ਪਾਇਆ ਹੈ ਪਰ ਇਸ ਲਈ ਬਹੁਤ ਵੱਡੀ ਕੀਮਤ ਦੇਣੀ ਪਈ ਹੈ ਜੋ ਵਾਤਾਵਰਨ ਦਾ ਵਿਗਾੜ ਹੈ। 14 ਲੱਖ ਟਿਊਬਵੈੱਲਾਂ ਵੱਲੋਂ ਪਾਣੀ ਕੱਢਣ ਕਰ ਕੇ ਪਾਣੀ ਦਾ ਪੱਧਰ ਦਿਨੋ-ਦਿਨ ਨੀਵਾਂ ਚਲਾ ਗਿਆ ਹੈ। ਦੇਸ਼ ਭਰ ਵਿਚ ਪ੍ਰਤੀ ਹੈਕਟੇਅਰ ਵੱਧ ਖਾਦਾਂ ਵਰਤਣ ਦਾ ਇਕ ਕਾਰਨ ਇਹ ਹੈ ਕਿ ਇਸ ਦੀ ਸਾਰੀ ਹੀ ਭੂਮੀ ਨੂੰ ਸਿੰਜਾਈ ਯੋਗ ਪਾਣੀ ਮਿਲਦਾ ਸੀ। ਪਹਿਲਾਂ ਪਾਣੀ ਦਾ ਪੱਧਰ ਬਹੁਤ ਉਪਰ ਸੀ ਜੋ ਘਟਦਾ-ਘਟਦਾ ਇਸ ਹੱਦ ਤੱਕ ਚਲਾ ਗਿਆ ਹੈ ਕਿ ਜ਼ਿਆਦਾ ਜਗ੍ਹਾ ਤੇ 150 ਫੁੱਟ ਤੋਂ ਵੀ ਨੀਵਾਂ ਹੋ ਗਿਆ ਹੈ ਅਤੇ ਜ਼ਿਆਦਾਤਰ ਖੇਤਰਾਂ ਦਾ ਪਾਣੀ ਪੀਣ ਯੋਗ ਨਹੀਂ ਰਿਹਾ। ਖਾਦ ਦੀ ਵਧਦੀ ਵਰਤੋਂ ਨੇ ਧਰਤੀ ਦੀ ਉਪਜਾਊ ਸ਼ਕਤੀ ਨੂੰ ਕਮਜ਼ੋਰ ਕਰ ਦਿੱਤਾ ਹੈ ਕਿਉਂਕਿ ਹਰ ਸਾਲ ਪ੍ਰਤੀ ਇਕਾਈ ਵੱਧ ਖਾਦਾਂ ਵਰਤੀਆਂ ਜਾਂਦੀਆਂ ਹਨ।

ਵਧਦੀਆਂ ਖਾਦਾਂ ਦੀ ਮਾਤਰਾ ਕਰ ਕੇ ਖਾਦਾਂ ਦੇ ਉਹ ਜ਼ਹਿਰ ਧਰਤੀ, ਪਾਣੀ ਅਤੇ ਹਵਾ ਵਿਚ ਮਿਲ ਰਹੇ ਹਨ ਜਿਨ੍ਹਾਂ ਨੇ ਸੂਖ਼ਮ ਜੀਵ, ਕੀੜੇ-ਮਕੌੜੇ, ਗੰਡੋਏ ਜਿਹੜੇ ਖੇਤੀ ਦੀ ਉਪਜਾਊ ਸ਼ਕਤੀ ਵਧਾਉਂਦੇ ਸਨ, ਉਹ ਖ਼ਤਮ ਕਰ ਦਿੱਤੇ ਹਨ। ਬਹੁਤ ਸਾਰੇ ਪੰਛੀ ਜੋ ਕੁਦਰਤੀ ਵਾਤਾਵਰਨ ਦਾ ਚੰਗਾ ਹਿੱਸਾ ਸਨ, ਖ਼ਤਮ ਹੋ ਗਏ ਹਨ ਅਤੇ ਬਾਰਸ਼ ਦਾ ਸਮਾਂ ਵੀ ਬਦਲ ਗਿਆ ਹੈ। ਬਹੁਤ ਜ਼ਿਆਦਾ ਸਰਦੀ ਅਤੇ ਬਹੁਤ ਜ਼ਿਆਦਾ ਗਰਮੀ, ਵਾਤਾਵਰਨ ਦਾ ਹਿੱਸਾ ਬਣ ਗਿਆ ਹੈ ਜਿਸ ਨੇ ਧਰਤੀ ਦੀ ਉਪਜਾਊ ਸ਼ਕਤੀ ਨੂੰ ਪ੍ਰਭਾਵਿਤ ਕੀਤਾ ਹੈ।

ਫ਼ਸਲਾਂ ਦਾ ਚੱਕਰ ਸਿਰਫ਼ ਦੋ ਫ਼ਸਲਾਂ ਕਣਕ ਤੇ ਝੋਨੇ ਤੱਕ ਸੀਮਤ ਹੋ ਗਿਆ ਹੈ ਅਤੇ ਦੋਵਾਂ ਫ਼ਸਲਾਂ ਵਿਚ ਹਾੜ੍ਹੀ ਤੇ ਸਾਉਣੀ ਵਿਚ 70 ਫ਼ੀਸਦੀ ਖੇਤਰ ਬੀਜਿਆ ਜਾਂਦਾ ਹੈ। ਦੋਵਾਂ ਫ਼ਸਲਾਂ ਦੀ ਬਿਜਾਈ ਅਤੇ ਫਿਰ ਕਟਾਈ ਵਿਚ ਵੱਧ ਤੋਂ ਵੱਧ 30 ਦਿਨਾਂ ਦਾ ਸਮਾਂ ਵੀ ਨਹੀਂ ਲਗਦਾ; ਬਾਕੀ ਸਮਾਂ ਕਿਸਾਨ ਅਤੇ ਕਿਰਤੀ ਵਿਹਲੇ ਰਹਿੰਦੇ ਹਨ, ਉਨ੍ਹਾਂ ਕੋਲ ਕੰਮ ਨਹੀਂ ਹੁੰਦਾ। ਜੇ ਕੰਮ ਨਹੀਂ ਤਾਂ ਉਪਜ ਨਹੀਂ ਅਤੇ ਫਿਰ ਆਮਦਨ ਨਹੀਂ। ਖੇਤੀ ਦੀਆਂ ਵੱਖ ਵੱਖ ਫ਼ਸਲਾਂ ਨਾ ਹੋਣ ਕਰ ਕੇ ਕੰਮ ਦੀ ਕਿਰਤੀਆਂ ਅਤੇ ਪੂੰਜੀ ਦੋਵਾਂ ਲਈ ਮਾਤਰਾ ਬਹੁਤ ਘਟ ਗਈ ਹੈ।

ਪੰਜਾਬ ਦੀ ਖੇਤੀ ਜਿਹੜੀ ਮੌਸਮ ਦੀ ਤਬਦੀਲੀ ਕਰ ਕੇ ਹਰ ਤਰ੍ਹਾਂ ਦੀਆਂ ਫ਼ਸਲਾਂ ਪੈਦਾ ਕਰਨ ਲਈ ਅਨੁਕੂਲ ਹੈ, ਉਸ ਵਿਚ ਖੇਤੀ ਵੰਨ-ਸਵੰਨਤਾ ਵਧਾਉਣਾ ਵੀ ਵੱਡੀ ਚੁਣੌਤੀ ਹੈ। ਖੇਤੀ ਵੰਨ-ਸਵੰਨਤਾ ਨਾਲ ਸਾਲ ਭਰ ਇਕ ਫ਼ਸਲ ਜਾਂ ਦੂਜੀ ਫ਼ਸਲ ਲਈ ਬਿਜਾਈ, ਕਟਾਈ ਕਰਨ ਲਈ ਕਿਰਤੀਆਂ ਅਤੇ ਪੂੰਜੀ ਸੰਦਾਂ ਦੋਵਾਂ ਲਈ ਕੰਮ ਪੈਦਾ ਹੋ ਸਕਦਾ ਹੈ।



ਡਾ. ਸ ਸ ਛੀਨਾ

ਇਸੇ ਲਈ ਕਿਸਾਨ ਨੂੰ ਸਾਰਾ ਸਾਲ ਖੇਤੀ ਮਾਹਿਰਾਂ ਵੱਲੋਂ ਵਾਰ ਵਾਰ ਖੇਤੀ ਵਿਚ ਵੰਨ-ਸਵੰਨਤਾ ਲਿਆਉਣ ਦੇ ਸੁਝਾਅ ਦਿੱਤੇ ਜਾਂਦੇ ਹਨ। ਸਰਕਾਰ ਵੱਲੋਂ ਇਸ ਸਬੰਧੀ ਰੁਚੀ ਪੈਦਾ ਕਰਨ ਲਈ ਉਤਸ਼ਾਹ ਦਿੱਤਾ ਜਾਂਦਾ ਹੈ। ਝੋਨੇ ਅਧੀਨ ਖੇਤਰ ਨੂੰ 30 ਲੱਖ ਹੈਕਟੇਅਰ ਤੋਂ ਘਟਾ ਕੇ 15 ਲੱਖ ਹੈਕਟੇਅਰ ਕਰਨ ਲਈ ਪਿਛਲੇ ਸਮੇਂ ਵਿਚ ਯਤਨ ਵੀ ਕੀਤੇ ਗਏ ਪਰ ਅਜੇ ਵੀ ਕਣਕ ਅਤੇ ਝੋਨੇ ਅਧੀਨ ਖੇਤਰ ਵਧ ਰਿਹਾ ਹੈ। ਇਸ ਫ਼ਸਲ ਚੱਕਰ ਵਿਚ ਕੋਈ ਤਬਦੀਲੀ ਨਹੀਂ ਆ ਰਹੀ।

ਫ਼ਸਲ ਵੰਨ-ਸਵੰਨਤਾ ਵਿਚ ਸਭ ਤੋਂ ਵੱਡੀ ਰੁਕਾਵਟ ਕਣਕ ਤੇ ਝੋਨੇ ਦੀ ਫ਼ਸਲ ਤੋਂ ਇਲਾਵਾ ਹੋਰ ਫ਼ਸਲਾਂ ਲਈ ਯਕੀਨੀ ਮੰਡੀਕਰਨ ਦੀ ਅਣਹੋਂਦ ਹੈ। ਘੱਟੋ-ਘੱਟ ਸਮਰਥਨ ਮੁੱਲ ਤਾਂ ਭਾਵੇਂ ਹੋਰ ਫ਼ਸਲਾਂ ਦਾ ਵੀ ਐਲਾਨਿਆ ਜਾਂਦਾ ਹੈ ਪਰ ਉਸ ਐਲਾਨ ਦਾ ਕੋਈ ਅਰਥ ਨਹੀਂ, ਜੇ ਉਨ੍ਹਾਂ ਕੀਮਤਾਂ ਉੱਤੇ ਖਰੀਦ ਨਾ ਕੀਤੀ ਜਾਵੇ। ਪਿੱਛੇ ਜਿਹੇ ਕੇਂਦਰ ਦੀ ਸਰਕਾਰ ਨੇ ਨਵੀਂ ਖੇਤੀ ਮੰਡੀਕਰਨ ਨੀਤੀ ਐਲਾਨੀ ਸੀ ਜਿਸ ਵਿਚ ਹੋਰ ਫ਼ਸਲਾਂ ਨੂੰ ਵੀ ਖਰੀਦਣ ਦੀ ਤਜਵੀਜ਼ ਸੀ ਪਰ ਉਸ ਉੱਤੇ ਕੋਈ ਅਮਲ ਨਹੀਂ ਹੋਇਆ। ਕਦੀ ਗੰਡੇ, ਕਦੀ ਆਲੂ, ਕਦੀ ਹੋਰ ਫ਼ਸਲਾਂ ਦੀਆਂ ਕੀਮਤਾਂ ਖਰੀਦਦਾਰ ਦੀ ਖਰੀਦ ਸ਼ਕਤੀ ਤੋਂ ਬਾਹਰ ਹੋ ਜਾਂਦੀਆਂ ਹਨ। ਕੀਮਤਾਂ ਦੇ ਵੱਡੇ ਉਤਰਾਅ-ਚੜ੍ਹਾਅ ਫ਼ਸਲਾਂ ਦੀ ਉਪਜ ਨੂੰ ਵੱਡੀ ਹੱਦ ਤੱਕ ਪ੍ਰਭਾਵਿਤ ਕਰ ਦਿੰਦੇ ਹਨ ਜਿਹੜੇ ਇਕ ਸਮੇਂ ਕਦੀ ਮਹਿੰਗਾਈ ਪੈਦਾ ਹੋਣ ਕਾਰਨ ਖਰੀਦਦਾਰਾਂ ਲਈ ਹਾਨੀਕਾਰਕ ਹਨ ਤੇ ਦੂਸਰੇ ਸਮੇਂ ਕਿਸਾਨਾਂ ਵੱਲੋਂ ਵੱਧ ਉਤਪਾਦਨ ਹੋਣ ਕਰ ਕੇ ਕੀਮਤਾਂ ਦੀ ਕਮੀ ਕਰ ਕੇ ਕਿਸਾਨਾਂ ਲਈ ਹਾਨੀਕਾਰਕ ਹਨ।

ਖੇਤੀ ਵੰਨ-ਸਵੰਨਤਾ ਵਧਾਉਣ ਲਈ ਯਕੀਨੀ ਮੰਡੀਕਰਨ ਦੀ ਵਿਵਸਥਾ ਜਿੱਥੇ ਕਿਸਾਨ ਦੇ ਵੱਡੇ ਹਿੱਤ ਵਿਚ ਹੈ, ਉੱਥੇ ਸਮੁੱਚੇ ਖਰੀਦਦਾਰਾਂ ਦੇ ਹਿੱਤ ਵਿਚ ਵੀ ਹੈ। ਪ੍ਰਾਂਤ ਦੀਆਂ ਉਨ੍ਹਾਂ ਫ਼ਸਲਾਂ ਨੂੰ ਜਿਹੜੀਆਂ ਰੋਜ਼ਾਨਾ ਵਰਤੋਂ ਦੀਆਂ ਵਸਤੂਆਂ ਹਨ, ਉਨ੍ਹਾਂ ਲਈ ਪ੍ਰਾਂਤ ਨੂੰ ਆਪ ਵਿਵਸਥਾ ਕਰਨੀ ਚਾਹੀਦੀ ਹੈ। ਇਨ੍ਹਾਂ ਲੋੜੀਂਦੀਆਂ ਫ਼ਸਲਾਂ ਨੂੰ ਜਿੰਨੀ ਯੋਗਤਾ ਨਾਲ ਸਰਕਾਰ ਜਮ੍ਹਾਂ ਕਰ ਸਕਦੀ ਹੈ ਅਤੇ ਯਕੀਨੀ ਮੰਡੀਕਰਨ ਲਈ ਕਿਸਾਨ ਜਿੰਨਾ ਸਰਕਾਰ ਤੇ ਨਿਰਭਰ ਕਰਦੇ ਹਨ, ਉਹ ਕਿਸੇ ਹੋਰ ਤੇ ਨਹੀਂ ਕਰਦੇ।

# ਅਰਨਬ ਗੋਸਵਾਮੀ ਨੂੰ ਪੱਤਰਕਾਰ ਨਹੀ ਕਿਹਾ ਜਾ ਸਕਦਾ



ਜੂਲੀਓ ਰਿਬੈਰੋ

ਰਿਪਬਲਿਕ ਟੀਵੀ ਦੇ ਫੰਨੇ ਖਾਂ ਅਰਨਬ ਗੋਸਵਾਮੀ ਨੂੰ ਗ੍ਰਿਫ਼ਤਾਰ ਕਰਨ ਲਈ ਖ਼ੁਦਕੁਸ਼ੀ ਦੇ ਇਕ ਪੁਰਾਣੇ ਕੇਸ ਨੂੰ ਮੁੜ ਖੋਲ੍ਹਣ ਦਾ ਅਹਿਮਕਾਨਾ ਫ਼ੈਸਲਾ ਮਹਾਰਾਸ਼ਟਰ ਸਰਕਾਰ 'ਚ ਕਿਸ ਨੇ ਲਿਆ ਸੀ? ਇਹ ਮੁੰਬਈ ਪੁਲੀਸ ਕਮਿਸ਼ਨਰ ਪਰਮਬੀਰ ਸਿੰਘ ਦਾ ਫ਼ੈਸਲਾ ਤਾਂ ਹੋ ਨਹੀਂ ਸਕਦਾ ਕਿਉਂਕਿ ਖ਼ੁਦਕੁਸ਼ੀ ਦਾ ਇਹ ਮਾਮਲਾ ਉਨ੍ਹਾਂ ਦੇ ਅਧਿਕਾਰ ਖੇਤਰ 'ਚੋਂ ਬਾਹਰ ਸੀ। ਪਰਮਬੀਰ ਇਸ ਵੇਲੇ ਅਰਨਬ ਗੋਸਵਾਮੀ ਤੇ ਉਸ ਵਰਗੇ ਉਨ੍ਹਾਂ ਲੋਕਾਂ ਖਿਲਾਫ਼ ਲੜਾਈ ਵਿਚ ਉਲਝੇ ਹੋਏ ਹਨ ਜਿਨ੍ਹਾਂ ਦੇ ਮਨ ਮਸਤਕ ਵਿਚ ਨਜ਼ਾਰੇ ਦੇ ਲੁਤਫ਼ ਤੋਂ ਸਿਵਾਇ ਹੋਰ ਕੁਝ ਵੀ ਨਹੀਂ ਹੈ।

ਮੇਰਾ ਅਨੁਮਾਨ ਹੈ ਕਿ ਇਹ ਫ਼ੈਸਲਾ ਖ਼ੁਦ ਮੁੱਖ ਮੰਤਰੀ ਨੇ ਹੀ ਲਿਆ ਹੋ ਸਕਦਾ ਹੈ ਜਿਨ੍ਹਾਂ ਦੇ ਮਨ 'ਚ ਗੋਸਵਾਮੀ ਪ੍ਰਤੀ ਰੋਸਾ ਹੈ। ਸੰਭਵ ਹੈ ਕਿ ਪਰਮਬੀਰ ਨਾਲ ਸਲਾਹ ਮਸ਼ਵਰਾ ਕੀਤਾ ਗਿਆ ਹੋਵੇ। ਘੱਟੋ ਘੱਟ ਉਸ ਨੂੰ ਇਸ ਦੀ ਜਾਣਕਾਰੀ ਜ਼ਰੂਰ ਹੋਵੇਗੀ ਕਿਉਂਕਿ ਗ੍ਰਿਫ਼ਤਾਰੀ ਮੌਕੇ ਗੋਸਵਾਮੀ ਦੇ ਦਫ਼ਤਰ ਵਿਚ ਸਬੰਧਤ ਥਾਣੇ ਦੇ ਪੁਲੀਸ ਕਰਮੀਆਂ ਤੋਂ ਇਲਾਵਾ ਉਸ (ਪਰਮਬੀਰ) ਦਾ ਚਹੇਤਾ ਅਫ਼ਸਰ ਤੇ ਸ਼ਾਰਪਸ਼ੂਟਰ ਸਚਿਨ ਵੇਜ਼ ਵੀ ਮੌਜੂਦ ਸੀ। ਖ਼ੁਦਕੁਸ਼ੀ ਦਾ ਮਾਮਲਾ 2018 ਵਿਚ ਨੇੜਲੇ ਰਾਇਗੜ੍ਹ ਜ਼ਿਲ੍ਹੇ ਵਿਚ ਵਾਪਰਿਆ ਸੀ। ਗੋਸਵਾਮੀ ਤੇ ਦੋ ਹੋਰ ਬੰਦਿਆਂ ਨੇ ਇਕ ਇੰਟੀਰੀਅਰ ਡੈਕੋਰੇਟਰ ਦੇ 5.4 ਕਰੋੜ ਰੁਪਏ ਦੇਣੇ ਸਨ ਜਿਨ੍ਹਾਂ ਲਈ ਉਸ ਨੇ ਕੰਮ ਕੀਤਾ ਸੀ। ਇਨ੍ਹਾਂ ਦੀ ਅਦਾਇਗੀ ਨਾ ਹੋਣ ਕਰਕੇ ਉਸ ਨੇ ਅੱਕ ਕੇ ਖ਼ੁਦਕੁਸ਼ੀ ਕਰ ਲਈ ਸੀ। ਤਾਜੁਬ ਇਹ ਸੀ ਕਿ ਜਾਪਦਾ ਸੀ ਕਿ ਉਸ ਨੇ ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਆਪਣੀ ਮਾਂ ਦੀ ਜਾਨ ਵੀ ਲੈ ਲਈ ਸੀ।

ਉਸ ਵਿਅਕਤੀ ਨੇ ਆਪਣੇ ਖ਼ੁਦਕੁਸ਼ੀ ਨੋਟ ਵਿਚ ਗੋਸਵਾਮੀ ਤੇ ਉਸ ਦੇ ਦੋ ਸਾਥੀਆਂ ਨੂੰ ਇਸ ਕਦਮ ਲਈ ਕਸੂਰਵਾਰ ਠਹਿਰਾਇਆ ਸੀ। ਪੁਲੀਸ ਨੇ ਉਦੋਂ ਕੇਸ ਦੀ ਜਾਂਚ ਠੱਪ ਕਰ ਦਿੱਤੀ ਸੀ ਤੇ ਮੇਰੇ ਖਿਆਲ ਮੁਤਾਬਿਕ ਇਹ



ਠੀਕ ਵੀ ਸੀ। ਕੰਮ ਬਦਲੇ ਪੈਸੇ ਜਾਂ ਕਰਜ਼ਾ ਮੋੜਨ ਤੋਂ ਨਾਂਹ ਕਰਨਾ ਦੂਜੀ ਧਿਰ ਨੂੰ ਖ਼ੁਦਕੁਸ਼ੀ ਲਈ ਉਕਸਾਉਣਾ ਜਾਂ ਮਜਬੂਰ ਕਰਨਾ ਨਹੀਂ ਕਿਹਾ ਜਾ ਸਕਦਾ। ਗੋਸਵਾਮੀ ਜਾਂ ਉਸ ਦੇ ਕਿਸੇ ਸਾਥੀ ਵੱਲੋਂ ਉਸ ਨੂੰ ਕਿਸੇ ਤਰ੍ਹਾਂ ਗਿਣ ਮਿੱਥ ਕੇ ਉਕਸਾਹਟ ਨਹੀਂ ਦਿੱਤੀ ਗਈ ਸੀ ਹਾਲਾਂਕਿ ਇਹ ਸਪੱਸ਼ਟ ਸੀ ਕਿ ਫੌਰੀ ਅਦਾਇਗੀ ਕਰਨ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਸੀ। ਦਰਅਸਲ, ਪੁਲੀਸ ਨੂੰ 'ਸੀ' ਖੁਲਾਸੇ (ਸਮਰੀ) ਦੀ ਜਾਂਚ ਮੁਕੰਮਲ ਕਰਨੀ ਚਾਹੀਦੀ ਸੀ ਜਿਸ ਦਾ ਮਤਲਬ ਹੁੰਦਾ ਹੈ ਕਿ ਕਿਸੇ ਗੁਨਾਹ ਦਾ ਖੁਲਾਸਾ ਨਹੀਂ ਹੋਇਆ। ਇਸ ਦੀ ਬਜਾਇ 'ਏ' ਸਮਰੀ ਦੀ ਕਾਰਵਾਈ ਪਾ ਦਿੱਤੀ ਗਈ ਜਿਸ ਦਾ ਭਾਵ ਹੈ ਕਿ ਗੁਨਾਹ ਕੀਤਾ ਗਿਆ ਸੀ, ਪਰ ਉਸ ਨੂੰ ਸਿੱਧ ਕਰਨ ਲਈ ਕੋਈ ਸਬੂਤ ਨਹੀਂ ਸੀ।

ਹੁਣ ਵਕਤ ਹੈ ਕਿ ਅਦਾਲਤਾਂ ਪੁਲੀਸ ਨੂੰ ਇਹ ਨਿਰਦੇਸ਼ ਦੇਣ ਕਿ ਖ਼ੁਦਕੁਸ਼ੀ ਲਈ ਉਕਸਾਉਣ ਦਾ ਸਹੀ ਭਾਵ ਕੀ ਹੈ। ਇਸ ਵੇਲੇ ਜੇ ਕੋਈ ਜਣਾ ਆਪਣੀ ਜਾਨ ਲੈ ਲੈਂਦਾ ਹੈ ਜਿਵੇਂ ਸੁਸ਼ਾਂਤ ਸਿੰਘ ਰਾਜਪੂਤ ਨੇ ਖ਼ੁਦਕੁਸ਼ੀ ਕਰ ਲਈ ਸੀ ਤਾਂ ਪੁਲੀਸ ਉਸ ਸ਼ਖ਼ਸ ਨੂੰ ਪ੍ਰੇਸ਼ਾਨ ਕਰਨ ਲੱਗ ਪੈਂਦੀ ਹੈ ਜਿਸ ਕਾਰਨ ਉਸ ਨੇ ਖ਼ੁਦਕੁਸ਼ੀ ਕੀਤੀ ਹੁੰਦੀ ਹੈ। ਇਹ ਜ਼ਿਆਦਤੀ ਹੈ। ਆਪਣੇ ਆਪ ਨੂੰ ਤਫ਼ਤੀਸ਼ਕਾਰ ਕਹਾਉਣ ਵਾਲੇ ਗੋਸਵਾਮੀ ਨੇ ਰੀਆ ਚਕਰਵਰਤੀ ਨੂੰ ਸੁਸ਼ਾਂਤ ਦੀ ਖ਼ੁਦਕੁਸ਼ੀ ਦਾ ਕਾਰਨ ਮੰਨ ਕੇ ਉਸ ਨੂੰ ਨਿਸ਼ਾਨਾ ਬਣਾਇਆ ਸੀ। ਜੇ ਉਹ ਕੋਈ ਕਮਜ਼ੋਰ ਔਰਤ ਹੁੰਦੀ ਤੇ ਖ਼ੁਦਕੁਸ਼ੀ ਕਰ ਬੈਠਦੀ ਤਾਂ ਕੀ ਗੋਸਵਾਮੀ ਨੂੰ ਉਸ ਦੀ ਖ਼ੁਦਕੁਸ਼ੀ ਦਾ ਕਾਰਨ ਗਿਣਿਆ ਜਾਂਦਾ? ਕਾਨੂੰਨ ਬਣਾਉਣ ਵਾਲਿਆਂ ਦੇ ਮਨ ਵਿਚ ਅਜਿਹੀ ਕੋਈ ਗੱਲ ਨਹੀਂ ਸੀ। ਉਨ੍ਹਾਂ ਸਾਹਮਣੇ ਗੁਜਰਾਤ ਵਿਚ ਅਕਸਰ ਵਿਆਹੁਤਾ ਔਰਤਾਂ ਵੱਲੋਂ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆ ਦੀ ਨਜ਼ੀਰ ਸੀ ਜਿਨ੍ਹਾਂ ਨੂੰ ਸਹੁਰਿਆਂ ਵੱਲੋਂ ਦਾਜ ਲਈ ਸਤਾਇਆ ਜਾਂਦਾ ਸੀ।

ਹਾਲ ਹੀ ਵਿਚ ਪ੍ਰਕਾਸ਼ਿਤ ਆਪਣੀ ਸਵੈਜੀਵਨੀ 'ਏ ਰੋਡ ਵੈੱਲ ਟ੍ਰੈਵਲਡ' ਵਿਚ ਸੀਬੀਆਈ ਦੇ ਸਾਬਕਾ ਮੁਖੀ ਆਰ. ਕੇ. ਰਾਘਵਨ ਨੇ ਇਕ ਘਟਨਾ ਦਾ ਜ਼ਿਕਰ ਕੀਤਾ ਹੈ ਜਿਸ ਵਿਚ ਤਾਮਿਲ ਨਾਡੂ ਦੇ ਤਤਕਾਲੀ ਮੁੱਖ ਮੰਤਰੀ ਐਮਜੀ ਰਾਮਚੰਦਰਨ ਨੇ ਉਸ (ਰਾਘਵਨ) 'ਤੇ ਫ਼ਿਲਮਸਾਜ਼ ਬਾਲੂ ਮਹੇਂਦਰ 'ਤੇ ਕਤਲ ਦਾ ਕੇਸ ਬਣਾਉਣ ਲਈ ਦਬਾਅ ਪਾਇਆ ਸੀ। ਬਾਲੂ ਨਾਲ ਰਹਿੰਦੀ ਉਸ ਦੀ ਪ੍ਰੇਮਿਕਾ ਨੇ ਇਸ

(ਬਾਕੀ ਸਫਾ 21 'ਤੇ)

Raja

New Introducing Chaat Corner

King of Sweets Now Presents

Come and Enjoy Mouth Watering Chaat All Day



ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ

- BHEL PAPDI CHAAT
- FALUDA KULFI
- GOL GAPPE (PANI PURI)
- KHASTA KACHORI

RAJA SWEETS & INDIAN CUISINE

31583 Alvarado Blvd. Union City, CA 94587

Phone : (510) 489-9100

MOON indian cuisine

Moon Indian Cuisine

510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ

Fish Pakora

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ
ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ
ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।



Paul 510-978-7170

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544

Phone (510)780-9233 Fax (510) 780-9812

www.moonindiancuisine.net

TEC Equipment
Your Best Business Partner

DIXON

ਨਵੇਂ ਅਤੇ ਪੁਰਾਣੇ ਟਰੱਕ ਖਰੀਦਣ ਲਈ ਅੱਜ ਹੀ ਮਿਲੋ, ਅਸੀਂ ਟਰੱਕਾਂ ਲਈ ਫਾਈਨਾਂਸ ਵੀ ਕਰਵਾ ਦਿਦੇ ਹਾਂ

THE WEST'S LEADING FULL-SERVICE TRUCK AND TRAILER DEALERSHIP

SALES & LEASING • PARTS & SERVICE • FINANCE & INSURANCE



HARJINDER SINGH BAL
NEW TRUCK SALES
Direct 707-640-7114 | Cell 510-613-3573
hsingh@tecequipment.com

TECEQUIPMENT.COM

8555 Pedrick Rd Dixon, CA 95620



Cosmetic & Family Dentistry

# UPPAL DENTAL CARE

50 % Discount for Cash Patients

INVISALIGN

Call for Details

Straighten Teeth Without Wires

FREE TEETH WHITENING WITH PAID EXAM, X-RAY & CLEANING.
YOUR INSURANCE USUALLY COVER THESE SERVICES



Charanjit S Uppal
D.D.S.

- Laser Treatment
- Lumineers/Veneers
- Dentures & Partials
- Root Canals
- Bad Breath
- Cosmetic Dentistry
- Crowns & Bridges
- Tooth Extraction
- Gum Treatment

Strictly Maintained Sterilization Standards
Most Insurance Plans Accepted

1191 W Tennyson Rd. # 4,
Hayward. (CA) 94544
510-786-1780

1750 CLEAR LAKE AVE
Milpitas, CA 95035
408-942-4400

www.uppaldental.com




# Quick Lube & Smog

We rent U-HAUL

OIL CHANGE & SMOG CHECK STATION

## SUKHWINDER BHELLA

gogibhella@gmail.com

691 W. Tennyson Rd
Hayward, CA 94544

PH 510-757-6775
FAX 510-292-0330

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# PREET FABRICS & APPLIANCE

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।

YOUR ONE-STOP CENTER BOTH FABRICS & APPLIANCES

APPLIANCES & LUGGAGE CROSS, PARKER PENS, OSTER BLENDERS

Watches (Seiko, Citizen & Swistar)
Shavers & Trimmers
Cellular Phones

## Onkar Singh Banwait

5156 Mowry AVE. Fremont. CA 94538
Tel- 510-797-7111

# ਇਮਰਾਨ ਖ਼ਾਨ ਦੀ ਨਾਅਹਿਲੀਅਤ ਕਾਰਨ ਬਰਬਾਦ ਹੋ ਰਿਹਾ ਪਾਕਿਸਤਾਨ



ਜੀ ਪਾਰਥਾਸਾਰਥੀ

ਪਾਕਿਸਤਾਨ ਤੇ ਹਕੂਮਤ ਕਰਨਾ ਕਦੇ ਵੀ ਸੌਖਾ ਕੰਮ ਨਹੀਂ ਰਿਹਾ, ਨਵਾਜ਼ ਸ਼ਰੀਫ਼ ਤੇ ਬੇਨਜ਼ੀਰ ਭੁੱਟੋ ਵਰਗੇ ਘਾਗ ਤੇ ਤਜਰਬੇਕਾਰ ਸਿਆਸਤਦਾਨਾਂ ਲਈ ਵੀ ਨਹੀਂ ਪਰ ਇਮਰਾਨ ਖ਼ਾਨ ਦੀ ਤਜਰਬੇ ਅਤੇ ਹਕੂਮਤ ਦੀਆਂ ਉਲਝਣਾਂ ਨੂੰ ਸਮਝਣ ਪੱਖੋਂ ਘਾਟ (ਜਿਸ ਨੂੰ ਬਹੁਤੇ ਪਾਕਿਸਤਾਨੀ ਉਸ ਦੀ ਆਕੜ ਵੀ ਮੰਨਦੇ ਹਨ) ਨੇ ਉਸ ਨੂੰ ਇਸ ਪੱਖੋਂ ਵੱਧ ਖ਼ਤਰੇ ਵਿਚ ਪਾਇਆ ਹੋਇਆ ਹੈ। ਪਾਕਿਸਤਾਨ ਹੁਣ ਤੱਕ ਇਸਲਾਮੀ ਸੰਸਾਰ ਵਿਚ ਬੜਾ ਬਚ ਕੇ ਚੱਲਦਾ ਤੇ ਚਤੁਰਾਈ ਨਾਲ ਆਪਣੇ ਕੰਮ ਕੱਢਦਾ ਰਿਹਾ ਹੈ। ਇਹ ਕਦੇ ਵੀ ਇਸਲਾਮੀ ਮੁਲਕਾਂ ਦੀਆਂ ਆਪਸੀ ਇਤਿਹਾਸਕ, ਫ਼ਿਰਕੂ ਤੇ ਤਹਿਜ਼ੀਬੀ ਦੁਸ਼ਮਣੀਆਂ ਵਿਚ ਨਹੀਂ ਉਲਝਿਆ ਪਰ ਇਸ ਦੇ ਉਲਟ ਇਮਰਾਨ ਖ਼ਾਨ ਦੇ ਇਸ ਖ਼ਿਆਲ ਕਿ ਪਾਕਿਸਤਾਨ ਦੇ ਆਲਮੀ ਪੱਧਰ ਤੇ ਇਸਲਾਮੀ ਮੁਲਕਾਂ ਦੇ ਬਣ ਰਹੇ ਨਵੇਂ ਗਰੁੱਪ ਦਾ ਬਾਨੀ ਮੈਂਬਰ ਬਣਨ ਨਾਲ ਉਸ ਦਾ ਰੁਤਬਾ ਹੋਰ ਉੱਚਾ ਹੋ ਜਾਵੇਗਾ, ਨਾਲ ਸਾਰੀ ਕੀਤੀ ਕਰਾਈ ਤੇ ਪਾਣੀ ਫਿਰ ਗਿਆ। ਇਹ ਨਵਾਂ ਗਰੁੱਪ ਬਣਾਉਣ ਦੀ ਤਜਵੀਜ਼ ਮਲੇਸ਼ੀਆ ਦੇ 90 ਸਾਲਾ ਪ੍ਰਧਾਨ ਮੰਤਰੀ ਮਹਾਤਿਰ ਮੁਹੰਮਦ ਤੇ ਉਸ ਦੇ ਬਹੁਤ ਹੀ ਲਾਲਸੀ ਤੁਰਕ ਹਮਰੁਤਬਾ ਰੇਸੇਪ ਅਰਦੋਗਨ ਨੇ ਪੇਸ਼ ਕੀਤੀ ਸੀ। ਦੂਜੇ ਪਾਸੇ ਸਾਊਦੀ ਅਰਬ ਦੀ ਅਗਵਾਈ ਵਾਲੇ ਇਸਲਾਮੀ ਸੰਸਾਰ ਨੇ ਇਸ ਦਾ ਸਖ਼ਤ ਨੋਟਿਸ ਲਿਆ। ਸਾਊਦੀ ਇਤਰਾਜ਼ਾਂ ਤੋਂ ਘਬਰਾਏ ਇਮਰਾਨ ਖ਼ਾਨ ਕਾਹਲੀ ਵਿਚ ਇਸ ਪਹਿਲਕਦਮੀ ਤੋਂ ਲਾਂਭੇ ਹਟ ਗਏ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਊਦੀ ਅਰਬ ਅਤੇ ਯੂਏਈ ਨਾਲ ਆਪਣੇ ਰਿਸ਼ਤੇ ਖ਼ਾਸਕਰ ਊਰਜਾ ਦੇ ਖੇਤਰ ਵਿਚ ਕਾਫ਼ੀ ਮਜ਼ਬੂਤ ਕਰ ਲਏ।

ਇਸ ਦੌਰਾਨ ਲੀਹ ਤੋਂ ਹਟਵਾਂ ਕਦਮ ਚੁੱਕਦਿਆਂ ਯੂਏਈ ਨੇ ਬੀਤੇ ਸਾਲ ਆਬੂ ਧਾਬੀ ਵਿਚ ਹੋਈ 43 ਮੈਂਬਰੀ ਆਰਗੇਨਾਈਜ਼ੇਸ਼ਨ ਆਫ਼ ਇਸਲਾਮੀ ਕਾਨਫਰੰਸ (ਓਆਈਸੀ) ਦੇ ਵਿਦੇਸ਼ ਮੰਤਰੀਆਂ ਦੀ ਮੀਟਿੰਗ ਵਿਚ ਭਾਰਤ ਨੂੰ ਵਿਸ਼ੇਸ਼ ਮਹਿਮਾਨ ਵਜੋਂ ਸੱਦਿਆ। ਇਮਰਾਨ ਖ਼ਾਨ ਨੇ ਯੂਏਈ ਦੇ ਇਸ ਫ਼ੈਸਲੇ ਦਾ ਸਖ਼ਤ ਵਿਰੋਧ ਕੀਤਾ ਅਤੇ ਮੀਟਿੰਗ ਦਾ ਬਾਈਕਾਟ ਕਰ ਦਿੱਤਾ ਪਰ ਛੇਤੀ ਹੀ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਉਨ੍ਹਾਂ ਦੇ ਮੁਲਕ ਨੂੰ ਤਾਂ ਵਿਦੇਸ਼ਾਂ ਤੋਂ ਭਾਰੀ ਮਾਲੀ ਇਮਦਾਦਾਂ ਦੀ ਲੋੜ ਸੀ। ਪਾਕਿਸਤਾਨ ਸਿਰ ਅਰਬ ਦੇ ਦਾਨੀਆਂ ਦਾ ਭਾਰੀ ਕਰਜ਼ਾ ਖੜ੍ਹਾ ਸੀ ਅਤੇ ਸਾਊਦੀ ਅਰਬ ਤੇ ਯੂਏਈ ਤੋਂ ਨਵੇਂ ਕਰਜ਼ ਲੈਣ ਲਈ ਉਸ ਨੂੰ ਪੁਰਾਣੇ ਕਰਜ਼ਿਆਂ ਦੀਆਂ ਅਦਾਇਗੀਆਂ ਕਰਨੀਆਂ ਪੈਣੀਆਂ ਸਨ। ਇਸ ਤਰ੍ਹਾਂ ਇਸਲਾਮੀ ਸੰਸਾਰ ਵਿਚ ਨਿਜੀ ਤੌਰ ਤੇ ਮੋਹਰੀ ਕਿਰਦਾਰ ਅਦਾ ਕਰਨ ਦੀਆਂ ਇਮਰਾਨ ਦੀਆਂ ਖ਼ਾਹਿਸ਼ਾਂ ਤੇ ਪਾਣੀ ਫਿਰ ਗਿਆ। ਓਆਈਸੀ ਮੀਟਿੰਗਾਂ ਵਿਚ ਪਾਕਿਸਤਾਨ ਦੀ ਸ਼ਮੂਲੀਅਤ ਹੁਣ ਮਹਿਜ਼ ਜੰਮੂ ਕਸ਼ਮੀਰ ਦੇ ਮੁੱਦੇ ਉਤੇ ਚੀਕ-ਚਿਹਾੜਾ ਪਾਉਣ ਤੱਕ ਮਹਿਦੂਦ ਹੋ ਕੇ ਰਹਿ ਗਈ ਹੈ।

ਇਮਰਾਨ ਖ਼ਾਨ ਦੀਆਂ ਤੁਰਕ ਪ੍ਰਧਾਨ ਮੰਤਰੀ ਅਰਦੋਗਨ ਨਾਲ ਨਜ਼ਦੀਕੀਆਂ ਕਾਰਨ ਪਾਕਿਸਤਾਨ ਨੂੰ ਰਸੂਖ਼ਵਾਨ ਅਰਬ ਮੁਲਕਾਂ ਤੋਂ ਦਰਪੇਸ਼ ਆਈਆਂ ਪ੍ਰੇਸ਼ਾਨੀਆਂ ਦੇ ਬਾਵਜੂਦ ਇਮਰਾਨ ਨੇ ਅਰਦੋਗਨ ਦੇ ਨਕਸ਼ੇ-ਕਦਮ ਤੇ ਚੱਲਦਿਆਂ ਫਰਾਂਸ ਦੇ ਸਦਰ ਇਮੈਨੂਅਨ ਮੈਕਰੌਂ ਦੀ ਨਿਖੇਧੀ ਕਰਨ ਦਾ ਫ਼ੈਸਲਾ ਕੀਤਾ। ਇਸ ਤੋਂ ਬਾਅਦ ਮੈਕਰੌਂ ਨੇ ਉਦੋਂ ਸਖ਼ਤ ਪ੍ਰਤੀਕਿਰਿਆ ਦਿੱਤੀ ਜਦੋਂ ਹਾਲ ਹੀ ਵਿਚ ਫਰਾਂਸ ਵਿਚ ਆਏ ਇਕ ਮੁਸਲਿਮ ਪਰਵਾਸੀ ਨੇ ਫਰਾਂਸੀਸੀ ਅਧਿਆਪਕ ਦਾ ਕਤਲ ਕਰ ਦਿੱਤਾ। ਅਰਦੋਗਨ ਨੇ ਇਸ ਸਬੰਧੀ ਟਿੱਪਣੀ ਕੀਤੀ: "ਮੈਕਰੌਂ ਨੂੰ ਮੁਸਲਮਾਨਾਂ ਅਤੇ ਇਸਲਾਮ ਤੋਂ ਕੀ ਪ੍ਰੇਸ਼ਾਨੀ ਹੈ? ਮੈਕਰੌਂ ਨੂੰ ਆਪਣੇ ਦਿਮਾਗ਼ ਦਾ ਇਲਾਜ ਕਰਾਉਣਾ ਚਾਹੀਦਾ ਹੈ।" ਦੂਜੇ ਪਾਸੇ ਇਮਰਾਨ ਦਾ ਕਹਿਣਾ ਸੀ: "ਸਦਰ ਮੈਕਰੌਂ ਨੇ ਜਾਣ-ਬੁੱਝ ਕੇ ਮੁਸਲਮਾਨਾਂ ਨੂੰ ਉਕਸਾਇਆ ਹੈ ਜਿਨ੍ਹਾਂ ਵਿਚ ਉਸ ਦੇ ਆਪਣੇ ਨਾਗਰਿਕ ਵੀ ਸ਼ਾਮਲ ਹਨ ਅਤੇ ਉਸ ਨੇ ਇਸਲਾਮ ਤੇ ਹਜ਼ਰਤ ਮੁਹੰਮਦ ਦੀ ਬੇਅਦਬੀ ਕਰਨ ਵਾਲੇ ਕਾਰਟੂਨਾਂ ਨੂੰ ਉਤਸ਼ਾਹਿਤ ਕੀਤਾ।" ਅੱਜ ਪੂਰੇ ਯੂਰੋਪ ਭਰ ਵਿਚ ਇਸਲਾਮੀ ਮੁਲਕਾਂ ਤੋਂ ਆਏ ਹੋਏ ਅਜਿਹੇ ਪਨਾਹਗੀਰਾਂ ਖ਼ਿਲਾਫ਼ ਰੋਹ ਤੇ ਗੁੱਸਾ ਵਧ ਰਿਹਾ ਹੈ ਜਿਹੜੇ ਯੂਰੋਪੀਅਨ ਨੇਮਾਂ ਤੇ ਕਦਰਾਂ-ਕੀਮਤਾਂ ਨੂੰ ਮੰਨਣ ਲਈ ਤਿਆਰ ਨਹੀਂ ਹਨ।



ਆਪਣੇ ਆਪ ਨੂੰ ਦੁਨੀਆ ਭਰ ਦੇ ਮੁਸਲਮਾਨਾਂ ਦਾ ਵੱਡਾ ਆਗੂ ਸਮਝਣ ਵਾਲੇ ਇਮਰਾਨ ਖ਼ਾਨ ਦੇ ਇਹ ਦਾਅਵੇ, ਚੀਨ ਦੇ ਸ਼ਿਨਜਿਆਂਗ ਸੂਬੇ ਵਿਚ ਵਾਪਰ ਰਹੇ ਘਟਨਾ-ਚੱਕਰ ਪ੍ਰਤੀ ਉਸ ਵੱਲੋਂ ਅਪਣਾਏ ਗਏ ਰਵੱਈਏ ਕਾਰਨ ਫੋਕੇ ਸਾਬਤ ਹੁੰਦੇ ਹਨ। ਚੀਨ ਵੱਲੋਂ ਇਸ ਸੂਬੇ ਵਿਚਲੇ ਉਈਗਰ ਮੁਸਲਮਾਨਾਂ ਨੂੰ ਬੰਦੀ ਬਣਾ ਕੇ ਰੱਖੇ ਜਾਣ ਤੇ ਉਨ੍ਹਾਂ ਦਾ ਦਮਨ ਕੀਤੇ ਜਾਣ ਖ਼ਿਲਾਫ਼ 39 ਮੁਲਕਾਂ ਨੇ ਸੰਯੁਕਤ ਰਾਸ਼ਟਰ ਜਨਰਲ ਅਸੰਬਲੀ ਦੀ ਮਨੁੱਖੀ ਹੱਕਾਂ ਸਬੰਧੀ ਕਮੇਟੀ ਵਿਚ ਸਾਂਝਾ ਬਿਆਨ ਜਾਰੀ ਕੀਤਾ ਜਿਸ ਵਿਚ ਚੀਨ ਨੂੰ ਅਜਿਹਾ ਨਾ ਕਰਨ ਅਤੇ ਨਾਲ ਹੀ ਹਾਂਗਕਾਂਗ ਦੇ ਲੋਕਾਂ ਦੀ ਆਜ਼ਾਦੀ ਦਾ ਸਤਿਕਾਰ ਕਰਨ ਲਈ ਆਖਿਆ ਗਿਆ। ਕੀ ਇਸ ਹਾਲਤ ਵਿਚ ਪਾਕਿਸਤਾਨ ਨੂੰ ਆਲਮੀ ਪੱਧਰ ਤੇ ਮੁਸਲਮਾਨਾਂ ਦਾ ਖ਼ੈਰਖਵਾਹ ਮੰਨਿਆ ਜਾ ਸਕਦਾ ਹੈ, ਜੇ ਉਹ ਕਰੀਬ ਦਸ ਲੱਖ ਚੀਨੀ ਉਈਗਰ ਮੁਸਲਮਾਨਾਂ ਦੀ ਮਾੜੀ ਹਾਲਤ ਤੋਂ ਨਜ਼ਰਾਂ ਫੇਰ ਲੈਂਦਾ ਹੈ ਜਿਨ੍ਹਾਂ ਨੂੰ ਹੋਰ ਕਾਰਨਾਂ ਤੋਂ ਇਲਾਵਾ ਮੁੱਖ ਤੌਰ ਤੇ ਉਨ੍ਹਾਂ ਦੇ ਅਕੀਦੇ ਕਾਰਨ ਚੀਨੀ ਹਕੂਮਤ ਵੱਲੋਂ ਧੱਕੜਸ਼ਾਹੀ ਭਰੇ ਢੰਗ ਨਾਲ ਬੰਦੀ ਬਣਾ ਕੇ ਰੱਖਿਆ ਜਾ ਰਿਹਾ ਹੈ। ਇਹ ਢੁਕਵਾਂ ਸਮਾਂ ਹੈ ਜਦੋਂ ਭਾਰਤ ਨੂੰ ਵਧੇਰੇ ਸਰਗਰਮੀ ਨਾਲ ਪਾਕਿਸਤਾਨ ਦੇ ਇਸ ਦੋਗਲੇਪਣ ਦਾ ਪਰਦਾਫ਼ਾਸ਼ ਕਰਨਾ ਚਾਹੀਦਾ ਹੈ ਤਾਂ ਕਿ ਉਸ ਦੇ ਮਾੜੇ ਮਨਸੂਬਿਆਂ ਨੂੰ ਮਾਤ ਦਿੱਤੀ ਜਾ ਸਕੇ।

ਇਮਰਾਨ ਖ਼ਾਨ ਦੀ ਵਿਦੇਸ਼ ਨੀਤੀ ਕਾਰਨ ਇਕ ਪਾਸੇ ਜਿਥੇ ਦੁਨੀਆ ਭਰ ਵਿਚੋਂ ਉਸ ਨੂੰ ਰੋਹ ਭਰੇ ਢੰਗ ਨਾਲ ਦੇਖਿਆ ਜਾ ਰਿਹਾ ਹੈ, ਉਥੇ ਉਸ ਨੂੰ ਪਾਕਿਸਤਾਨ ਦੇ ਅੰਦਰੋਂ ਵੀ ਆਪਣੇ ਘੁਮੰਡੀ ਵਤੀਰੇ ਅਤੇ ਮਾੜੀਆਂ ਘਰੇਲੂ ਨੀਤੀਆਂ ਕਾਰਨ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਨੂੰ ਸੱਤਾ ਕਿਉਂਕਿ ਫ਼ੌਜ ਦੀ ਮਿਹਰ ਨਾਲ ਮਿਲੀ ਹੈ, ਇਸ ਕਾਰਨ ਇਮਰਾਨ ਖ਼ਾਨ ਪਾਕਿਸਤਾਨੀ ਫ਼ੌਜ ਦੇ ਮੁਖੀ ਨਾਲ ਆਪਣੇ ਵੱਡੇ ਅਧਿਕਾਰੀ ਵਰਗਾ ਵਿਹਾਰ ਕਰਦਾ ਹੈ। ਇਸ ਦੌਰਾਨ ਜਦੋਂ ਫ਼ੌਜ ਦੇ ਮੁਖੀ ਜਨਰਲ ਬਾਜਵਾ ਵੱਲੋਂ ਪ੍ਰਧਾਨ ਮੰਤਰੀ ਨੂੰ ਨਜ਼ਰਅੰਦਾਜ਼ ਕਰ ਕੇ ਸਿੱਧਿਆਂ ਵਿਰੋਧੀ ਆਗੂਆਂ ਨਾਲ ਵਰਤ-ਵਿਹਾਰ ਕੀਤਾ ਜਾਂਦਾ ਹੈ ਤਾਂ ਇਮਰਾਨ ਚੁੱਪ ਧਾਰ ਲੈਂਦਾ ਹੈ। ਇਮਰਾਨ ਖ਼ਾਨ ਦੀ ਬੁਰੀ ਤਰ੍ਹਾਂ ਡਿੱਗ ਰਹੀ ਹਰਮਨਪਿਆਰਤਾ ਉਦੋਂ ਹੋਰ ਵੀ ਜ਼ਾਹਰ ਹੋ ਗਈ, ਜਦੋਂ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਲੰਡਨ ਵਿਚ ਬੈਠਿਆਂ ਹੀ ਪਾਕਿਸਤਾਨ ਦੀ ਵਿਰੋਧੀ ਧਿਰ ਨੂੰ ਪਾਕਿਸਤਾਨ ਭਰ ਵਿਚ ਮੁਜ਼ਾਹਰੇ ਕਰ ਕੇ ਇਮਰਾਨ ਖ਼ਾਨ ਨੂੰ ਅਹੁਦਿਓਂ ਲਾਹੇ ਜਾਣ ਦੀ ਮੰਗ ਕਰਨ ਲਈ ਲਾਮਬੰਦ ਕਰ ਲਿਆ। ਸ਼ਰੀਫ਼ ਅਤੇ ਹੋਰ ਵਿਰੋਧੀ ਪਾਕਿਸਤਾਨੀ ਆਗੂਆਂ ਵੱਲੋਂ ਇਮਰਾਨ ਖ਼ਾਨ ਨੂੰ ਦੇਸ਼ ਦਾ ਚੋਣਾਂ ਰਾਹੀਂ 'ਚੁਣਿਆ ਹੋਇਆ' ਨਹੀਂ ਸਗੋਂ ਫ਼ੌਜ ਵੱਲੋਂ ਮਿੱਥ ਕੇ 'ਬਣਾਇਆ ਹੋਇਆ' ਪ੍ਰਧਾਨ ਮੰਤਰੀ ਕਰਾਰ ਦਿੱਤਾ ਜਾਂਦਾ ਹੈ। ਇਮਰਾਨ ਖ਼ਾਨ ਖ਼ਿਲਾਫ਼ ਇਨ੍ਹਾਂ ਦੇਸ਼ ਵਿਆਪੀ ਰੋਸ ਮੁਜ਼ਾਹਰਿਆਂ ਵਿਚ ਸ਼ਰੀਫ਼ ਦੀ ਪਾਕਿਸਾਤਾਨ ਮੁਸਲਿਮ ਲੀਗ (ਐੱਨ) ਸਣੇ 11 ਵਿਰੋਧੀ ਪਾਰਟੀਆਂ ਨੇ ਜਮਾਤ ਉਲੇਮਾ-ਏ-ਪਾਕਿਸਤਾਨ ਪਾਰਟੀ ਦੇ ਬਜ਼ੁਰਗ ਪਖ਼ਤੂਨ ਆਗੂ ਮੌਲਾਨਾ ਫ਼ਜ਼ਲੁਰ ਰਹਿਮਾਨ ਦੀ ਅਗਵਾਈ ਹੇਠ ਸ਼ਿਰਕਤ ਕੀਤੀ। ਵਿਰੋਧੀ ਪਾਰਟੀਆਂ ਵੱਲੋਂ ਕੀਤੇ ਗਏ ਇਸ ਰੋਸ ਮੁਜ਼ਾਹਰੇ ਦੌਰਾਨ ਸ਼ਰੀਫ਼ ਦੇ ਮਜ਼ਬੂਤ ਗੜ੍ਹ ਗੁਜਰਾਂਵਾਲਾ ਵਿਚ ਹੋਈ ਇਕੱਤਰਤਾ ਵਿਚ ਹਜ਼ਾਰਾਂ ਵਿਰੋਧੀ ਕਾਰਕੁਨਾਂ ਨੇ ਹਿਸਾ ਲਿਆ। ਗੁਜਰਾਂਵਾਲਾ ਪਾਕਿਸਤਾਨੀ ਫ਼ੌਜ ਦਾ ਵੀ ਅਹਿਮ ਕੇਂਦਰ ਹੈ। ਗੁਜਰਾਂਵਾਲਾ ਰੈਲੀ ਦੌਰਾਨ ਮੁਲਕ ਦੇ ਸੀਨੀਅਰ ਵਿਰੋਧੀ ਆਗੂਆਂ ਨੇ ਇਮਰਾਨ ਖ਼ਾਨ ਤੇ ਜ਼ੋਰਦਾਰ ਹੱਲੇ ਬੋਲੇ।

ਗੁਜਰਾਂਵਾਲਾ ਰੈਲੀ ਤੋਂ ਪਹਿਲਾਂ ਇਨ੍ਹਾਂ ਗਿਆਰਾਂ ਵਿਰੋਧੀ ਪਾਰਟੀਆਂ ਦੀ ਅਹਿਮ ਮੀਟਿੰਗ ਵੀ ਹੋਈ ਜਿਸ ਵਿਚ ਪਾਕਿਸਤਾਨ ਡੈਮੋਕ੍ਰੈਟਿਕ ਫਰੰਟ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਤੇ ਇਸ ਫਰੰਟ ਵੱਲੋਂ ਇਮਰਾਨ ਨੂੰ ਅਹੁਦੇ ਤੋਂ ਚਲਦਾ ਕਰਨ ਲਈ ਮੁਹਿੰਮ ਵਿੱਢੀ ਗਈ ਹੈ। ਰੈਲੀ ਵਿਚ ਨਵਾਜ਼ ਸ਼ਰੀਫ਼ ਦਾ ਰਿਕਾਰਡ ਕੀਤਾ ਜ਼ੋਰਦਾਰ ਭਾਸ਼ਣ ਖ਼ਾਸ ਰਿਹਾ ਜਿਸ ਵਿਚ ਇਮਰਾਨ ਖ਼ਾਨ ਅਤੇ ਫ਼ੌਜੀ ਲੀਡਰਸ਼ਿਪ ਤੇ ਤਿੱਖੇ ਹਮਲੇ ਕੀਤੇ ਗਏ ਸਨ।

ਇਸ ਸਾਰੇ ਘਟਨਾ-ਚੱਕਰ ਦੌਰਾਨ ਭਾਰਤ ਉਦੋਂ ਕੇਂਦਰ ਵਿਚ ਆ ਗਿਆ, ਜਦੋਂ ਭਾਰਤੀ ਮੀਡੀਆ ਨੇ ਪਾਕਿ-ਸਤਾਨ ਦੇ ਇਕ ਮੰਤਰੀ ਵੱਲੋਂ ਮੁਲਕ ਦੀ ਸੰਸਦ ਕੌਮੀ ਅਸੈਂਬਲੀ ਵਿਚ ਦਿੱਤੇ ਉਨ੍ਹਾਂ ਬਿਆਨਾਂ ਨੂੰ ਵੱਡੇ ਪੱਧਰ ਤੇ ਪ੍ਰਚਾਰਿਆ, ਜਿਨ੍ਹਾਂ ਵਿਚ ਇਕ ਤਰ੍ਹਾਂ ਪੁਲਵਾਮਾ ਹਮਲੇ ਵਿਚ ਜੈਸ਼-ਏ-ਮੁਹੰਮਦ ਦੀ ਭੂਮਿਕਾ ਨੂੰ ਤਸਲੀਮ ਕੀਤਾ ਗਿਆ ਸੀ। ਇਸ ਦੌਰਾਨ ਪਾਕਿ-ਸਤਾਨ ਵਿਚ ਇਸ ਗੱਲ ਨੂੰ ਲੈ ਕੇ ਵੀ ਫ਼ਿਕਰਮੰਦੀ ਪੈਦਾ ਹੋ ਗਈ ਕਿ ਇਸ ਹਾਲਾਤ ਦੌਰਾਨ ਜੇ ਪਾਕਿਸਤਾਨ ਵੱਲੋਂ ਲਸ਼ਕਰ-ਏ-ਤੋਇਬਾ ਤੇ ਜੈਸ਼-ਏ-ਮੁਹੰਮਦ ਵਰਗੇ ਦਹਿਸ਼ਤੀ ਗਰੁੱਪਾਂ ਦੀ ਮਦਦ ਕੀਤੇ ਜਾਣ ਦੀ ਗੱਲ ਸਾਬਤ ਹੋ ਜਾਂਦੀ ਹੈ ਤਾਂ ਕੌਮਾਂਤਰੀ ਵਿੱਤੀ ਐਕਸ਼ਨ ਟਾਸਕ ਫੋਰਸ ਵੱਲੋਂ ਕੀ ਰੁਖ਼ ਅਖ਼ਤਿਆਰ ਕੀਤਾ ਜਾਵੇਗਾ ਪਰ ਪਾਕਿਸਤਾਨ ਫ਼ੌਜ ਨੂੰ ਇਸ ਤੋਂ ਵੀ ਜ਼ਿਆਦਾ ਪ੍ਰੇਸ਼ਾਨੀ ਨਵਾਜ਼ ਸ਼ਰੀਫ਼ ਦੀ ਧੀ ਮਰੀਅਮ ਨਵਾਜ਼ ਦੀਆਂ ਜ਼ੋਰਦਾਰ ਤਕਰੀਰਾਂ ਤੋਂ ਹੋਈ।

ਇਸ ਤੋਂ ਮਾੜਾ ਤਾਂ ਹਾਲੇ ਹੋਣ ਵਾਲਾ ਸੀ। ਵਿਰੋਧੀ ਧਿਰ ਦੇ ਮੁਜ਼ਾਹਰਿਆਂ ਦੌਰਾਨ ਹੋਏ ਆਪਣੇ ਸਖ਼ਤ ਵਿਰੋਧ ਤੋਂ ਦੁਖੀ ਫ਼ੌਜ ਨੇ ਆਰਮੀ ਰੇਂਜਰਜ਼ (ਜਿਨ੍ਹਾਂ ਵਿਚ ਮੁੱਖ ਤੌਰ ਤੇ ਪੰਜਾਬੀਆਂ ਨੂੰ ਭਰਤੀ ਕੀਤਾ ਗਿਆ ਹੈ) ਨੂੰ ਹੁਕਮ ਦਿੱਤਾ ਕਿ ਉਹ ਸਿੰਧ ਪੁਲੀਸ ਦੇ ਆਈਜੀ ਨੂੰ ਇਸ ਗੱਲ ਲਈ ਮਜਬੂਰ ਕਰਨ ਕਿ ਉਹ ਮਰੀਅਮ ਦੇ ਸ਼ੌਹਰ ਮੁਹੰਮਦ ਸਫ਼ਦਰ ਅਵਾਨ ਨੂੰ ਗ੍ਰਿਫ਼ਤਾਰ ਕਰੇ।

ਖਿਲਾਰਾ ਉਦੋਂ ਪੈ ਗਿਆ ਜਦੋਂ ਇਨ੍ਹਾਂ ਗ਼ੈਰਕਾਨੂੰਨੀ ਹੁਕਮਾਂ ਨੂੰ ਮੰਨਣ ਤੋਂ ਆਈਜੀ ਵੱਲੋਂ ਇਨਕਾਰੀ ਹੋਣ ਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਸ ਉਤੇ ਮਰੀਅਮ ਦੇ ਪਤੀ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਜਾਰੀ ਕਰਨ ਦਬਾਅ ਪਾਇਆ ਗਿਆ। ਇੰਜ ਸਿੰਧ ਪੁਲੀਸ ਦੇ ਸਾਰੇ ਸੀਨੀਅਰ ਅਫ਼ਸਰ ਆਪਣੇ ਮੁਖੀ ਦੀ ਨਾਜਾਇਜ਼ ਗ੍ਰਿਫ਼ਤਾਰੀ ਦੇ ਖ਼ਿਲਾਫ਼ ਇਕ ਤਰ੍ਹਾਂ ਹੜਤਾਲ ਤੇ ਚਲੇ ਗਏ। ਇਸ ਤੋਂ ਬਾਅਦ ਪੰਜਾਬ ਵਿਚ ਸਿੰਧੀਆਂ ਦਾ ਰੋਹ ਉਸੇ ਤਰ੍ਹਾਂ ਭੜਕ ਪੈਣ ਦਾ ਡਰ ਪੈਦਾ ਹੋ ਗਿਆ, ਜਿਹੋ ਜਿਹਾ ਮੁਲਕ ਦੇ ਸਾਬਕਾ ਪ੍ਰਧਾਨ ਮੰਤਰੀ ਜ਼ੁਲਫ਼ਿਕਾਰ ਅਲੀ ਭੁੱਟੋ ਨੂੰ ਮੌਕੇ ਦੇ ਫ਼ੌਜੀ ਮੁਖੀ ਜਲਰਲ ਜ਼ਿਆ ਉਲ ਹੱਕ ਵੱਲੋਂ ਫਾਂਸੀ ਦਿੱਤੇ ਜਾਣ ਪਿੱਛੋਂ ਫੁੱਟਿਆ ਸੀ।

ਇਸ ਤੋਂ ਬਾਅਦ ਫ਼ੌਜ ਨੂੰ ਆਪਣੇ ਪੈਰ ਪਿਛਾਂਹ ਖਿੱਚਣੇ ਪਏ ਅਤੇ ਇਕ ਅਦਾਲਤੀ ਹੁਕਮ ਦੇ ਆਧਾਰ ਤੇ ਮਰੀਅਮ ਦੇ ਸ਼ੌਹਰ ਨੂੰ ਰਿਹਾਅ ਕਰ ਦਿੱਤਾ ਗਿਆ। ਹੁਣ ਜਦੋਂ ਇਮਰਾਨ ਖ਼ਾਨ ਦੀ ਨਾਅਹਿਲੀਅਤ ਕਿਸੇ ਤੋਂ ਛੁਪੀ ਨਹੀਂ ਹੈ ਤਾਂ ਇਸ ਦੌਰਾਨ ਦੇਖਣ ਵਾਲੀ ਗੱਲ ਇਹ ਹੋਵੇਗੀ ਕਿ ਪਾਕਿਸਤਾਨੀ ਫ਼ੌਜ ਦੇ ਮੁਖੀ ਜਨਰਲ ਬਾਜਵਾ ਤੇ ਉਸ ਦੇ ਆਈਐੱਸਆਈ ਮੁਖੀ ਲੈਫ਼ਟੀਨੈਂਟ ਜਨਰਲ ਫ਼ੈਜ਼ ਹਮੀਦ ਦੀਆਂ ਮਾੜੀਆਂ ਕਾਰਵਾਈਆਂ ਪ੍ਰਤੀ ਫ਼ੌਜ ਦੇ ਛੋਟੇ ਤੇ ਵੱਡੇ ਰੈਂਕ ਦੇ ਜਵਾਨ ਤੇ ਅਫ਼ਸਰ ਕੀ ਪ੍ਰਤੀਕਿਰਿਆ ਕਰਦੇ ਹਨ।

# ਇਕ ਦੇਸ਼, ਇਕ ਚੋਣ ਦੀ ਲੋੜ ਕਿਉਂ ਪੈ ਰਹੀ ਹੈ?



ਸੰਜੇ ਗੁਪਤ

ਸੰਵਿਧਾਨ ਦਿਵਸ 'ਤੇ ਰਿਟਰਨਿੰਗ ਅਫ਼ਸਰਾਂ ਦੇ ਸੰਮੇਲਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇਕ ਵਾਰ ਫਿਰ 'ਇਕ ਦੇਸ਼, ਇਕ ਚੋਣ' ਦੀ ਜ਼ਰੂਰਤ ਨੂੰ ਰੇਖਾਂਕਿਤ ਕਰਨਾ ਇਸ ਵਿਸ਼ੇ ਦੀ ਮਹੱਤਤਾ ਦੇ ਨਾਲ-ਨਾਲ ਇਸ ਪ੍ਰਤੀ ਉਨ੍ਹਾਂ ਦੇ ਤਹੱਈਏ ਨੂੰ ਵੀ ਦਰਸਾਉਂਦਾ ਹੈ। ਖ਼ੁਦ ਪ੍ਰਧਾਨ ਮੰਤਰੀ ਇਸ ਤੋਂ ਪਹਿਲਾਂ ਵੀ ਅਲੱਗ-ਅਲੱਗ ਮੰਚਾਂ 'ਤੇ ਇਸ 'ਤੇ ਜ਼ੋਰ ਦੇ ਚੁੱਕੇ ਹਨ ਅਤੇ ਭਾਜਪਾ ਨੇ ਵੀ ਇਸ ਨੂੰ ਸਮੇਂ-ਸਮੇਂ ਆਪਣੀ ਤਰਜੀਹ ਦੱਸਿਆ ਹੈ।

ਦੇਸ਼ ਵਿਚ ਲੋਕ ਸਭਾ ਅਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੱਠੀਆਂ ਕਰਵਾਉਣ ਨੂੰ ਵਕਤ ਦੀ ਨਜ਼ਾਕਤ ਦੱਸਿਆ ਜਾ ਰਿਹਾ ਹੈ ਤਾਂ ਇਸ ਦੇ ਪਿੱਛੇ ਠੋਸ ਕਾਰਨ ਹਨ। ਸਭ ਤੋਂ ਵੱਡਾ ਕਾਰਨ ਤਾਂ ਵਾਰ-ਵਾਰ ਚੋਣਾਂ ਕਾਰਨ ਹੋਣ ਵਾਲੀ ਧਨ ਅਤੇ ਸਮੇਂ ਦੀ ਬਰਬਾਦੀ ਹੈ। ਇਕੱਠੀਆਂ ਚੋਣਾਂ ਕਰਵਾਉਣ ਸਦਕਾ ਉਕਤ ਫ਼ਜ਼ੂਲਖ਼ਰਚੀ ਤੋਂ ਬਚਿਆ ਜਾ ਸਕਦਾ ਹੈ।

ਵਾਰ-ਵਾਰ ਹੋਣ ਵਾਲੀਆਂ ਚੋਣਾਂ ਵਿਕਾਸ ਅਤੇ ਲੋਕ ਭਲਾਈ ਦੀਆਂ ਯੋਜਨਾਵਾਂ ਦੇ ਨਾਲ ਹੀ ਪ੍ਰਸ਼ਾਸਕੀ ਮਸ਼ੀਨਰੀ ਨੂੰ ਵੀ ਰੋਕਣ ਦਾ ਕੰਮ ਕਰਦੀਆਂ ਹਨ। ਚੋਣਾਂ ਦੇ ਸੰਦਰਭ ਵਿਚ ਜਦ ਆਦਰਸ਼ ਚੋਣ ਜ਼ਾਬਤੇ ਦੀ ਧਾਰਨਾ ਬਣਾਈ ਗਈ ਸੀ ਉਦੋਂ ਇਹ ਸੋਚਿਆ ਗਿਆ ਸੀ ਕਿ ਇਹ ਵਿਵਸਥਾ ਹੁਕਮਰਾਨ ਪਾਰਟੀ ਦੁਆਰਾ ਵੋਟਰਾਂ ਨੂੰ ਆਪਣੇ ਪੱਖ ਵਿਚ ਕਰਨ ਲਈ ਸੋਮਿਆਂ ਦੀ ਦੁਰਵਰਤੋਂ ਨੂੰ ਰੋਕਣ ਵਿਚ ਮਦਦਗਾਰ ਸਿੱਧ ਹੋਵੇਗੀ। ਅਜਿਹਾ ਹੋਇਆ ਵੀ ਹੈ ਪਰ ਵਕਤ ਗੁਜ਼ਰਨ ਦੇ ਨਾਲ ਇਸ ਵਿਵਸਥਾ ਵਿਚ ਅਜਿਹੀ ਤਰੁੱਟੀ ਉਤਪੰਨ ਹੋ ਗਈ ਹੈ ਕਿ ਚੋਣਾਂ ਦੇ ਸਮੇਂ ਆਦਰਸ਼ ਚੋਣ ਜ਼ਾਬਤੇ ਦੀ ਆੜ ਹੇਠ ਸਭ ਕੁਝ ਠੱਪ ਕਰ ਦੇਣ ਦੀ ਬਿਰਤੀ ਉੱਭਰ ਆਈ ਹੈ।

ਇਹ ਸਹੀ ਨਹੀਂ ਕਿ ਵਾਰ-ਵਾਰ ਹੋਣ ਵਾਲੀਆਂ ਚੋਣਾਂ ਸਰਕਾਰੀ ਤੰਤਰ ਦੇ ਹੱਥ ਬੰਨ੍ਹਣ ਦਾ ਵੀ ਕੰਮ ਕਰਨ ਅਤੇ ਕੌਮੀ ਹਿੱਤਾਂ ਤੋਂ ਰਾਜਨੀਤੀ ਅਤੇ ਸਮਾਜ ਦਾ ਧਿਆਨ ਭਟਕਾਉਣ ਦਾ ਵੀ। ਇਕੱਠੀਆਂ ਚੋਣਾਂ ਦੀ ਜ਼ਰੂਰਤ ਨੂੰ ਇਸ




ਤੱਥ ਨਾਲ ਵੀ ਸਮਝਿਆ ਜਾ ਸਕਦਾ ਹੈ ਕਿ ਹਾਲ ਹੀ ਵਿਚ ਬਿਹਾਰ ਵਿਚ ਚੋਣਾਂ ਸਿਰੇ ਚੜ੍ਹਨ ਤੋਂ ਬਾਅਦ ਅਗਲੇ ਤਿੰਨ ਸਾਲਾਂ ਵਿਚ ਲਗਪਗ ਵੀਹ ਸੂਬਿਆਂ ਵਿਚ ਵੱਖ-ਵੱਖ ਸਮੇਂ ਚੋਣਾਂ ਹੋਣੀਆਂ ਹਨ।

ਜੇਕਰ ਹਰ ਚਾਰ-ਪੰਜ ਮਹੀਨਿਆਂ ਵਿਚ ਕਿਸੇ ਸੂਬੇ ਵਿਚ ਚੋਣਾਂ ਹੋਣਗੀਆਂ ਤਾਂ ਰਾਜਨੀਤਕ ਪਾਰਟੀਆਂ ਦਾ ਧਿਆਨ ਉਨ੍ਹਾਂ 'ਤੇ ਲੱਗਾ ਰਹੇਗਾ। ਜੇਕਰ ਸਰਕਾਰਾਂ ਵੀ ਹਰ ਵਕਤ ਚੋਣਾਂ ਦੀ ਹੀ ਚਿੰਤਾ ਕਰਦੀਆਂ ਰਹਿਣਗੀਆਂ ਤਾਂ ਵਿਕਾਸ ਅਤੇ ਲੋਕ ਭਲਾਈ ਦੇ ਕੰਮ ਉਨ੍ਹਾਂ ਦੀ ਤਰਜੀਹ ਵਿਚ ਪਿੱਛੇ ਜਾਣੇ ਤੈਅ ਹਨ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਲਈ ਇਹ ਠੀਕ ਨਹੀਂ ਕਿ ਸਰਕਾਰਾਂ ਲਗਾਤਾਰ ਚੋਣਾਂ ਜਿੱਤਣ ਦੀ ਹੀ ਚਿੰਤਾ ਕਰਦੀਆਂ ਨਜ਼ਰ ਆਉਣ। ਕਿਉਂਕਿ ਉਹ ਅਜਿਹਾ ਹੀ ਕਰਦੀਆਂ ਹਨ, ਇਸ ਲਈ ਵਿਕਾਸ ਦੀ ਦੌੜ ਵਿਚ ਭਾਰਤ ਦੀ ਰਫ਼ਤਾਰ ਓਨੀ ਨਹੀਂ ਹੈ ਜਿੰਨੀ ਹੋਣੀ ਚਾਹੀਦੀ ਹੈ।

ਇਕੱਠੀਆਂ ਚੋਣਾਂ ਦੇ ਵਿਚਾਰ ਦੇ ਪਿੱਛੇ ਜੋ ਤਰਕ ਹਨ ਉਹ ਦੇਸ਼ ਅਤੇ ਰਾਜਨੀਤੀ ਦੇ ਹਿੱਤ ਵਿਚ ਹਨ ਪਰ ਸਵਾਲ ਇਹ ਹੈ ਕਿ ਕੀ ਇਸ 'ਤੇ ਰਾਜਨੀਤਕ ਸਹਿਮਤੀ ਕਾਇਮ ਹੋ ਸਕੇਗੀ? ਇਹ ਸਹਿਮਤੀ ਇਸ ਵਿਸ਼ੇ 'ਤੇ ਰਾਜਨੀਤਕ ਵਿਚਾਰ-ਚਰਚਾ ਦੀ ਪ੍ਰਕਿਰਿਆ ਤੇਜ਼ ਕਰ ਕੇ ਹਾਸਲ ਕੀਤੀ ਜਾ ਸਕਦੀ ਹੈ। ਵਿਰੋਧੀ ਧਿਰ ਇਸ ਸੁਝਾਅ ਪ੍ਰਤੀ ਸੰਜੀਦਾ ਨਜ਼ਰ ਨਹੀਂ ਆਉਂਦੀ।

ਉਹ ਕੌਮੀ ਹਿੱਤਾਂ ਦੀ ਥਾਂ ਆਪਣੇ ਸੌੜੇ ਸਵਾਰਥਾਂ ਨੂੰ ਅਹਿਮੀਅਤ ਦਿੰਦੀ ਪ੍ਰਤੀਤ ਹੋ ਰਹੀ ਹੈ। ਉਸ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ 1951-52 ਵਿਚ ਪਹਿਲੀਆਂ ਆਮ ਚੋਣਾਂ ਤੋਂ ਲੈ ਕੇ 1967 ਤਕ ਲੋਕ ਸਭਾ ਅਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਲਈ ਚੋਣਾਂ ਇਕੱਠੀਆਂ ਹੀ ਹੁੰਦੀਆਂ ਸਨ ਅਤੇ ਕਿਸੇ ਨੂੰ ਕੋਈ ਸਮੱਸਿਆ ਨਹੀਂ ਸੀ। ਇਹ ਸੰਵਿਧਾਨਕ ਵਿਵਸਥਾਵਾਂ ਦੀ ਦੁਰਵਰਤੋਂ ਦਾ ਨਤੀਜਾ ਸੀ ਕਿ ਸੂਬਿਆਂ ਵਿਚ ਸਮੇਂ ਤੋਂ ਪਹਿਲਾਂ ਚੋਣਾਂ ਦੀ ਨੌਬਤ ਆਈ ਅਤੇ ਇਕੱਠੀਆਂ ਚੋਣਾਂ ਦਾ ਸਿਲਸਿਲਾ ਟੁੱਟਿਆ। ਅਜਿਹਾ ਮੁੱਖ ਤੌਰ 'ਤੇ ਉਸ ਧਾਰਾ-356 ਦੇ ਮਨਮਰਜ਼ੀ ਦੇ ਇਸਤੇਮਾਲ ਕਾਰਨ ਹੋਇਆ ਜਿਸ ਤਹਿਤ ਕੇਂਦਰ ਸਰਕਾਰ ਨੂੰ ਕਾਨੂੰਨ-ਵਿਵਸਥਾ ਦੇ ਨਾਂ 'ਤੇ ਸੂਬਾ ਸਰਕਾਰਾਂ ਨੂੰ ਬਰਖ਼ਾਸਤ ਕਰਨ ਦੀ ਸ਼ਕਤੀ ਦਿੱਤੀ ਗਈ ਹੈ। ਇਹ ਤੱਥ ਹੈ ਕਿ ਕੇਂਦਰ ਦੀਆਂ ਕਾਂਗਰਸ ਸਰਕਾਰਾਂ ਨੇ ਧਾਰਾ-356 ਦੀ ਵਿਵਸਥਾ ਦੀ ਸਭ ਤੋਂ ਵੱਧ ਦੁਰਵਰਤੋਂ ਕੀਤੀ।


ਧਾਰਾ-356 ਦੇ ਮਨਮਰਜ਼ੀ ਦੇ ਇਸਤੇਮਾਲ ਤੋਂ ਇਲਾਵਾ ਸੂਬਾ ਸਰਕਾਰਾਂ ਦੇ ਡਿੱਗਣ ਦੇ ਹੋਰ ਕਾਰਨ ਵੀ ਰਹੇ, ਜਿਵੇਂ ਕਿ ਸੱਤਾਧਾਰੀ ਪਾਰਟੀ ਵਿਚ ਟੁੱਟ-ਭੱਜ ਜਾਂ ਗੱਠਜੋੜ ਦਾ ਟੁੱਟ ਜਾਣਾ।

ਅਜਿਹੀਆਂ ਮਿਸਾਲਾਂ ਵੀ ਹਨ ਕਿ ਮੁਕੰਮਲ ਬਹੁਮਤ ਵਾਲੀ ਸਰਕਾਰ ਦਾ ਸਿਰਫ਼ ਇਸ ਲਈ ਪਤਨ ਹੋ ਗਿਆ ਕਿਉਂਕਿ ਉਹ ਆਪਣੇ ਸਾਰੇ ਵਿਧਾਇਕਾਂ ਨੂੰ ਇਕਜੁੱਟ ਨਹੀਂ ਰੱਖ ਸਕੀ। ਪਿੱਛੇ ਜਿਹੇ ਮੱਧ ਪ੍ਰਦੇਸ਼ ਵਿਚ ਕਮਲ ਨਾਥ ਸਰਕਾਰ ਦਾ ਪਤਨ ਇਸ ਹਾਲਾਤ ਵਿਚ ਹੀ ਹੋਇਆ ਸੀ।

ਸਪਸ਼ਟ ਹੈ ਕਿ ਇਕੱਠੀਆਂ ਚੋਣਾਂ ਕਰਵਾਉਣ ਦੀ ਦਿਸ਼ਾ ਵਿਚ ਅੱਗੇ ਵਧਣ ਲਈ ਇਹ ਜ਼ਰੂਰੀ ਹੈ ਕਿ ਇਨ੍ਹਾਂ ਸਥਿਤੀਆਂ 'ਤੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕੀਤਾ ਜਾਵੇ। ਗੱਲ ਸਿਰਫ਼ ਸੂਬਿਆਂ ਵਿਚ ਸਰਕਾਰਾਂ ਦੇ ਸਮੇਂ ਤੋਂ ਪਹਿਲਾਂ

(ਬਾਕੀ ਸਫਾ 21 'ਤੇ)

# ਜਗਤ ਗੁਰੂ ਬਾਬਾ ਨਾਨਕ



ਅੱਜ ਤੋਂ 551 ਸਾਲ ਪਹਿਲਾਂ ਪੰਜਾਬ ਅਤੇ ਪੰਜਾਬੀ ਦੇ ਪਹਿਲੇ ਇਨਕਲਾਬੀ ਸ਼ਾਇਰ ਅਤੇ ਸਿੱਖ ਧਰਮ ਦੇ ਬਾਨੀ, ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ ਸੀ। ਪੰਜ ਸਦੀਆਂ ਪਹਿਲਾਂ ਜਦੋਂ ਮੁਗ਼ਲ ਸਮਰਾਟ ਬਾਬਰ ਨੇ ਪੰਜ ਦਰਿਆਵਾਂ ਨਾਲ ਸਿੰਜੀ ਪੰਜਾਬ ਦੀ ਜਰਖ਼ੇਜ਼ ਧਰਤੀ ਨੂੰ ਲਹੂ-ਲੁਹਾਣ ਕੀਤਾ ਤਾਂ ਧਰਤੀ ਦਾ ਲਾਲ, ਲਾਲ-ਪੀਲਾ ਹੋ ਗਿਆ ਤੇ ਕਲਮ ਨੂੰ ਕਟਾਰ ਵਾਂਗ ਚਲਾਉਣ ਲੱਗਾ।

ਬਾਬਰ ਦੇ ਵਹਿਸ਼ੀਆਨਾ ਹਮਲੇ ਦੇ ਗੁਰੂ ਜੀ ਚਸ਼ਮਦੀਦ ਗਵਾਹ ਸਨ ਅਤੇ ਉਨ੍ਹਾਂ ਨੇ ਅੱਖੀਂ ਡਿੱਠੇ ਜ਼ੁਲਮ ਨੂੰ ਅੱਖਰਾਂ ਦਾ ਜਾਮਾ ਪਹਿਨਾ ਦਿੱਤਾ। ਕਿਸੇ ਵਿਦੇਸ਼ੀ ਹਮਲੇ ਦੀ ਸ਼ਾਇਰੀ ਵਿਚ ਇਹ ਪਹਿਲੀ ਤਵਾਰੀਖ਼ੀ 'ਰਿਪੋਰਟਿੰਗ' ਸੀ। ਕਿਸ ਤਰ੍ਹਾਂ ਬਾਬਰ ਦੇ ਬੁਰਛਿਆਂ ਨੇ ਐਮਨਾਬਾਦ ਨੂੰ ਮਾਸਪੁਰੀ ਬਣਾ ਦਿੱਤਾ, ਇਸ ਦਾ ਵਰਣਨ ਬਾਬਰਵਾਣੀ ਵਿਚ ਅੰਕਿਤ ਹੈ। ਬਾਬਰਵਾਣੀ ਵਿਚ ਚਾਰ ਸ਼ਬਦ ਦਰਜ ਹਨ ਜੋ ਐਮਨਾਬਾਦ 'ਤੇ ਬਾਬਰ ਦੇ ਹਮਲੇ ਦਾ ਕਰੁਣਾਮਈ ਵਰਣਨ ਹੈ।

ਸ਼ਾਇਰ ਦੀਆਂ ਅੱਖਾਂ 'ਚੋਂ ਲਹੂ ਚੋਣਾ ਸ਼ੁਰੂ ਹੋ ਜਾਵੇ ਤਾਂ ਇਹ ਅੱਖਰਾਂ ਵਿਚ ਸਮਾ ਜਾਂਦਾ ਹੈ। ਜ਼ਮੀਨ ਨਾਲ ਜੁੜਿਆ ਸ਼ਾਇਰ ਹਮੇਸ਼ਾ ਲੋਕਾਂ ਦੀ ਬਾਤ ਪਾਉਂਦਾ ਹੈ। ਬਾਣੀ ਰਚਦਿਆਂ ਬਾਬੇ ਨਾਨਕ ਨੇ ਕਦੇ ਨਫ਼ੇ-ਨੁਕਸਾਨ ਬਾਰੇ ਨਹੀਂ ਸੋਚਿਆ। ਚਾਨਣ ਦਾ ਵਣਜ ਕਰਨ ਵਾਲੇ ਦੇ ਦੋਹਾਂ ਛਾਬਿਆਂ ਵਿਚ 'ਤੇਰਾ-ਤੇਰਾ' ਹੀ ਤੁਲਦਾ ਹੈ। ਵਣਜ ਲਈ ਪਿਤਾ ਵੱਲੋਂ ਮਿਲੇ ਵੀਹ ਰੁਪਿਆਂ ਦਾ ਉਹ ਭੁੱਖੇ ਸਾਧੂਆਂ ਲਈ ਲੰਗਰ ਲਾਉਂਦਾ ਹੈ। ਸੁੱਚੇ ਵਣਜ ਵਿਚ ਇੰਨੀ ਬਰਕਤ ਸੀ ਕਿ 'ਗੁਰੂ ਕਾ ਲੰਗਰ' ਅੱਜ ਵੀ ਅਤੁੱਟ ਵਰਤਦਾ ਹੈ।

'ਗੁਰੂ ਕੀ ਗੋਲਕ' ਗ਼ਰੀਬ-ਗੁਰਬੇ ਦਾ ਮੂੰਹ ਬਣ ਗਈ। ਮੋਦੀਖਾਨੇ ਦੀਆਂ ਸ਼ਾਖਾਵਾਂ ਅੱਜ ਵੀ ਖੁੱਲ੍ਹ ਰਹੀਆਂ ਹਨ। 'ਸੱਚੇ ਸੌਦੇ' ਵਿਚ ਘਾਟਾ ਨਹੀਂ ਸਗੋਂ ਵਾਧਾ ਹੀ ਹੁੰਦਾ ਗਿਆ। ਬਾਬਾ ਨਾਨਕ ਦਰਅਸਲ ਸਦੀਆਂ ਲੰਬੀ ਸਰਦ ਰਾਤ ਅਤੇ ਪ੍ਰਭਾਤ ਦਰਮਿਆਨ ਖੜ੍ਹਾ ਹੈ। ਨੀਂਦ-ਵਿਗੁੱਤੀ ਲੋਕਾਈ ਲਈ ਬਾਬਾ ਚੜ੍ਹਦਾ ਸੂਰਜ ਬਣਿਆ।

ਘੁੱਪ ਹਨੇਰਿਆਂ ਦਾ ਸਿਲਸਿਲਾ ਤੋੜਨ ਲਈ ਪੁੰਨਿਆ ਦਾ ਚੰਨ ਬਣ ਕੇ ਅੰਬਾਰ 'ਤੇ ਚੜ੍ਹਿਆ। ਪਵਣ ਚਵਰ ਕਰਦੀ। ਉਸ ਦੀ ਕਲਮ ਚਾਨਣ ਦੇ ਹਰਫ਼ ਪਾਉਂਦੀ। ਤਾਰੇ ਉਸ ਦੀ ਪਰਦੱਖਣਾ ਕਰਦੇ। ਜੱਗ ਤਾਰਨ ਲਈ ਬਾਬਾ ਘਰ ਦੀਆਂ ਸੁੱਖ-ਸਹੂਲਤਾਂ ਦਾ ਤਿਆਗ ਕਰਦਾ ਹੈ।

ਬ੍ਰਹਿਮੰਡੀ ਨਾਗਰਿਕ ਬਾਬਾ ਨਾਨਕ ਮਨੁੱਖ ਵੱਲੋਂ ਬਣਾਈਆਂ ਹੱਦਾਂ-ਸਰਹੱਦਾਂ ਨੂੰ ਬੇਮਾਅਨੇ ਸਮਝਦਾ ਹੈ। ਸਮਾਜ ਦੀ ਪ੍ਰਚਲਿਤ ਵਰਣ-ਵੰਡ ਦੀਆਂ ਧੱਜੀਆਂ ਉਡਾਉਂਦਾ ਹੈ। ਜਿੱਧਰੋਂ ਵੀ ਵਿਚਰਦਾ, ਹਨੇਰੇ ਵਿਚ ਗੁਆਚੇ ਰੁੱਖਾਂ ਦੀਆਂ ਛਾਵਾਂ ਪ੍ਰਗਟ ਹੋ ਜਾਂਦੀਆਂ। ਬ੍ਰਹਿਮੰਡੀ ਨਾਗਰਿਕ ਹੱਦਾਂ ਦੇ ਉਰਵਾਰ ਤੇ ਦਿਸਹੱਦਿਆਂ ਤੋਂ ਪਾਰ ਵੀ ਵੇਖਦਾ। ਧਰਤੀ ਦਾ ਕਣ-ਕਣ ਉਸ ਦੀਆਂ ਪੈੜਾਂ ਨਾਲ ਚਮਕ ਉੱਠਦਾ।

ਛਾਈ ਹੋਈ ਮੁਰਦੇਹਾਨੀ ਵਿਚ ਬਾਬਾ ਨਵੀਂ ਰੂਹ ਫੂਕਦਾ। ਮਰਦਾਨੇ ਦੀ ਰਬਾਬ ਦੀਆਂ ਤਰਬਾਂ ਚਾਨਣ ਨੂੰ ਖਰਬਾਂ ਜਰਬਾਂ ਦਿੰਦੀਆਂ। ਉਸ ਦੇ ਦੀਦਾਰ ਕਰ ਕੇ ਮਨ-ਮਸਤਕ 'ਚ ਦੀਵੇ ਬਲਦੇ।

ਕੈਲਾਸ਼/ਸੁਮੇਰ ਪਰਬਤ ਚੜ੍ਹਦਾ ਤਾਂ ਅੰਬਰ ਨੀਵਾਂ ਹੋ ਕੇ ਸਿਜਦਾ ਕਰਦਾ। ਇੱਤਰਾਂ ਦੇ ਚੋਅ ਉਸ ਦੇ ਚਰਨ-ਕੰਵਲ ਧੋਂਦੇ। ਮੱਕੇ-ਮਦੀਨੇ ਦੀ ਜ਼ਿਆਰਤ ਵੇਲੇ ਸਾਗਰ 'ਤੇ ਜਿਵੇਂ ਬੇੜੀਆਂ ਦਾ ਪੁਲ ਉਸਰ ਜਾਂਦਾ।

ਬਿਖਮ ਰਾਹਾਂ ਤੇ ਬਿਖੜੇ ਸਮਿਆਂ ਦੇ ਪਾਂਧੀ ਲਈ ਸੰਘਣਾ ਜੰਗਲ ਵੀ ਸ਼ਾਹ-ਮਾਰਗ ਬਣ ਜਾਂਦਾ। ਬਾਬਾ ਕਰਾਮਾਤ ਵਿਚ ਨਹੀਂ ਬਲਕਿ ਕਰਮ 'ਤੇ ਟੇਕ ਰੱਖਦਾ। ਤਰਕ ਨਾਲ ਉਹ ਕਿਸੇ ਦਾ ਵੀ ਦਿਲ ਜਿੱਤ ਲੈਂਦਾ। ਅਖੰਡ ਜ਼ਮੀਰ ਵਾਲੇ ਲਈ ਧਰਤੀ ਅਖੰਡ ਹੁੰਦੀ ਹੈ। ਉਹ ਵੰਡੀਆਂ ਨੂੰ ਤੱਜਦਾ। ਅਲਬੇਲਾ ਕਾਫ਼ਰ ਹਾਜੀਆਂ ਨੂੰ ਵੀ ਅੱਲਾਹ ਦਾ ਦੀਦਾਰ ਕਰਵਾ ਆਉਂਦਾ। ਪਿਤਰਾਂ ਨੂੰ ਪਾਣੀ ਕਰਤਾਰਪੁਰ ਦੇ ਖਾਲਾਂ ਥੀਂ ਚੜ੍ਹਦਾ। ਹਜ਼ਾਰਾਂ ਮੀਲ ਧਰਤੀ ਗਾਹੁਣ ਵਾਲੇ ਨੂੰ ਇਲਮ ਸੀ ਕਿ ਬਾਰਾਂ ਕੋਹ ਬਾਅਦ ਬੋਲੀ ਬਦਲ ਜਾਂਦੀ ਹੈ। ਉਸ ਦੀ ਸੰਗਤ ਵਿਚ ਮਿਕਨਾਤੀਸੀ ਸਤਰੰਗੀ ਰੰਗਤ ਮਹਿਸੂਸ ਹੁੰਦੀ। ਉਸ ਦੇ ਅੰਗ-ਸੰਗ ਰਹਿਣ ਵਾਲੇ ਉਸ ਦੀ ਇਲਾਹੀ ਸੰਗਤ ਵਿਚ ਗੜੁੱਚ ਹੋ ਜਾਂਦੇ। ਬਾਬਾ ਹਮੇਸ਼ਾ ਲੋਕ ਮੁਹਾਵਰੇ ਵਿਚ ਸੰਵਾਦ ਰਚਾਉਂਦਾ। ਸਿੱਧਾਂ, ਨਾਥਾਂ ਤੇ ਜੋਗੀਆਂ, ਹਾਜੀਆਂ ਤੇ ਗਾਜੀਆਂ ਨਾਲ ਗੋਸ਼ਟ ਰਚਾਉਂਦਿਆਂ ਉਨ੍ਹਾਂ ਦੀ ਬੋਲੀ ਬੋਲਦਾ।

ਬੋਲ, ਬਾਣੀ ਤੇ ਬਾਣੇ 'ਚੋਂ ਸਭ ਨੂੰ ਉਹ ਆਪਣਾ-ਆਪਣਾ ਲੱਗਦਾ।

'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ' ਦੇ ਮਹਾਵਾਕ ਅਨੁਸਾਰ ਗੁਰੂ ਨਾਨਕ ਦੇਵ ਵਿਚਾਰਧਾਰਕ ਵਿੱਥਾਂ ਮਿਟਾ ਕੇ ਬੇਗਾਨਿਆਂ ਨੂੰ ਵੀ ਆਪਣਾ ਬਣਾ ਲੈਂਦੇ। ਬੋਲਾਂ ਦੀ ਸਾਂਝ ਤੋਂ ਬਾਅਦ ਸਭ ਲਈ ਬਾਬਾ ਰਹਿਬਰ ਬਣ ਜਾਂਦਾ। ਆਪਣੇ ਅਤੇ ਬੇਗਾਨੇ ਦਾ ਫਰਕ ਮਿਟ ਜਾਂਦਾ। ਨਾਨਕ ਜਿੱਧਰ ਵੀ ਜਾਂਦਾ, ਕਾਫ਼ਲਾ ਉਸ ਮਗਰ ਹੋ ਤੁਰਦਾ।

ਬੋਲੀਆਂ ਦੀ ਸੁਵੰਨਤਾ ਚਾਰੋਂ ਦਿਸ਼ਾਵਾਂ ਵਿਚ ਕੀਤੀਆਂ ਉਦਾਸੀਆਂ ਦਾ ਹੀ ਹਾਸਲ ਹੈ। ਫਾਸਲੇ ਤੇ ਕਾਫ਼ਲੇ ਨਾਲ-ਨਾਲ ਨਹੀਂ ਚੱਲਦੇ। ਬਾਬੇ ਦੀ ਸੰਗਤ ਵਿਚ ਹਰ ਫ਼ਾਸਲਾ ਸਿਮਟ ਕੇ ਰਹਿ ਜਾਂਦਾ। ਸਿਵਿਆਂ ਵਾਂਗ ਬਲ ਰਹੇ ਜਿਸਮ ਨੂਰ-ਨੂਰ ਹੋ ਜਾਂਦੇ। ਸਤਿਗੁਰੂ ਦਾ ਪ੍ਰਗਟਾਅ ਧੁਆਂਖੀਆਂ ਧੁੰਦਾਂ ਨੂੰ ਲੋਪ ਕਰਦਾ। ਉਸ ਦੀ ਇਕ ਨਦਰ ਨਾਲ ਵਿਹੁੰ ਨਾਲ ਭਰੀਆਂ ਨਦੀਆਂ ਵਿਚ ਮਾਖਿਓਂ ਘੁਲ ਜਾਂਦਾ। ਘਟ-ਘਟ ਅੰਦਰ ਵੱਸਿਆ ਬਾਬਾ ਨਾਨਕ ਅਗਿਆਨਤਾ ਦੀ ਧੁੰਦ ਮਿਟਾਉਣ ਵਾਲਾ ਜਗਤ ਗੁਰੂ ਹੈ। ਗੁਰੂ ਨਾਨਕ ਦੇਵ ਦੀ ਝਲਕ ਉਨ੍ਹਾਂ ਵੱਲੋਂ ਰਚੀ ਬਾਣੀ ਜਾਂ ਭਾਈ ਗੁਰਦਾਸ ਜੀ ਦੀਆਂ ਵਾਰਾਂ 'ਚੋਂ ਆਤਮਸਾਤ ਕੀਤੀ ਜਾ ਸਕਦੀ ਹੈ। ਗੁਰੂ ਅਰਜਨ ਸਾਹਿਬ ਦੇ ਕਥਨ ਅਨੁਸਾਰ ਭਾਈ ਗੁਰਦਾਸ ਦੀ ਕਲਮ ਨਾਲ ਰਚੇ ਕਬਿਤ, ਸਵੱਯੇ ਅਤੇ ਵਾਰਾਂ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹਨ। ਭਾਈ ਸਾਹਿਬ ਰਚਿਤ ਕਾਵਿ ਦਰਅਸਲ ਪੰਜਾਬੀ ਵਿਚ ਲਿਖੀ ਗਈ ਪਹਿਲੀ ਜੀਵਨੀ ਹੈ। ਉਨ੍ਹਾਂ ਵੱਲੋਂ ਦਿੱਤਾ ਗਿਆ ਬਿਰਤਾਂਤ/ਦ੍ਰਿਸ਼ਟਾਂਤ ਨਿਸਚੇ ਹੀ ਗੁਰੂ ਜੀ ਦੇ ਦਰਸ਼ਨ-ਦੀਦਾਰੇ ਕਰਵਾਉਂਦਾ ਹੈ।

ਭਾਈ ਸਾਹਿਬ ਦਾ ਜਨਮ ਭਾਵੇਂ ਗੁਰੂ ਸਾਹਿਬ ਦੇ ਜੋਤੀ-ਜੋਤ ਸਮਾਉਣ ਤੋਂ ਥੋੜ੍ਹਾ ਚਿਰ ਪਿੱਛੋਂ ਹੋਇਆ ਪਰ ਗੁਰੂ-ਘਰ ਨਾਲ ਖ਼ੂਨ ਦਾ ਨਾਤਾ ਹੋਣ ਕਰਕੇ ਉਨ੍ਹਾਂ ਨੇ ਆਪਣੇ ਵਡੇਰਿਆਂ ਦੇ ਮੁਖਾਰਬਿੰਦ ਤੋਂ ਕਈ ਸਾਖੀਆਂ ਸਰਵਣ ਕੀਤੀਆਂ ਸਨ। ਦੇਸ਼-ਦੇਸ਼ਾਂਤਰ ਦੀ ਅਧਿਆਤਮਕ ਯਾਤਰਾ ਤੋਂ ਬਾਅਦ ਗੁਰੂ ਜੀ ਨੂੰ ਆਪਣੀ ਮਿੱਟੀ ਆਵਾਜ਼ਾਂ ਮਾਰਦੀ ਹੈ। ਉਦਾਸੀਆਂ ਦਾ ਕਾਲ ਸਮਾਪਤ ਹੋਣ ਉਪਰੰਤ ਉਨ੍ਹਾਂ ਨੇ ਉਦਾਸੀ ਭੇਖ ਲਾਹ ਦਿੱਤਾ ਅਤੇ ਸੰਸਾਰੀਆਂ ਵਾਲੇ ਕੱਪੜੇ ਪਾ ਕੇ ਰਾਵੀ ਦੇ ਕੰਢੇ ਆਪਣੇ ਆਬਾਦ ਕੀਤੇ ਕਰਤਾਰਪੁਰ ਸਾਹਿਬ ਦੇ ਖੇਤਾਂ ਵਿਚ ਆਪਣੇ ਹੱਥੀਂ ਰਾਹਲਾਂ ਤੇ ਸਿਆੜ ਕੱਢੇ। ਉਦਾਸੀਆਂ ਦੌਰਾਨ ਇਕੱਠਾ ਕੀਤਾ ਬਾਣੀ ਦਾ ਸਤਨਾਜਾ ਉਨ੍ਹਾਂ ਨੇ ਰਾਵੀ ਕੰਢੇ ਬੀਜ ਦਿੱਤਾ। ਭਾਈ ਗੁਰਦਾਸ ਫ਼ਰਮਾਉਂਦੇ ਹਨ, ''ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ।'' ਅੱਜ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਨਾਨਕ ਨਾਮਲੇਵਾ ਉਨ੍ਹਾਂ ਦੇ ਪਦ-ਚਿੰਨ੍ਹਾਂ 'ਤੇ ਚੱਲ ਰਹੇ ਹਨ?

# ਆਰਥਿਕ ਨਾਬਰਾਬਰੀ ਦਾ ਡਰਾਉਣਾ ਮੰਜ਼ਰ



ਦਰਬਾਰਾ ਸਿੰਘ ਕਾਹਲੋਂ

ਵਿਸ਼ਵ ਪੱਧਰ ਦੇ ਵੱਖ-ਵੱਖ ਨਾਮਵਰ ਆਰਥਿਕ ਅਦਾਰਿਆਂ ਦੀਆਂ ਕੁਝ ਤਾਜ਼ਾ ਰਿਪੋਰਟਾਂ ਗਲੋਬਲ ਸਰਮਾਏਦਾਰੀ ਨਿਜ਼ਾਮ ਦਾ ਕਰੂਰ ਚਿਹਰਾ ਬੇਨਕਾਬ ਕਰਦੀਆਂ ਹਨ ਕਿ ਕਿਵੇਂ ਕੋਰੋਨਾ ਵਾਇਰਸ ਮਹਾਮਾਰੀ-2019 (ਕੋਵਿਡ-19) ਦੇ ਬਾਵਜੂਦ ਬੇਤਰਸ ਇਹ ਗਰੀਬ, ਪੱਛੜੇ, ਕਬਾਇਲੀ ਅਤੇ ਮੱਧ ਵਰਗ ਦੇ ਲੋਕਾਂ ਦਾ ਖ਼ੂਨ ਚੂਸ ਕੇ ਨਿੱਜੀ ਸਰਮਾਏਦਾਰੀ ਦੇ ਅੰਬਾਰ ਖੜ੍ਹੇ ਕਰ ਰਿਹਾ ਹੈ। ਲੋਕ ਭਲਾਈ ਦਾ ਦਮ ਭਰਦੀਆਂ ਲੋਕਤੰਤਰੀ ਸਰਕਾਰਾਂ ਹੀ ਨਹੀਂ ਬਲਕਿ ਚੀਨ ਵਰਗੀਆਂ ਤਾਕਤਵਰ ਕਮਿਊਨਿਸਟ ਸਰਕਾਰਾਂ ਵੀ ਇਸ ਦੇ ਇਸ਼ਾਰਿਆਂ 'ਤੇ ਚੱਲਣ ਲਈ ਮਜਬੂਰ ਹਨ। ਸੰਨ 2008-09 ਵੇਲੇ ਦਾ ਆਰਥਿਕ ਮੰਦਹਾਲੀ ਦਾ ਲਾਹਾ ਲੈ ਕੇ ਇਸ ਨਿਜ਼ਾਮ ਵੱਲੋਂ ਭਰੀਆਂ ਤਿਜੌਰੀਆਂ ਨੇ ਰਿਕਾਰਡਾਂ ਨੂੰ ਵੀ ਮਾਤ ਪਾ ਦਿੱਤੀ ਹੈ।

ਸਵਿਟਜ਼ਰਲੈਂਡ ਦੇ ਬੈਂਕਾਂ ਦੀ ਰਿਪੋਰਟ ਅਨੁਸਾਰ 'ਦਿ ਲੌਂਬਾਰਡ ਓਡੀਅਰ ਗਰੁੱਪ' ਜੋ ਕਦੇ ਨੈਪੋਲੀਅਨ ਬੋਨਾਪਾਰਟ ਵਰਗੇ ਪ੍ਰਸਿੱਧ ਫਰਾਂਸੀਸੀ ਜਰਨੈਲ ਅਤੇ ਜੇਤੂ ਨੂੰ ਉਧਾਰ ਦਿੰਦਾ ਰਿਹਾ ਹੈ, ਦੇ ਸਰਮਾਏਦਾਰ ਗਾਹਕਾਂ ਦੇ ਵਾਰੇ-ਨਿਆਰੇ ਹੋ ਗਏ ਹਨ। ਜ਼ਿਊਰਚ ਵਿਖੇ ਯੂਬੀਐੱਸ ਗਰੁੱਪ ਏਜੀ ਅਤੇ ਇਸ ਦੇ ਮੁਕਾਬਲੇਬਾਜ਼ ਕਰੈਡਿਟ ਸੁਸੀ ਗਰੁੱਪ ਏਜੀ ਬੈਂਕਾਂ ਨਾਲ ਜੁੜੇ ਸਰਮਾਏਦਾਰ ਗਾਹਕਾਂ ਨੇ ਵੱਡੀਆਂ ਕਮਾਈਆਂ ਕੀਤੀਆਂ ਹਨ।

ਅੰਤਰਰਾਸ਼ਟਰੀ ਮੁਦਰਾ ਕੋਸ਼ ਸੰਸਥਾ ਅਨੁਸਾਰ ਇਸ ਸਾਲ ਆਧੁਨਿਕ ਯੁੱਗ ਦੇ ਇਤਿਹਾਸ ਵਿਚ ਗਲੋਬਲ ਆਰਥਿਕਤਾ ਵਿਚ 4.4 ਪ੍ਰਤੀਸ਼ਤ ਕਮੀ ਆਵੇਗੀ। ਕਰੋੜਾਂ ਲੋਕ ਵੱਖ-ਵੱਖ ਮਹਾਦੀਪਾਂ ਦੇ ਦੇਸ਼ਾਂ ਵਿਚ ਗੁਰਬਤ ਵੱਲ ਧੱਕੇ ਜਾਣਗੇ। ਬੇਰੁਜ਼ਗਾਰੀ ਸਿਖ਼ਰ ਛੂਹੇਗੀ, ਅਪਰਾਧ ਵੱਧ ਜਾਣਗੇ ਲੇਕਿਨ ਸਰਮਾਏਦਾਰ ਕਾਰਪੋਰੇਟ ਘਰਾਣਿਆਂ ਦੀਆਂ ਜਾਇਦਾਦਾਂ, ਕਾਰੋਬਾਰਾਂ, ਵਪਾਰ ਵਿਚ ਬ੍ਰਾਜ਼ੀਲ ਤੋਂ ਲੈ ਕੇ ਚੀਨ-ਜਾਪਾਨ ਅਤੇ ਅਮਰੀਕਾ ਤੋਂ ਲੈ ਕੇ ਜਰਮਨੀ-ਯੂਕੇ ਤਕ ਵਾਧਾ ਸਿਖ਼ਰ ਛੂਹੇਗਾ। ਕੋਵਿਡ-19 ਦੀ ਮਹਾਮਾਰੀ ਲਗਾਤਾਰ ਆਰਥਿਕ ਨਾਬਰਾਬਰੀ ਵਿਚ ਵਾਧਾ ਦਰਜ ਕਰਦੀ ਚਲੀ ਜਾਵੇਗੀ।

ਐਮਾਜ਼ੋਨ ਮੁਖੀ ਜੈੱਫ ਬੇਜ਼ੋਸ ਦੀ ਆਮਦਨ ਵਿਚ ਮਾਰਚ ਤੋਂ ਸਤੰਬਰ 2019 ਦਰਮਿਆਨ ਕੁੱਲ ਵਾਧਾ 73 ਬਿਲੀਅਨ ਡਾਲਰ ਅਮਰੀਕੀ ਪ੍ਰਬੁੱਧ ਵਿਚਾਰਸ਼ੀਲ ਨੀਤੀ ਅਧਿਐਨ ਸੰਸਥਾ ਅਨੁਸਾਰ ਦਰਸਾਇਆ ਗਿਆ ਹੈ।

ਇਸ ਸਮੇਂ ਦੌਰਾਨ ਫੇਸਬੁੱਕ ਮੁਖੀ ਮਾਰਕ ਜ਼ੁਕਰਬਰਗ ਅਤੇ ਟੈਸਲਾ ਅਤੇ ਪੁਲਾੜ ਖ਼ੋਜ ਤਕਨੀਕੀ ਕਾਰਪੋਰੇਸ਼ਨ ਦੇ ਮੁਖੀ ਏਲੋਨ ਮੁਸਕ ਦੀ ਕੁੱਲ ਆਮਦਨ ਵਿਚ 45 ਬਿਲੀਅਨ ਵਾਧਾ ਵੇਖਣ ਨੂੰ ਮਿਲਿਆ। ਭਾਰਤੀ ਕਾਰਪੋਰੇਟਰ ਮੁਕੇਸ਼ ਅੰਬਾਨੀ ਦੀ ਆਮਦਨ ਵਿਚ ਕੁੱਲ ਵਾਧਾ 80 ਬਿਲੀਅਨ ਦਰਜ ਕੀਤਾ ਗਿਆ ਅਤੇ ਉਹ ਵਿਸ਼ਵ ਦਾ ਚੌਥਾ ਵੱਡਾ ਕਾਰਪੋਰੇਟ ਸਰਮਾਏਦਾਰ ਬਣ ਗਿਆ ਹੈ।

ਇੱਥੇ ਇਹ ਵੀ ਵਰਣਨਯੋਗ ਹੈ ਕਿ ਲੌਂਬਾਰਡ ਓਡੀਅਰ ਗਰੁੱਪ ਜੋ ਵਿਸ਼ਵ ਦੇ 316 ਬਿਲੀਅਨ ਡਾਲਰ ਦੇ ਮਾਲਕ ਖ਼ਰਬਪਤੀਆਂ ਦੀ ਜਾਇਦਾਦ ਦੀ ਦੇਖ-ਰੇਖ ਕਰਦਾ ਹੈ, ਇਨ੍ਹਾਂ ਜ਼ਾਲਮ ਲੁਟੇਰੇ ਸਰਮਾਏਦਾਰਾਂ ਨੇ ਆਪਣਾ ਧਨ ਵਿਸ਼ਵ ਦੇ ਉਨ੍ਹਾਂ ਖਿੱਤਿਆਂ ਵਿਚ ਨਿਵੇਸ਼ ਕੀਤਾ ਜਿੱਥੇ ਕੋਵਿਡ-19 ਮਹਾਮਾਰੀ ਦੀ ਮਾਰ ਜ਼ਿਆਦਾ ਪੈ ਰਹੀ ਸੀ।

ਇਨ੍ਹਾਂ ਖਿੱਤਿਆਂ ਵਿਚ ਏਸ਼ੀਅਨ ਵੱਡੇ-ਵੱਡੇ ਸ਼ਹਿਰ ਅਤੇ ਅਮਰੀਕੀ ਵੱਡੇ-ਵੱਡੇ ਹਸਪਤਾਲ ਵੀ ਸ਼ਾਮਲ ਸਨ। ਇਵੇਂ ਹੀ ਸੋਨੇ ਦੇ ਵਪਾਰ ਵਿਚ ਵੱਡਾ ਨਿਵੇਸ਼ ਕਰ ਕੇ ਖ਼ੂਬ ਧਨ ਕਮਾਇਆ ਗਿਆ ਹੈ। ਅਮਰੀਕੀ ਖਰਬਪਤੀਆਂ ਨੇ 3.6 ਟ੍ਰਿਲੀਅਨ ਡਾਲਰ ਧਨ ਕਮਾਇਆ ਜੋ 54 ਅਫ਼ਰੀਕੀ ਦੇਸ਼ਾਂ ਦੀ ਕੁੱਲ ਜਾਇਦਾਦ ਜਿੰਨਾ ਹੈ।



ਕੋਵਿਡ-19 ਮਹਾਮਾਰੀ ਕਾਰਨ ਸਮਰੱਥ ਅਤੇ ਸਰਮਾਏਦਾਰ ਰਾਸ਼ਟਰਾਂ ਵੱਲੋਂ ਲਾਕਡਾਊਨ ਦੇ ਡਰ ਕਰਕੇ ਜਿਨ੍ਹਾਂ ਸਰਮਾਏਦਾਰਾਂ ਨੇ ਆਪਣੇ ਅਦਾਰੇ ਬੰਦ ਕਰ ਦਿੱਤੇ ਜਾਂ ਵੇਚ ਦਿੱਤੇ ਜਾਂ ਨਿਵੇਸ਼ ਕਰਨ ਤੋਂ ਹੱਥ ਪਿੱਛੇ ਖਿੱਚ ਲਏ, ਉਹ ਦਹੱਥੜਾਂ ਮਾਰਦੇ ਹੋਏ ਪਛਤਾਵਾ ਕਰ ਰਹੇ ਹਨ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਚੀਨ ਅੰਦਰ ਇਸ ਸਮੇਂ ਵਿਸ਼ਵ ਦੇ ਮਹਾ-ਸਰਮਾਏਦਾਰ ਤੇਜ਼ੀ ਨਾਲ ਵੱਧ-ਫੁੱਲ ਰਹੇ ਹਨ। ਇਸੇ ਕੋਵਿਡ-19 ਮਹਾਮਾਰੀ ਕਾਰਨ ਲਗਪਗ ਇਕ ਸਾਲ ਅੰਦਰ ਚੀਨ ਵਿਚ 257 ਨਵੇਂ ਸਰਮਾਏਦਾਰ ਖਰਬਪਤੀ ਬਣੇ ਹਨ। ਜੋ ਕਾਰਪੋਰੇਟਰ ਪਹਿਲਾਂ ਸਥਾਪਤ ਸਨ, ਉਨ੍ਹਾਂ ਦੀ ਆਮਦਨ ਵਿਚ ਅਸੀਮ ਵਾਧਾ ਵੇਖਣ ਨੂੰ ਮਿਲਿਆ ਹੈ।

ਹਰੂਨ ਰਿਪੋਰਟ ਅਨੁਸਾਰ ਅਲੀਬਾਬਾ ਗਰੁੱਪ ਨੇ ਪਿਛਲੇ 10 ਮਹੀਨੇ ਵਿਚ 45 ਪ੍ਰਤੀਸ਼ਤ ਵਾਧਾ ਦਰਜ ਕਰਦਿਆਂ 58.8 ਬਿਲੀਅਨ ਦੀ ਜਾਇਦਾਦ ਉਸਾਰ ਲਈ।

ਅਮਰੀਕਾ ਵਰਗੀ ਮਹਾਸ਼ਕਤੀ ਵਿਚ 50 ਮਿਲੀਅਨ ਲੋਕ ਬੇਰੁਜ਼ਗਾਰ ਹੋਣ, 23 ਮਿਲੀਅਨ ਭੁੱਖੇ ਰਹਿਣ ਲਈ ਮਜਬੂਰ ਹੋ ਗਏ। ਗਰੀਬ ਪਰਿਵਾਰ 400-500 ਡਾਲਰ ਮਾਸਿਕ ਕਮਾਉਣ ਲਈ ਆਤੁਰ ਹੋ ਗਏ। ਨੱਬੇ ਪ੍ਰਤੀਸ਼ਤ ਲੋਕ ਕਰਜ਼ਾਈ ਹੋ ਗਏ।

ਬਰਤਾਨੀਆ ਅੰਦਰ ਕੋਵਿਡ-19 ਮਹਾਮਾਰੀ ਦੌਰਾਨ ਗਰੀਬ ਮਾਵਾਂ 10 ਪੌਂਡ ਨਾਲ ਹਫ਼ਤਾ ਭਰ ਗੁਜ਼ਾਰਾ ਚਲਾਉਣ ਲਈ ਮਜਬੂਰ ਹੋਈਆਂ ਹਨ। ਪੱਛੜੇ ਅਫ਼ਰੀਕਨ ਦੇਸ਼ਾਂ 'ਚ 700 ਪ੍ਰਤੀਸ਼ਤ ਮਹਿੰਗਾਈ ਵਾਧੇ ਨੇ ਲੋਕਾਂ ਨੂੰ ਭੁੱਖੇ ਮਰਨ ਲਈ ਮਜਬੂਰ ਕਰ ਦਿੱਤਾ।

ਸਪੇਨ, ਪੁਰਤਗਾਲ, ਇਟਲੀ, ਯੂਨਾਨ ਵਰਗੇ ਦੇਸ਼ਾਂ ਦੀ ਸਾਲਾਨਾ ਜੀਡੀਪੀ 10 ਪ੍ਰਤੀਸ਼ਤ ਘਟਣ ਦਾ ਅਨੁਮਾਨ ਹੈ। ਬੱਚੇ, ਬੁੱਢੇ, ਔਰਤਾਂ, ਅਪੰਗ, ਪਰਵਾਸੀ ਅਤੇ ਘੱਟ-ਗਿਣਤੀਆਂ ਹਰ ਦੇਸ਼ ਅਤੇ ਖਿੱਤੇ ਵਿਚ ਬੁਰੀ ਤਰ੍ਹਾਂ ਗੁਰਬਤ, ਭੁੱਖਮਰੀ, ਬਿਮਾਰੀ ਅਤੇ ਨਾਬਰਾਬਰੀ ਦਾ ਸ਼ਿਕਾਰ ਹੋ ਰਹੇ ਵੇਖੇ ਜਾ ਸਕਦੇ ਹਨ। ਸੈਂਤੀ ਦੇਸ਼ਾਂ ਦਾ ਸਰਵੇ ਐਸੇ ਅੰਕੜੇ ਦਰਸਾ ਰਿਹਾ ਹੈ। ਵਿਸ਼ਵ ਵਿਚ ਹਰ ਤੀਜਾ ਮਜ਼ਦੂਰ ਭਾਵ 2 ਬਿਲੀਅਨ ਕਾਮੇ ਬੇਕਾਰ ਹੋ ਗਏ ਹਨ। ਵਿਕਾਸਸ਼ੀਲ ਦੇਸ਼ਾਂ ਦੀ ਆਰਥਿਕਤਾ ਨੂੰ ਕੋਵਿਡ-19 ਦੀ ਮਾਰ ਤੋਂ ਉਭਰਨ ਲਈ 2.5 ਟ੍ਰਿਲੀਅਨ ਡਾਲਰ ਦਰਕਾਰ ਹਨ ਜਦ ਕਿ ਵਿਸ਼ਵ ਬੈਂਕ, ਆਈਐੱਮਐੱਫ ਅਤੇ ਵਿਕਸਤ ਦੇਸ਼ਾਂ ਵੱਲੋਂ ਹੁਣ ਤਕ ਸਿਰਫ਼ 100 ਬਿਲੀਅਨ ਡਾਲਰ ਮਿਲੇ ਹਨ।

ਵਿਸ਼ਵ ਬੈਂਕ ਦੀ ਸੰਨ 2019 ਦੀ ਪ੍ਰਕਾਸ਼ਿਤ ਰਿਪੋਰਟ ਅਨੁਸਾਰ ਭਾਵੇਂ ਭਾਰਤ 2.875 ਟ੍ਰਿਲੀਅਨ ਡਾਲਰ ਦੀ ਵਿਸ਼ਵ ਦੀ ਪੰਜਵੀਂ ਵੱਡੀ ਆਰਥਿਕਤਾ ਹੈ ਪਰ ਸੰਨ 2020 ਵਿਚ ਇਸ ਦੀ ਪ੍ਰਤੀ ਜੀਅ ਆਮਦਨ ਬੰਗਲਾਦੇਸ਼ ਦੀ 1888 ਡਾਲਰ ਦੇ ਮੁਕਾਬਲੇ 1877 ਡਾਲਰ ਹੋਣ ਕਰਕੇ ਘੱਟ ਹੋ ਜਾਵੇਗੀ ਜੋ 2019 ਵਿਚ ਬੰਗਲਾਦੇਸ਼ ਦੀ 1856 ਡਾਲਰ ਦੇ ਮੁਕਾਬਲੇ 2104 ਡਾਲਰ ਸੀ। ਇਹੀ ਨਹੀਂ, 189 ਦੇਸ਼ਾਂ ਵਿਚ ਭਾਰਤ ਦਾ ਸਥਾਨ ਉਦੋਂ 142ਵਾਂ ਜਦਕਿ ਬੰਗਲਾਦੇਸ਼ ਦਾ 147ਵਾਂ ਸੀ।

ਰਿਜ਼ਰਵ ਬੈਂਕ ਆਫ ਇੰਡੀਆ ਦੀ ਸੰਨ 2019 ਦੀ ਰਿਪੋਰਟ ਅਨੁਸਾਰ ਭਾਰਤ ਵਿਚ 22 ਪ੍ਰਤੀਸ਼ਤ ਲੋਕ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰ ਰਹੇ ਹਨ। ਦੂਜੇ ਪਾਸੇ ਮੁਕੇਸ਼ ਅੰਬਾਨੀ 300 ਕਰੋੜ ਰੁਪਿਆ ਕੋਰੋਨਾ ਮਹਾਮਾਰੀ ਦੇ ਬਾਵਜੂਦ ਰੋਜ਼ਾਨਾ ਕਮਾ ਰਿਹਾ ਹੈ। ਪਹਿਲੀ ਤਿਮਾਹੀ ਵਿਚ ਭਾਰਤੀ ਜੀਡੀਪੀ -23.9 ਪ੍ਰਤੀਸ਼ਤ ਮੂਧੇ ਮੂੰਹ ਡਿੱਗੀ ਸੀ।

ਨਤੀਜੇ ਵਜੋਂ 2.1 ਕਰੋੜ ਨੌਕਰੀਆਂ ਖੁੱਸ ਗਈਆਂ। ਆਕਸਫਾਮ ਦੇ ਅਧਿਐਨ ਅਨੁਸਾਰ ਭਾਰਤ ਅੰਦਰ 10 ਪ੍ਰਤੀਸ਼ਤ ਅਮੀਰ ਲੋਕ 77 ਪ੍ਰਤੀਸ਼ਤ ਰਾਸ਼ਟਰੀ ਜਾਇਦਾਦ 'ਤੇ ਕਾਬਜ਼ ਹਨ। ਇੱਥੇ ਇਹ ਵੀ ਵਰਣਨਯੋਗ ਹੈ ਕਿ ਦੇਸ਼ ਅੰਦਰ ਪੈਦਾ ਕੀਤੀ 73 ਪ੍ਰਤੀਸ਼ਤ ਆਰਥਿਕ ਜਾਇਦਾਦ ਸਿਰਫ਼ 1 ਪ੍ਰਤੀਸ਼ਤ ਅਮੀਰਾਂ ਦੀਆਂ ਤਿਜੌਰੀਆਂ ਵਿਚ ਜਾਂਦੀ ਹੈ।

ਸਪਸ਼ਟ ਹੈ ਕਿ ਦੇਸ਼ ਦਾ ਪੂਰਾ ਨਿਜ਼ਾਮ ਕੇਂਦਰ ਅਤੇ ਰਾਜ ਸਰਕਾਰਾਂ ਸਰਮਾਏਦਾਰ ਕਾਰਪੋਰੇਟਰਾਂ ਅੱਗੇ ਗੋਡੇ ਟੇਕ ਚੁੱਕਾ ਹੈ। ਦੂਜੇ ਸ਼ਬਦਾਂ ਵਿਚ ਪੂਰੇ ਰਾਜ-ਭਾਗ ਦੀਆਂ ਆਰਥਿਕ, ਸਮਾਜਿਕ, ਰਾਜਨੀਤਕ, ਪ੍ਰਸ਼ਾਸਕੀ ਨੀਤੀਆਂ ਦਾ ਨਿਰਧਾਰਨ ਉਨ੍ਹਾਂ ਦੁਆਰਾ ਕੀਤਾ ਜਾਂਦਾ ਹੈ। ਦੇਸ਼ ਦੇ ਸੰਵਿਧਾਨ ਅਤੇ ਕਾਨੂੰਨ ਦੇ ਰਾਜ ਦਾ ਕੋਈ ਮਹੱਤਵ ਨਹੀਂ ਰਹਿ ਗਿਆ ਲੱਗਦਾ।

ਦੇਸ਼ ਦੀ ਧਰਮ, ਜਾਤ, ਲਿੰਗ ਤੇ ਵਰਗਵਾਦੀ ਵੰਡ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਘੱਟ ਗਿਣਤੀਆਂ ਤੇ ਦਲਿਤਾਂ ਦਾ ਤ੍ਰਿਸਕਾਰ ਜਾਰੀ ਹੈ। ਨਿਆਂਪਾਲਿਕਾ ਦੀ ਆਜ਼ਾਦੀ ਅਤੇ ਖ਼ੁਦਮੁਖ਼ਤਾਰੀ, ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ, ਮੀਡੀਆ ਦੀ ਆਜ਼ਾਦੀ ਮਜ਼ਾਕ ਬਣ ਕੇ ਰਹਿ ਗਈਆਂ ਹਨ।

ਭਾਰਤ ਦੀ ਆਬਾਦੀ ਸੰਨ 2027 ਤਕ 147 ਤੇ 2050 ਤਕ 174 ਕਰੋੜ ਹੋ ਜਾਵੇਗੀ। ਇਸ ਨਾਲ ਗੁਰਬਤ, ਬੇਰੁਜ਼ਗਾਰੀ, ਅਪਰਾਧ, ਗੰਦਗੀ ਵਧੇਗੀ। ਸਿੱਖਿਆ ਤੇ ਸਿਹਤ ਖੇਤਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਕਾਰਨ ਗੁਣਾਤਮਕ ਮਨੁੱਖੀ ਸੋਮੇ ਖੜੋਤ ਦਾ ਸ਼ਿਕਾਰ ਹੋ ਜਾਣਗੇ।

ਐਸੀ ਵਿਵਸਥਾ ਸਮਾਜਿਕ, ਫਿਰਕੂ, ਵਰਗਵਾਦੀ, ਜਾਤੀਵਾਦੀ ਅਰਾਜਕਤਾ ਪੈਦਾ ਕਰ ਸਕਦੀ ਹੈ। ਸੋ, ਦੇਸ਼ ਦੀ ਰਾਜਨੀਤਕ ਲੀਡਰਸ਼ਿਪ ਨੂੰ ਮੁਲਕ ਦਾ ਨਿਜ਼ਾਮ ਕਾਰਪੋਰੇਟ ਸਰਮਾਏਦਾਰਾਂ ਅਨੁਸਾਰ ਨਹੀਂ, ਲੋਕਤੰਤਰੀ ਸਿਧਾਂਤਾਂ, ਸੰਵਿਧਾਨ ਅਤੇ ਕਾਨੂੰਨ ਦੇ ਰਾਜ ਅਨੁਸਾਰ ਸਭ ਧਰਮਾਂ, ਜਾਤਾਂ, ਵਰਗਾਂ, ਇਲਾਕਿਆਂ ਰਾਜਨੀਤਕ ਦਲਾਂ ਦੇ ਸਹਿਯੋਗ ਨਾਲ ਚਲਾਉਣ ਦੀ ਲੋੜ ਹੈ। ਜੇ ਅਜਿਹਾ ਨਹੀਂ ਹੁੰਦਾ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੇ ਮਾਫ਼ ਨਹੀਂ ਕਰਨਗੀਆਂ। ਕੰਧ 'ਤੇ ਲਿਖਿਆ ਪੜ੍ਹ ਲੈਣ ਵਿਚ ਹੀ ਭਲਾਈ ਹੈ। ਕੋਰੋਨਾ ਮਹਾਮਾਰੀ ਨੇ ਕਿਸੇ ਮੁਲਕ ਵਿਸ਼ੇਸ਼ ਨੂੰ ਨਹੀਂ ਸਗੋਂ ਪੂਰੀ ਮਨੁੱਖਤਾ ਨੂੰ ਹੀ ਆਪਣੇ ਕਲਾਵੇ ਵਿਚ ਲਿਆ ਹੋਇਆ ਹੈ, ਇਸ ਲਈ ਵਿਸ਼ਵ ਭਾਈਚਾਰੇ ਨੂੰ ਇਕਜੁੱਟ ਹੋ ਕੇ ਇਸ ਦਾ ਮੁਕਾਬਲਾ ਕਰਨਾ ਹੋਵੇਗਾ।

# ਕਾਂਗਰਸ ਵਿਚ ਲਗਾਤਾਰ ਵਧਦਾ ਜਾ ਰਿਹਾ ਆਪਸੀ ਕਾਟੋ-ਕਲੇਸ਼



ਦੀਪਕ ਜਲੰਧਰੀ

ਕਪਿਲ ਸਿੱਬਲ ਕਾਂਗਰਸ ਦੇ ਉਨ੍ਹਾਂ ਨੇਤਾਵਾਂ 'ਚੋਂ ਹਨ ਜਿਨ੍ਹਾਂ ਨੇ ਇਸ ਨੂੰ ਕਈ ਵਾਰ ਡਿੱਗਦੇ-ਸੰਭਲਦੇ ਦੇਖਿਆ ਹੈ। ਆਪਣੇ ਰਾਜਨੀਤਿਕ ਜੀਵਨ ਦੇ ਮੁੱਢਲੇ ਸਮੇਂ ਵਿਚ ਉਨ੍ਹਾਂ ਨੇ ਕਦੇ ਵੀ ਚੋਣ ਨਾ ਲੜਨ ਦਾ ਇਰਾਦਾ ਕੀਤਾ ਸੀ।

ਰਾਜ ਸਭਾ ਲਈ ਚੁਣੇ ਜਾਂਦੇ ਰਹੇ ਅਤੇ ਉਸ ਦੇ ਦਮ 'ਤੇ ਹੀ ਕਈ ਅਹੁਦਿਆਂ 'ਤੇ ਸੁਸ਼ੋਭਿਤ ਹੁੰਦੇ ਰਹੇ। ਅਸੀਂ ਜਾਣਦੇ ਹਾਂ ਕਿ ਪ੍ਰੇਮ ਤੇ ਰਾਜਨੀਤੀ ਵਿਚ ਉਮਰ ਦੀ ਕੋਈ ਬੰਦਿਸ਼ ਨਹੀਂ ਹੁੰਦੀ। ਚਾਰਲੀ-ਚੈਪਲਿਨ, ਨੈਲਸਨ ਮੰਡੇਲਾ ਅਤੇ ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਡਾਕਟਰ ਯਸ਼ਵੰਤ ਸਿੰਘ ਪਰਮਾਰ ਨੇ ਬੁਢਾਪੇ ਵਿਚ ਸ਼ਾਦੀ ਕੀਤੀ ਸੀ ਤਾਂ ਕਿਸੇ ਨੇ ਉਨ੍ਹਾਂ ਦੀ ਨਿੱਜੀ ਜ਼ਿੰਦਗੀ 'ਤੇ ਉਂਗਲ ਨਹੀਂ ਚੁੱਕੀ ਸੀ। ਇਸੇ ਤਰ੍ਹਾਂ ਕਈ ਅਜਿਹੇ ਨੇਤਾ ਅੱਜ ਵੀ ਰਾਜਨੀਤੀ ਵਿਚ ਹਨ ਜਿਨ੍ਹਾਂ ਦਾ ਇਕ ਪੈਰ ਜ਼ਮੀਨ ਉੱਤੇ ਅਤੇ ਦੂਜਾ ਕਬਰ 'ਚ ਹੈ ਪਰ ਕਿਸੇ ਨੂੰ ਇਸ ਉੱਤੇ ਵੀ ਇਤਰਾਜ਼ ਨਹੀਂ ਹੋ ਸਕਦਾ।

ਸਿੱਬਲ ਵਰਗੇ ਬਜ਼ੁਰਗ ਅਤੇ ਅਨੁਭਵੀ ਨੇਤਾ ਕਾਂਗਰਸ ਵਿਚ ਹੋਰ ਵੀ ਹਨ। ਮੋਤੀ ਲਾਲ ਵੋਹਰਾ, ਗੁਲਾਮ ਨਬੀ ਆਜ਼ਾਦ ਸੈਫੁਦੀਨ ਸੋਜ਼ ਆਦਿ। ਕਾਂਗਰਸ ਨੇ ਸੰਨ 2004 ਅਤੇ 2009 ਵਿਚ ਜਿੱਤ ਹਾਸਲ ਕਰ ਕੇ ਦਸ ਸਾਲ ਦੇਸ਼ 'ਤੇ ਸ਼ਾਸਨ ਕੀਤਾ। ਅਸੀਂ ਇੱਥੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਉਬਾਮਾ ਦੀ ਪੁਸਤਕ ਵਿਚ ਕਹੇ ਗਏ ਡਾ. ਮਨਮੋਹਨ ਸਿੰਘ ਬਾਰੇ ਉਨ੍ਹਾਂ ਦੇ ਸ਼ਬਦਾਂ ਦਾ ਸਮਰਥਨ ਨਹੀਂ ਕਰਦੇ ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਰਾਜਨੀਤੀ ਨਾਲ ਉਨ੍ਹਾਂ ਦਾ ਕੋਈ ਵਾਸਤਾ ਨਹੀਂ ਹੈ ਜਿਸ ਕਰ ਕੇ ਰਾਹੁਲ ਗਾਂਧੀ ਨੂੰ ਕੋਈ ਹਾਨੀ ਪਹੁੰਚ ਸਕੇ ਲੇਕਿਨ ਜਦੋਂ ਸੰਨ 2014 ਵਿਚ ਕਾਂਗਰਸ ਪਾਰਟੀ ਨੇ ਰਾਹੁਲ ਗਾਂਧੀ ਨੂੰ ਲੀਡਰਸ਼ਿਪ ਲਈ ਪ੍ਰਾਜੈਕਟ ਕੀਤਾ ਤਾਂ ਦਾਅ ਉਲਟਾ ਪੈ ਗਿਆ ਅਤੇ ਸੱਤਾ ਕਾਂਗਰਸ ਦੇ ਹੱਥੋਂ ਨਿਕਲ ਗਈ।

ਕਾਂਗਰਸ ਨੇ ਪਹਿਲਾਂ ਵੀ 1977 ਅਤੇ 1989 'ਚ ਕਈ ਉਤਰਾਅ-ਚੜ੍ਹਾਅ ਦੇਖੇ ਹਨ ਅਤੇ ਰਾਜਨੀਤਕ ਦਲਾਂ ਵਿਚ ਅਜਿਹੇ ਦੌਰ ਆਉਂਦੇ ਵੀ ਰਹਿੰਦੇ ਹਨ 'ਕਦੀ ਬੇੜੀ ਗਧੇ ਉੱਪਰ ਅਤੇ ਕਦੇ ਗਧਾ ਬੇੜੀ ਉੱਪਰ' ਵਾਲਾ ਮਾਮਲਾ ਹੋ ਜਾਂਦਾ ਹੈ। ਸੰਨ 1984 ਵਿਚ ਜਦੋਂ ਸ੍ਰੀਮਤੀ ਇੰਦਰਾ ਗਾਂਧੀ ਦੀ ਸ਼ਹਾਦਤ ਹੋਈ, ਉਹ ਸਾਲ ਭਾਜਪਾ ਲਈ ਸਭ ਤੋਂ ਕਾਲਾ ਦੌਰ ਸਿੱਧ ਹੋਇਆ ਸੀ।

ਉਨ੍ਹੀਂ ਦਿਨੀਂ ਅਟਲ ਬਿਹਾਰੀ ਵਾਜਪਾਈ ਭਾਜਪਾ ਦੇ ਪ੍ਰਧਾਨ ਸਨ। ਮਰਹੂਮ ਰਾਜੀਵ ਗਾਂਧੀ ਦੇ ਸਮੇਂ ਹੋਈਆਂ ਚੋਣਾਂ ਭਾਜਪਾ ਦੀ ਲੁਟੀਆ ਹੀ ਡੁਬੋ ਗਈਆਂ ਅਤੇ ਸਿਰਫ਼ ਦੋ ਸੰਸਦ ਮੈਂਬਰ ਹੀ ਚੁਣੇ ਗਏ ਸਨ। ਵਾਜਪਾਈ ਜੀ ਵੀ ਹਾਰ ਗਏ ਸਨ। ਬੋਫੋਰਜ਼ ਤੋਪਾਂ ਵਿਚ ਦਲਾਲੀ ਖਾਣ ਦਾ ਮਸਲਾ ਸਵਰਗਵਾਸੀ ਵੀ. ਪੀ. ਸਿੰਘ ਵੱਲੋਂ ਉਠਾਏ ਜਾਣ 'ਤੇ ਭਾਜਪਾ ਦੇ ਸਰੀਰ ਵਿਚ ਮੁੜ ਜਾਨ ਆ ਗਈ ਅਤੇ ਸੰਨ 1989 ਦੀਆਂ ਚੋਣਾਂ ਵਿਚ ਉਹ 84 ਸੀਟਾਂ ਜਿੱਤ ਗਈ। ਵੀ. ਪੀ. ਸਿੰਘ ਦੀ ਸਰਕਾਰ ਭਾਜਪਾ ਦੇ ਸਮਰਥਨ ਨਾਲ ਹੀ ਬਣੀ ਸੀ। ਸੰਨ 1991 ਵਿਚ ਭਾਜਪਾ 120 ਸੀਟਾਂ ਜਿੱਤ ਗਈ।

ਇਸ ਨਾਲ ਅਡਵਾਨੀ ਦੀਆਂ ਰੱਥ ਯਾਤਰਾਵਾਂ ਦਾ ਸ੍ਰੀ ਗਣੇਸ਼ ਹੋ ਗਿਆ। ਅਡਵਾਨੀ ਜੀ ਨੂੰ ਲੱਗਿਆ ਕਿ ਦਾਅ ਠੀਕ ਸਿੱਧਾ ਬੈਠ ਰਿਹਾ ਹੈ ਅਤੇ ਕਿਸੇ ਹੱਦ ਤਕ ਇਹ



ਅਨੁਭਵ ਸਫਲ ਵੀ ਰਿਹਾ ਕਿਉਂਕਿ ਸੰਨ 1996 ਵਿਚ ਹੋਈਆਂ ਚੋਣਾਂ 'ਚ ਭਾਜਪਾ ਨੇ 161 ਸੀਟਾਂ ਜਿੱਤ ਕੇ ਭਾਰਤੀ-ਰਾਜਨੀਤੀ ਵਿਚ ਆਪਣੀ ਇਕ ਪਛਾਣ ਵੀ ਬਣਾ ਲਈ ਸੀ। ਕਾਂਗਰਸ ਦੀ ਵਿਰੋਧੀ ਪਾਰਟੀ ਭਾਜਪਾ ਨੂੰ ਵੱਡਾ ਦਲ ਹੋਣ ਕਰਕੇ ਸਰਕਾਰ ਬਣਾਉਣ ਦਾ ਮੌਕਾ ਮਿਲਿਆ ਪਰ ਸਿਰਫ਼ 13 ਦਿਨ ਹੀ ਇਹ ਸਰਕਾਰ ਠਹਿਰ ਸਕੀ ਅਤੇ ਦੁਬਾਰਾ ਚੋਣਾਂ ਹੋਈਆਂ।

ਇਸ ਵਾਰ ਜਨਤਾ ਵਿਚ ਇਕ ਹਮਦਰਦੀ ਦੀ ਲਹਿਰ ਸੀ ਅਤੇ ਉਸੇ ਦੇ ਬਲਬੂਤੇ ਭਾਜਪਾ 180 ਸੀਟਾਂ ਦੇ ਅੰਕੜੇ ਨੂੰ ਛੂਹ ਗਈ। ਇਹ ਸਰਕਾਰ, ਜੈਲਲਿਤਾ ਦੁਆਰਾ ਸਮਰਥਨ ਵਾਪਸ ਲੈ ਲੈਣ ਕਾਰਨ ਸਿਰਫ਼ 13 ਮਹੀਨੇ ਹੀ ਚੱਲ ਸਕੀ। ਸੰਨ 1999 ਵਿਚ ਫਿਰ ਇਕ ਵਾਰ ਭਾਰਤੀ ਮਤਦਾਤਾਵਾਂ ਨੇ ਭਾਜਪਾ ਦਾ ਸਾਥ ਦਿੱਤਾ ਕਿਉਂਕਿ ਇਸ ਸਮੇਂ ਕਾਰਗਿਲ ਦਾ ਯੁੱਧ ਹੋ ਚੁੱਕਾ ਸੀ।

ਭਾਜਪਾ ਨੇ ਰਿਕਾਰਡ 182 ਸੀਟਾਂ ਜਿੱਤ ਲਈਆਂ ਅਤੇ 23 ਛੋਟੇ ਦਲਾਂ ਨੂੰ ਨਾਲ ਲੈ ਕੇ ਵਾਜਪਾਈ ਜੀ ਦੀ ਅਗਵਾਈ ਵਿਚ ਗੱਠਜੋੜ ਵਾਲੀ ਸਰਕਾਰ ਬਣਾਈ ਅਤੇ ਦੇਸ਼ ਵਿਚ ਗੱਠਜੋੜ ਗਣਤੰਤਰ ਦਾ ਸ੍ਰੀ ਗਣੇਸ਼ ਹੋਇਆ ਜਿਸ ਦਾ ਲਾਭ ਕਾਂਗਰਸ ਨੂੰ ਵੀ ਮਿਲਿਆ। ਕਾਂਗਰਸ ਦੇ 23 ਲੋਕ ਇਸ ਇਤਿਹਾਸ ਤੋਂ ਜਾਣੂ ਹਨ। ਤਦ ਹੀ ਤਾਂ ਉਹ ਕਾਂਗਰਸ ਹਾਈ ਕਮਾਂਡ ਨੂੰ ਆਤਮ ਚਿੰਤਨ ਦੀ ਸਲਾਹ ਦੇ ਰਹੇ ਹਨ।

ਇਸ ਦਾ ਹਸ਼ਰ ਇਹ ਹੋਇਆ ਕਿ ਉਹ 23 ਵਿਅਕਤੀ ਹਾਸ਼ੀਏ 'ਤੇ ਆ ਗਏ। ਕਾਂਗਰਸ ਦੇ ਬਿਹਾਰ ਦੀਆਂ ਚੋਣਾਂ ਵਿਚ ਬੁਰੀ ਤਰ੍ਹਾਂ ਅਸਫਲ ਹੋਣ 'ਤੇ ਕਪਿਲ ਸਿੱਬਲ ਨੇ ਤਾਂ ਇਹੀ ਕਿਹਾ ਕਿ ਕਾਂਗਰਸ ਹਾਈ ਕਮਾਂਡ ਨੂੰ ਆਪਣੀਆਂ ਨੀਤੀਆਂ 'ਤੇ ਗੰਭੀਰਤਾ ਨਾਲ ਮੰਥਨ ਕਰਨਾ ਚਾਹੀਦਾ ਹੈ। ਇਸ 'ਤੇ ਅਧੀਰ ਰੰਜਨ ਚੌਧਰੀ ਨੇ ਕਿਹਾ ਕਿ ਸਿੱਬਲ ਜੀ ਨੂੰ ਜੇ ਪਾਰਟੀ ਦੀਆਂ ਨੀਤੀਆਂ ਚੰਗੀਆਂ ਨਹੀਂ ਲੱਗਦੀਆਂ ਤਾਂ ਉਹ ਪਾਰਟੀ ਛੱਡ ਜਾਣ ਜਾਂ ਨਵੀਂ ਪਾਰਟੀ ਬਣਾ ਲੈਣ। ਇਸ ਨੂੰ ਤੁਸੀਂ ਕੀ ਕਹੋਗੇ? ਕਾਂਤੀ ਚਿਦਾਂਬਰਮ, ਸੰਜੇ ਨਿਰੂਪਮ ਵੀ ਇਸੇ ਤਰ੍ਹਾਂ ਸ਼ਬਦਾਂ ਨੂੰ ਬਦਲ ਕੇ ਉਹੀ ਕਹਿ ਰਹੇ ਹਨ ਜੋ ਕਪਿਲ ਸਿੱਬਲ ਨੇ ਕਿਹਾ ਹੈ। ਇਕ ਵਾਰ ਤਾਂ ਰਾਹੁਲ ਗਾਂਧੀ ਨੇ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਕਹਿ ਵੀ ਦਿੱਤਾ ਕਿ ਇਹ 23 ਲੋਕ ਭਾਜਪਾ ਦੀ ਬੋਲੀ ਬੋਲਦੇ ਹਨ।

ਇਸ ਰਾਹੁਲ ਗਾਂਧੀ ਬਾਰੇ ਓਬਾਮਾ ਨੇ ਜੋ ਕਿਹਾ, ਅਸੀਂ ਉਸ ਨੂੰ ਦੁਹਰਾਉਣਾ ਨਹੀਂ ਚਾਹੁੰਦੇ ਪਰ ਜਿਸ ਪਾਰਟੀ ਵੱਲੋਂ ਰਾਜਦ (ਰਾਸ਼ਟਰੀ ਜਨਤਾ ਦਲ) ਦੇ ਨਾਲ ਮਿਲ ਕੇ ਬਿਹਾਰ ਦਾ ਇਲੈਕਸ਼ਨ ਲੜਿਆ ਗਿਆ, ਉਸ ਦੇ ਸੀਨੀਅਰ ਨੇਤਾ ਸ਼ਿਵਾ ਨੰਦ ਤਿਵਾੜੀ ਤਾਂ ਇੱਥੋਂ ਤਕ ਕਹਿ ਗਏ ਕਿ ਰਾਹੁਲ ਗਾਂਧੀ ਚੋਣਾਂ ਨੂੰ ਲੈ ਕੇ ਸੰਜੀਦਾ ਨਹੀਂ ਹੈ। ਅਸੀਂ ਇੱਥੇ ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਕਰਨਾਟਕ ਦੀਆਂ ਚੋਣਾਂ ਸਬੰਧੀ ਕੁਝ ਕਹਿਣਾ ਨਹੀਂ ਚਾਹੁੰਦੇ।

ਇਕ ਕਾਂਗਰਸੀ ਲੀਡਰ ਨੇ ਤਾਂ ਇੱਥੋਂ ਤਕ ਕਹਿ ਦਿੱਤਾ ਕਿ ਰਾਹੁਲ ਗਾਂਧੀ ਨੂੰ ਜਿਸ ਚੋਣ ਵਿੱਚ ਵੀ ਭੇਜੋਗੇ ਉੱਥੇ ਹਾਰ ਯਕੀਨੀ ਹੈ ਕਿਉਂਕਿ ਆਮ ਜਨਤਾ ਉਨ੍ਹਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੀ। ਪਾਰਟੀ ਦੋ ਗੁੱਟਾਂ ਵਿਚ ਵੰਡੀ ਹੋਈ ਹੈ। ਅਨੁਸ਼ਾਸਨਹੀਣਤਾ ਉੱਪਰ ਤੋਂ ਹੇਠਾਂ ਤਕ ਦਿਖਾਈ ਦੇ ਰਹੀ ਹੈ। ਚੁੱਪ-ਗੜੁੱਪ ਚਾਲਾਂ ਚੱਲੀਆਂ ਜਾ ਰਹੀਆਂ ਹਨ।

ਰਾਹੁਲ ਜੀ ਆਪਣੀ ਖਿਝ ਨੂੰ ਛੁਪਾਉਣ ਲਈ ਉੱਚੀ ਆਵਾਜ਼ 'ਚ ਭਾਸ਼ਣ ਵੀ ਦੇ ਰਹੇ ਹਨ। ਤਣ ਕੇ ਚੱਲ ਵੀ ਰਹੇ ਹਨ। ਫੇਸਬੁੱਕ 'ਤੇ ਆਪਣੇ ਵਿਚਾਰ ਵੀ ਪੇਸ਼ ਕਰ ਰਹੇ ਹਨ, ਦੂਜੇ ਪਾਸੇ ਇਕ ਤਬਕਾ ਅਜਿਹਾ ਹੈ ਜਿਹੜਾ ਉਨ੍ਹਾਂ ਨੂੰ ਦਰਕਿਨਾਰ ਕਰਨ ਦਾ ਯਤਨ ਕਰ ਰਿਹਾ ਹੈ। ਰਾਹੁਲ ਜੀ ਅੰਦਰ ਦੀ ਲੜਾਈ ਤੋਂ ਪਾਰ ਨਹੀਂ ਪਾ ਸਕਣਗੇ ਅਤੇ ਇਸੇ ਖਿੱਚੋਤਾਣ ਵਿਚ ਗੁੜ ਗੋਬਰ ਹੋ ਜਾਵੇਗਾ।

ਲਾਲਚ ਕਦੇ ਕਿਸੇ ਦਾ ਸਕਾ ਨਹੀਂ ਤੇ ਰਾਜਨੀਤੀ ਵਿਚ ਦਰਾੜਾਂ ਵੀ ਇਹ ਲਾਲਚ ਹੀ ਖਿੱਚ ਦਿੰਦਾ ਹੈ। ਸਰਕਾਰ ਨੂੰ ਚੱਲਦਾ ਕਰਨ ਦੀ ਆਸ 'ਚ ਬੈਠੀ ਜਨਤਾ ਕਾਂਗਰਸ 'ਚ ਹੁੰਦਾ ਸ਼ੀਤ ਯੁੱਧ ਦੇਖ ਰਹੀ ਹੈ। ਰਾਹੁਲ ਦਾ ਅਗਲਾ ਕਦਮ ਕੀ ਹੋਵੇਗਾ, ਇਹ ਤਾਂ ਉਹ ਹੀ ਜਾਣਦੇ ਹਨ, ਹੋਰ ਕੋਈ ਨਹੀਂ।

# ਨਵੇਂ ਖੇਤੀ ਕਾਨੂੰਨ ਤੇ ਕਿਸਾਨ ਅੰਦੋਲਨ



ਬ੍ਰਹਮਜਗਦੀਸ਼ ਸਿੰਘ

ਲੱਗਦਾ ਹੈ, ਕੋਵਿਡ ਮਹਾਮਾਰੀ ਬਹੁਤ ਸਾਰੇ ਸਮਾਜਿਕ, ਰਾਜਨੀਤਕ ਮਸਲਿਆਂ ਦਾ ਨਿਤਾਰਾ ਕਰ ਕੇ ਹੀ ਸਾਡੇ ਦੇਸ਼ 'ਚੋਂ ਰੁਖ਼ਸਤ ਹੋਵੇਗੀ। ਮਸਲਨ, ਅਸੀਂ ਵਾਤਾਵਰਨ ਨਾਲ ਕਿਵੇਂ ਪੇਸ਼ ਆਉਣਾ ਹੈ, ਆਪਣੇ ਦਰਿਆਵਾਂ ਨੂੰ ਪ੍ਰਦੂਸ਼ਣ ਤੋਂ ਕਿਵੇਂ ਬਚਾਉਣਾ ਹੈ, ਬਾਹਰਲੇ ਪ੍ਰਦੇਸ਼ਾਂ ਤੋਂ ਰੁਜ਼ਗਾਰ ਦੀ ਖ਼ਾਤਰ ਆਏ ਪਰਵਾਸੀ ਕਾਮਿਆਂ ਨਾਲ ਕਿਵੇਂ ਨਜਿੱਠਣਾ ਹੈ ਅਤੇ ਕਿਸਾਨਾਂ ਦੀ ਆਰਥਿਕ ਸਥਿਤੀ ਨੂੰ ਕਿਵੇਂ ਸੁਧਾਰਨਾ ਹੈ? ਸੁਧਾਰਨਾ ਵੀ ਹੈ ਕਿ ਉਨ੍ਹਾਂ ਨੂੰ ਮਰ-ਮਿਟ ਜਾਣ ਦੀ ਖੁੱਲ੍ਹ ਦੇ ਕੇ ਕੁਝ ਹੋਰ ਮੁੱਦਿਆਂ ਨੂੰ ਅੱਗੇ ਕਰ ਲੈਣਾ ਹੈ।

ਕਿਸਾਨੀ ਅਤੇ ਪੂੰਜੀਵਾਦੀ-ਵਿਵਸਥਾ ਵਿਚਾਲੇ ਫ਼ੈਸਲਾਕੁਨ ਜੰਗ ਦਾ ਬਿਗਲ ਵੱਜ ਚੁੱਕਾ ਹੈ। ਕਿਸਾਨ ਤਾਂ ਲੰਗਰ-ਲੰਗੋਟੇ ਕੱਸ ਕੇ ਅਖਾੜੇ ਵਿਚ ਉੱਤਰ ਆਏ ਹਨ ਪਰ ਪੂੰਜੀਵਾਦੀ ਵਿਵਸਥਾ ਨੇ ਸਰਕਾਰਾਂ ਤੇ ਸਿਆਸੀ ਪਾਰਟੀਆਂ ਦੀਆਂ ਕਈ ਟੀਮਾਂ ਬਣਾ ਕੇ ਉਨ੍ਹਾਂ ਨੂੰ ਅੱਗੇ ਕਰ ਦਿੱਤਾ ਹੈ ਅਤੇ ਖ਼ੁਦ ਖਾਮੋਸ਼ੀ ਧਾਰਨ ਕਰ ਲਈ ਹੈ। ਪੰਜਾਬ ਦੇ ਕਿਸਾਨਾਂ ਨੇ ਹੁਣ ਦਿੱਲੀ ਵੱਲ ਵਹੀਰਾਂ ਘੱਤ ਲਈਆਂ ਹਨ। ਉਨ੍ਹਾਂ ਨੇ ਸ਼ੰਭੂ ਬੈਰੀਅਰ ਅਤੇ ਹਰਿਆਣਾ ਨਾਲ ਲੱਗਦੀਆਂ ਹੋਰ ਹੱਦਾਂ 'ਤੇ ਲਗਾਈਆਂ ਰੋਕਾਂ ਨੂੰ ਮਿੱਧ ਕੇ ਦਿੱਲੀ ਪੁੱਜਣ ਦੀ ਕੋਸ਼ਿਸ਼ ਕੀਤੀ ਹੈ। ਕਈ ਥਾਵਾਂ 'ਤੇ ਜਲ ਤੋਪਾਂ ਦੀਆਂ ਬੁਛਾੜਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ ਹੈ। ਪਿਛਲੇ ਕਈ ਦਹਾਕਿਆਂ ਤੋਂ ਕਿਸਾਨੀ ਇਕ ਘਾਟੇ ਵਾਲਾ ਸੌਦਾ ਬਣਿਆ ਹੋਇਆ ਹੈ। ਅੰਗਰੇਜ਼ ਬਸਤੀਵਾਦੀ ਹਕੂਮਤ ਨੇ ਕਿਸਾਨਾਂ ਦਾ ਏਨਾ ਸ਼ੋਸ਼ਣ ਕੀਤਾ ਸੀ ਕਿ ਵੀਹਵੀਂ ਸਦੀ ਦੇ ਆਰੰਭ ਵਿਚ ਹੀ ਅਨੇਕ ਕਿਸਾਨ ਆਪਣੀਆਂ ਜ਼ਮੀਨਾਂ ਨੂੰ ਤਿਆਗ ਕੇ ਚੀਨ, ਮਲਾਇਆ ਅਤੇ ਸਿੰਗਾਪੁਰ ਵਰਗੇ ਮੁਲਕਾਂ ਵਿਚ ਮਜ਼ਦੂਰੀ ਕਰਨ ਲਈ ਪਰਵਾਸ ਕਰ ਗਏ ਸਨ। ਫਿਰ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੇ ਰਾਹ ਖੁੱਲ੍ਹ ਗਏ ਅਤੇ ਪੰਜਾਬੀ ਕਿਸਾਨ ਇਨ੍ਹਾਂ ਦੇਸ਼ਾਂ ਵਿਚ ਵੀ ਪਰਵਾਸ ਕਰ ਗਏ। ਇੱਧਰ ਰਹਿਣ ਵਾਲੇ ਬਹੁਤੇ ਕਿਸਾਨ ਸੋਚਦੇ ਸਨ ਕਿ ਸ਼ਾਇਦ ਆਜ਼ਾਦੀ ਤੋਂ ਬਾਅਦ ਉਨ੍ਹਾਂ ਦੇ ਦਿਨ ਫਿਰ ਜਾਣਗੇ ਪਰ ਇਉਂ ਨਾ ਹੋਇਆ। ਸਿੱਟੇ ਵਜੋਂ 1960-70 ਦੇ ਆਸ-ਪਾਸ ਪੰਜਾਬੀ ਕਿਸਾਨਾਂ ਵਿਚ ਪਰਵਾਸ ਦੀ ਏਨੀ ਖਿੱਚ ਵਧੀ ਕਿ ਪਰਵਾਸ ਦਾ ਇਕ ਬਾਕਾਇਦਾ ਸਿਲਸਿਲਾ ਹੀ ਸ਼ੁਰੂ ਹੋ ਗਿਆ। ਪੂੰਜੀਵਾਦੀ ਮੁਲਕਾਂ ਨੇ ਵਿਕਾਸਸ਼ੀਲ ਦੇਸ਼ਾਂ ਦੀ ਆਰਥਿਕਤਾ 'ਤੇ ਇਸ ਤਰ੍ਹਾਂ ਸ਼ਿਕੰਜਾ ਕੱਸ ਲਿਆ ਹੈ ਕਿ ਨਵੇਂ-ਨਵੇਂ ਆਜ਼ਾਦ ਹੋਏ ਇਨ੍ਹਾਂ ਮੁਲਕਾਂ ਵਿਚ ਰੁਜ਼ਗਾਰ ਦੇ ਸੋਮੇ ਹੀ ਖ਼ਤਮ ਕਰ ਦਿੱਤੇ ਗਏ ਹਨ। ਇਨ੍ਹਾਂ ਮੁਲਕਾਂ ਨੂੰ ਵਰਲਡ ਬੈਂਕ ਅਤੇ ਹੋਰ ਅਦਾਰਿਆਂ ਤੋਂ ਏਨਾ ਕਰਜ਼ਾ ਚੁਕਵਾ ਦਿੱਤਾ ਜਾਂਦਾ ਹੈ ਕਿ ਉਹ ਆਪਣੇ ਬਜਟ ਨਾਲ ਸਿਰਫ਼ ਕਰਜ਼ੇ ਦੀਆਂ ਕਿਸ਼ਤਾਂ ਹੀ ਅਦਾ ਕਰ ਪਾਉਂਦੇ ਹਨ। ਸੂਬਾਈ ਸਰਕਾਰਾਂ ਕੇਂਦਰ ਤੋਂ ਕਰਜ਼ਾ ਲਈ ਜਾਂਦੀਆਂ ਹਨ। ਇਉਂ ਸਮੁੱਚਾ ਦੇਸ਼ ਹੱਥਲ ਹੋ ਕੇ ਰਹਿ ਜਾਂਦਾ ਹੈ। ਸਰਕਾਰ ਪਾਸ ਨੌਕਰੀਆਂ ਲਈ ਬਜਟ ਨਹੀਂ ਰਹਿ ਜਾਂਦਾ। ਅਰਥ-ਵਿਵਸਥਾ ਜਾਮ ਹੋ ਕੇ ਰਹਿ ਜਾਂਦੀ ਹੈ। ਕਿਸਾਨੀ ਵਰਗ ਅਜੇ ਤਕ ਆਧੁਨਿਕ ਕਦਰਾਂ-ਕੀਮਤਾਂ ਨਾਲ ਇਕਸੁਰ ਨਹੀਂ ਹੋ ਸਕਿਆ ਹੈ। ਇਹ ਨਵੀਨ ਤਾਂ ਹੋ ਗਿਆ ਹੈ, ਨਵੀਆਂ-ਨਵੀਆਂ ਚੀਜ਼ਾਂ ਦਾ ਉਪਯੋਗ/ ਉਪ-ਭੋਗ ਕਰਨ ਲੱਗ ਪਿਆ ਹੈ। ਕੋਠੀਆਂ ਵਰਗੇ ਘਰ ਉਸਾਰ ਲਏ ਹਨ, ਮੋਟਰ ਸਾਈਕਲ ਤੇ ਕਾਰਾਂ-ਜੀਪਾਂ ਆ ਗਈਆਂ ਹਨ। ਬੱਚੇ-ਬੱਚੀਆਂ ਦੇ ਹੱਥਾਂ ਵਿਚ ਮਹਿੰਗੇ ਮੋਬਾਈਲ ਫੋਨ ਹਨ, ਬਰਾਂਡਿਡ ਵਸਤਰਾਂ ਬਾਰੇ ਵੀ ਇਲਮ ਹੋ ਗਿਆ ਹੈ ਪਰ ਪੁਰਾਣੇ ਦਿਮਾਗੀ



ਹਠ, ਜ਼ਿੱਦਾਂ ਅਤੇ ਹੈਂਕੜ ਅਜੇ ਤਕ ਉਵੇਂ ਹੀ ਬਰਕਰਾਰ ਹਨ। ਬਲਕਿ ਫਿਊਡਲ ਸੋਚਾਂ ਹੋਰ ਵੀ ਵੱਧ ਗਈਆਂ ਹਨ। ਆਪ ਕੋਈ ਕੰਮ ਨਹੀਂ ਕਰਨਾ। ਸਾਰਾ ਕੰਮ ਮਜ਼ਦੂਰਾਂ ਤੋਂ ਡਾਂਟ-ਡਪਟ ਕੇ ਕਰਵਾਈ ਜਾਣਾ ਹੈ। ਆਤਮ-ਚਿੰਤਨ ਨਹੀਂ ਕਰਨਾ। ਰਹਿੰਦੀ-ਸਹਿੰਦੀ ਕਸਰ ਅਖੌਤੀ ਬਾਬਿਆਂ ਨੇ ਪੂਰੀ ਕਰ ਦਿੱਤੀ ਹੈ। 'ਸਿਆਣੇ' ਅਤੇ 'ਜੋਤਸ਼ੀ' ਵੀ ਇਸ ਸਥਿਤੀ ਦਾ ਫ਼ਾਇਦਾ ਚੁੱਕਣ ਲਈ ਅੱਗੇ ਆ ਗਏ ਹਨ। ਸੋ, ਹੁਣ ਸਾਰਾ ਕੰਮ ਰੱਬ ਅਤੇ ਹੋਣੀ 'ਤੇ ਸੁੱਟ ਕੇ ਕਿਸਾਨ ਵਿਹਲੇ ਹੋ ਗਏ ਹਨ। ਵਿਹਲੇ ਰਿਹਾਂ 'ਥਰਿੱਲ' ਜਾਂ 'ਕਿੱਕ' ਨਹੀਂ ਮਿਲਦੀ। ਇਹ ਤਾਂ ਕੰਮ ਜਾਂ ਮਿਹਨਤ 'ਚੋਂ ਹੀ ਮਿਲਣੀ ਸੀ। 'ਥਰਿੱਲ' ਦੀ ਪ੍ਰਾਪਤੀ ਲਈ 'ਅਲਕੋਹਲ', 'ਚਿੱਟੇ' ਅਤੇ 'ਹਥਿਆਰਾਂ' ਦੀ ਵਰਤੋਂ ਕੀਤੀ ਜਾਂਦੀ ਹੈ। ਕਿਸਾਨੀ ਨੂੰ ਨਾਂਹ-ਪੱਖੀ ਸੋਚਾਂ ਨੇ ਗ੍ਰੰਥਲ ਪਾ ਲਈ ਹੈ। ਇਸ ਅਜਗਰ ਤੋਂ ਕਿਵੇਂ ਖਹਿੜਾ ਛੁੱਟੇ? ਮਰਨ ਨਾਲ ਵੀ ਮਸਲੇ ਖ਼ਤਮ ਨਹੀਂ ਹੁੰਦੇ, ਬਲਕਿ ਵਧੇਰੇ ਭਿਆਨਕ ਹੋ ਜਾਂਦੇ ਹਨ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਮਗਰੋਂ ਕਰਤਾਰਪੁਰ ਸਾਹਿਬ ਵਿਚ ਪਰਤ ਕੇ ਹਲ ਦੀ ਹੱਥੀ ਫੜ ਕੇ ਖ਼ੁਦ ਰਾਹਲਾਂ 'ਤੇ ਸਿਆੜ ਪਾ ਕੇ ਹੱਥੀ ਕਾਰ ਦਾ ਮਹਾਤਮ ਉਜਾਗਰ ਕੀਤਾ ਸੀ।

ਦਸਾਂ ਨਹੁੰਆਂ ਦੀ ਨੇਕ ਕਿਰਤ-ਕਮਾਈ ਦੇ ਫ਼ਲਸਫ਼ੇ ਨੇ ਜਗਤ ਨੂੰ ਨਵੀਂ ਰੋਸ਼ਨੀ ਦਿਖਾਈ ਸੀ। ਉਨ੍ਹਾਂ ਦੇ 550ਵੇਂ ਪ੍ਰਕਾਸ਼ ਪੁਰਬ ਦੇ ਵਰ੍ਹੇ 'ਹੱਥੀ ਕਾਰ' ਦਾ ਪ੍ਰਚਾਰ ਘਰ-ਘਰ ਪੁੱਜਣਾ ਚਾਹੀਦਾ ਸੀ ਤਾਂ ਜੋ ਨਵੀਂ ਪੀੜ੍ਹੀ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਜਾ ਸਕਦੀ। ਵੈਸੇ ਤਾਂ ਪੂਰੇ ਭਾਰਤੀ ਲੋਕ ਹੀ ਯਥਾ-ਸਥਿਤੀਵਾਦ ਦਾ ਸ਼ਿਕਾਰ ਹਨ ਪਰ ਕਿਸਾਨੀ ਉੱਪਰ ਇਸ ਮਾਨਸਿਕਤਾ ਦਾ ਕੁਝ ਵਧੇਰੇ ਹੀ ਅਸਰ ਹੈ। ਇਹ ਚਾਹੁੰਦੇ ਹਨ ਕਿ ਜਿੱਥੇ ਅਤੇ ਜਿਵੇਂ ਬੈਠੇ ਹਨ ਜਾਂ ਜਿਵੇਂ ਚੱਲ ਰਿਹਾ ਹੈ, ਉਵੇਂ ਚੱਲੀ ਜਾਵੇ ਪਰ ਉਵੇਂ ਨਾ ਕਦੀ ਚੱਲਿਆ ਹੈ, ਨਾ ਚੱਲਣਾ ਹੈ। ਪਰਿਵਰਤਨ ਸ੍ਰਿਸ਼ਟੀ/ਪ੍ਰਕਿਰਤੀ ਦਾ ਨੇਮ ਹੈ ਪਰ ਪਰਿਵਰਤਨ ਨਾਲ ਨਜਿੱਠਣਾ ਇਨ੍ਹਾਂ ਨੇ ਸਿੱਖਿਆ ਨਹੀਂ, ਨਾ ਕਿਸੇ ਨੇ ਸਿਖਾਇਆ ਹੈ। ਵਿਵਸਥਾ ਵੀ ਇਹੀ ਚਾਹੁੰਦੀ ਹੈ ਕਿ ਯਥਾ-ਸਥਿਤੀਵਾਦ ਬਣਿਆ ਰਹੇ। ਇਸ ਸੂਰਤ ਵਿਚ ਕਿਸਾਨ ਅਤੇ ਰਾਜਨੀਤਕ ਵਿਵਸਥਾ ਦੋਵੇਂ ਇੱਕੋ ਤਰ੍ਹਾਂ ਸੋਚਦੀਆਂ ਹਨ। ਸਿੱਟੇ ਵਜੋਂ ਦੋਵੇਂ ਬਰਬਾਦ ਹੋ ਰਹੀਆਂ ਹਨ। ਜੇ ਕਿਸਾਨੀ ਭੁੱਖਮਰੀ ਦੇ ਕੰਢੇ ਪੁੱਜ ਗਈ ਹੈ ਤਾਂ ਆਰਥਿਕ ਵਿਕਾਸ ਦੀ ਦਰ ਵੀ 23% ਤਕ ਗਰਕ ਗਈ ਹੈ। ਖੇਤੀਬਾੜੀ ਸੰਕਟ ਤੋਂ ਮੁਕਤੀ ਹਾਸਲ ਕਰਨ ਲਈ ਪੰਜਾਬ ਵਿਚ ਅਰਥ ਸ਼ਾਸਤਰੀਆਂ ਦੀ ਘਾਟ ਨਹੀਂ। ਇੱਥੇ ਵੈਸ਼ਵਿਕ ਪੱਧਰ 'ਤੇ ਖੇਤੀਬਾੜੀ ਵਿਗਿਆਨੀ ਅਤੇ ਅਰਥ ਸ਼ਾਸਤਰੀ ਰਹੇ ਹਨ। ਅਜੇ ਵੀ ਡਾਕਟਰ ਸਰਦਾਰਾ ਸਿੰਘ ਜੌਹਲ, ਡਾਕਟਰ ਸੁੱਚਾ ਸਿੰਘ ਅਤੇ ਹੋਰ ਬਹੁਤ ਸਾਰੇ ਅਰਥ ਸ਼ਾਸਤਰੀ ਮੌਜੂਦ ਹਨ ਪਰ ਕਿਸਾਨ ਇਨ੍ਹਾਂ ਦੀ ਗੱਲ ਨਾ ਸੁਣਦੇ ਹਨ, ਨਾ ਮੰਨਦੇ ਹਨ।

ਇਹ ਲੋਕ ਪਰਿਵਰਤਨ ਦੇ ਸੁਝਾਅ ਦਿੰਦੇ ਹਨ ਪਰ ਪਰਿਵਰਤਨ ਨਾ ਤਾਂ ਵਿਵਸਥਾ ਨੂੰ ਚਾਹੀਦਾ ਹੈ, ਨਾ ਕਿਸਾਨਾਂ ਨੂੰ। ਕਿਸਾਨੀ ਵਿਚ ਖੇਤੀਬਾੜੀ ਬਿੱਲਾਂ ਨੂੰ ਲੈ ਕੇ ਜਾਗ੍ਰਿਤ ਹੋਇਆ ਰੋਸ ਅਤੇ ਆਕ੍ਰੋਸ਼ ਕਿਸੇ ਪਰਿਵਰਤਨ ਦੀ ਆਵਾਜ਼ ਨਹੀਂ ਉਠਾਉਂਦਾ ਬਲਕਿ ਯਥਾ-ਸਥਿਤੀ ਬਣਾਈ ਰੱਖਣ ਲਈ ਆਵਾਜ਼ ਬੁਲੰਦ ਕਰਦਾ ਹੈ। ਇਹ ਇਕ ਵਿਡੰਬਨਾ ਹੈ ਕਿ ਤੁਹਾਡੇ ਕ੍ਰਾਂਤੀਕਾਰੀ ਸੁਰ ਯਥਾ-ਸਥਿਤੀਵਾਦ ਨੂੰ ਬਣਾਈ ਰੱਖਣ ਲਈ ਉੱਠ ਰਹੇ ਹੋਣ, ਵਿਵਸਥਾ ਨੂੰ ਇਸ ਮੰਗ 'ਤੇ ਕੋਈ ਇਤਰਾਜ਼ ਨਹੀਂ ਹੈ। ਉਹ ਇਹ ਮੰਨ ਵੀ ਲਵੇਗੀ ਪਰ ਬਹੁਤ ਸਮਾਂ ਲਮਕਾਈ/ਲਟਕਾਈ ਜਾਵੇਗੀ। ਓਨੀ ਦੇਰ ਤਕ ਕਿਸਾਨੀ ਸੰਕਟ ਹੋਰ ਡੂੰਘਾ ਹੁੰਦਾ ਜਾਵੇਗਾ ਅਤੇ ਆਖ਼ਰ ਦੋ-ਤਿੰਨ ਕਿੱਲਿਆਂ ਦੀ ਮਾਲਕੀ ਵਾਲੀ ਰਵਾਇਤੀ ਕਿਸਾਨੀ ਦਾ ਭੋਗ ਪੈ ਜਾਵੇਗਾ। ਕਿਸਾਨ ਯੂਨੀਅਨਾਂ ਨੂੰ ਭਵਿੱਖ-ਦਰਸ਼ੀ ਹੋਣ ਦੀ ਜ਼ਰੂਰਤ ਹੈ। ਅਸੀਂ ਸਭ ਨੇ ਵਾਤਾਵਰਨ ਨੂੰ ਬਰਬਾਦ ਕਰਨ 'ਚ ਕੋਈ ਕਸਰ ਨਹੀਂ ਛੱਡੀ। ਪੰਜ ਦਰਿਆਵਾਂ ਵਾਲੇ ਸੂਬੇ ਵਿਚ ਪਾਣੀ ਦੀ ਕਮੀ ਹੈ। ਧਰਤ ਹੇਠਲੇ ਪਾਣੀ ਦਾ ਪੱਧਰ ਨਿਰੰਤਰ ਡਿੱਗਦਾ ਜਾ ਰਿਹਾ। ਧਰਤੀ ਦੇ ਉਪਜਾਊਪਣ ਨੂੰ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਨੇ ਖ਼ਤਮ ਕਰ ਦਿੱਤਾ ਹੈ। ਦੋ-ਤਿੰਨ ਦਹਾਕੇ ਪਹਿਲਾਂ ਲਗਪਗ ਹਰ ਘਰ, ਦੁੱਧ-ਘਿਓ-ਲੱਸੀ, ਮੱਖਣ ਦੀਆਂ ਲੋੜਾਂ ਅਤੇ ਸਾਗ-ਸਬਜ਼ੀ ਘਰ 'ਚੋਂ ਹੀ ਪੂਰੀਆਂ ਕਰ ਲੈਂਦਾ ਸੀ। ਹੁਣ ਹਰ ਕੋਈ ਮੁੱਲ ਲੈਂਦਾ ਹੈ। ਪਹਿਲਾਂ ਛੋਟੇ-ਮੋਟੇ ਦੁੱਧ ਵੇਚਣ ਵਾਲੇ ਲੋਕ ਇਸ ਬਿਜ਼ਨਸ ਨੂੰ ਸੰਭਾਲਦੇ ਸਨ। ਹੁਣ ਵੱਡੇ-ਵੱਡੇ ਮਿਲਕ ਪਲਾਂਟ ਤੇ ਨਿੱਜੀ ਅਦਾਰੇ ਖੜ੍ਹੇ ਹੋ ਗਏ ਹਨ। ਇਹ ਸਾਰੇ ਵਪਾਰਕ ਕੇਂਦਰ ਪੂਰੀ ਦੁਨੀਆਂ ਦੇ ਮੁੱਖ ਉਦਯੋਗਾਂ ਤੇ ਕਾਰਪੋਰੇਟਾਂ ਨਾਲ ਇਕ ਅਦ੍ਰਿਸ਼ 'ਤਾਰ' ਰਾਹੀਂ ਜੁੜੇ ਹੋਏ ਹਨ। ਇਨ੍ਹਾਂ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ ਅਤੇ ਨਾ ਸਾਥੋਂ ਹੋਣਾ ਹੈ।

(ਬਾਕੀ ਸਫਾ 21 'ਤੇ)

# ਕਿਰਤ ਤੇ ਕੀਰਤ ਨਾਲ ਜੁੜੀ ਸਿੱਖੀ



ਇਕਬਾਲ ਸਿੰਘ

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੱਥਾਂ ਦੀਆਂ ਲਕੀਰਾਂ ਦੇ ਆਸਰੇ ਜਿਊਣ ਵਾਲੇ ਸਮਾਜ ਨੂੰ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਦਾ ਜੋ ਸਦਾਬਹਾਰ 'ਦੋ ਹਰਫੀ' ਸਿਧਾਂਤ ਦਿੱਤਾ ਉਸ ਦੀ ਅੱਜ ਕੋਰੋਨਾ ਮਹਾਮਾਰੀ ਦੌਰਾਨ ਵਿਸ਼ਵ ਪੱਧਰ 'ਤੇ ਚਰਚਾ ਹੋ ਰਹੀ ਹੈ। ਪਹਿਲੇ ਪਾਤਸ਼ਾਹ ਨੇ ਮਹਿਜ਼ ਪੂਜਾ-ਪਾਠ ਨੂੰ ਕਿਸੇ ਖ਼ਾਹਿਸ਼ ਦੀ ਪ੍ਰਾਪਤੀ ਦਾ ਸਾਧਨ ਮੰਨੀ ਬੈਠੇ ਲੋਕਾਂ ਨੂੰ ਦੱਸਿਆ ਕਿ ਹੱਥ ਦੀਆਂ ਲਕੀਰਾਂ ਆਸਰੇ ਜਿਊਣ ਵਾਲੇ ਲੋਕੋ, ਜਿੱਥੇ ਇਹ ਲਕੀਰਾਂ ਮੁੱਕਦੀਆਂ ਹਨ, ਉੱਥੋਂ ਉਂਗਲਾਂ ਦੀ ਸ਼ੁਰੂਆਤ ਹੁੰਦੀ ਹੈ ਅਤੇ ਇਹੋ ਮਿਹਨਤ ਦਾ ਮਾਪਦੰਡ ਬਣਾਉਂਦੀਆਂ ਹਨ। ਦਸਾਂ ਨਹੁੰਆਂ ਨਾਲ ਕੀਤੀ ਕਿਰਤ-ਕਮਾਈ ਮਨੁੱਖ ਦੀ ਅਸਲ ਜੀਵਨ ਜਾਚ ਹੈ। ਆਪ ਜੀ ਨੇ ਆਪਣੇ ਨਾਮਲੇਵਾ ਲਈ ਕਿਰਤ ਨੂੰ ਧਰਮ ਨਾਲ ਜੋੜ ਕੇ ਬੇਸ਼ਕੀਮਤੀ ਫਲਸਫਾ ਦਿੱਤਾ ਜਿਸ ਨਾਲ ਦੱਬੇ-ਕੁਚਲੇ ਸਮਾਜ 'ਚੋਂ ਗਰੀਬੀ ਤੇ ਕਿਸਮਤਪ੍ਰਸਤੀ ਖੰਭ ਲਾ ਕੇ ਉੱਡ ਗਈ।

ਇਸ ਨਿੱਕੇ ਜਿਹੇ ਕਾਫ਼ਲੇ ਨੇ ਆਪਣੇ ਏਸੇ 'ਦੋ ਹਰਫੀ' ਸਿਧਾਂਤ ਨਾਲ ਨਾ ਸਿਰਫ਼ ਸੰਸਾਰ ਭਰ ਵਿਚ ਅੱਡਰੀ ਪਛਾਣ ਬਣਾਈ ਸਗੋਂ ਰਾਜ-ਭਾਗ ਦੇ ਮਾਲਕ ਵੀ ਬਣ ਗਏ। ਮੇਰੇ ਮੈਂਬਰ ਪਾਰਲੀਮੈਂਟ ਹੋਣ ਦੌਰਾਨ ਅਕਸਰ ਮੇਰੇ ਕਈ ਐਮਪੀ ਦੋਸਤ ਸਮਾਜਿਕ ਬਰਾਬਰੀ ਵਗੈਰਾ 'ਤੇ ਚਰਚਾ ਕਰਦੇ ਹੋਏ ਕਾਰਲ ਮਾਰਕਸ ਦਾ ਜ਼ਿਕਰ ਕਰਦੇ ਹੁੰਦੇ ਸਨ। ਮੈਂ ਉਨ੍ਹਾਂ ਨੂੰ ਜਦੋਂ ਦੱਸਿਆ ਕਿ ਕਾਰਲ ਮਾਰਕਸ ਨੇ 19ਵੀਂ ਸਦੀ ਵਿਚ ਜੋ ਕਿਹਾ ਹੈ, ਉਸ ਤੋਂ ਕਿਤੇ ਡੂੰਘਾਈ ਵਿਚ ਗੁਰੂ ਨਾਨਕ ਸਾਹਿਬ ਨੇ ਪੰਜ ਸਦੀਆਂ ਪਹਿਲਾਂ ਸੰਵਾਦ ਰਚਾ ਕੇ ਸਮਾਜਿਕ ਬਰਾਬਰੀ ਲਈ ਸੰਘਰਸ਼ ਵਿੱਢ ਦਿੱਤਾ ਸੀ। ਇਸ ਸਬੰਧੀ ਉਨ੍ਹਾਂ ਨੂੰ ਜਦੋਂ ਪੁਸਤਕਾਂ ਦਿੱਤੀਆਂ ਤਾਂ ਉਹ ਹੈਰਾਨ ਰਹਿ ਗਏ। ਸਿੱਖੀ ਦਾ ਬੂਟਾ ਲਗਾਉਣ ਵਾਲੇ ਪਹਿਲੇ ਪਾਤਸ਼ਾਹ ਨੇ ਕਿਰਤ ਨੂੰ ਧਾਰਮਿਕ ਅਕੀਦਿਆਂ ਨਾਲ ਅਜਿਹਾ ਜੋੜਿਆ ਕਿ ਸਮੂਹ ਨਾਨਕ ਨਾਮਲੇਵਾ ਸੰਗਤ ਸਮਾਜ ਵਿਚ ਹੱਥੀਂ ਕਾਰ ਵੀ ਭਗਤੀ ਤੇ ਸ਼ਕਤੀ ਵਾਂਗ ਕਰਨ ਲੱਗ ਪਈ ਜਿਸ ਦਾ ਨਤੀਜਾ ਹੈ ਕਿ ਹਰੇਕ ਗੁਰਦੁਆਰਾ ਸਾਹਿਬ ਵਿਚ ਅਟੁੱਟ ਲੰਗਰ ਦੀ ਮਰਿਆਦਾ ਅੱਜ ਵੀ ਚੱਲ ਰਹੀ ਹੈ। ਕਿਰਤ ਨਾਮੀ ਵਿਸਮਾਦ ਪੂੰਜੀ ਦੀ ਸਿੱਖੀ ਵਿਚ ਇੰਨੀ ਅਹਿਮੀਅਤ ਹੈ ਕਿ ਬਾਬਾ ਨਾਨਕ ਆਪਣੀਆਂ ਉਦਾਸੀਆਂ ਦੌਰਾਨ ਹਮੇਸ਼ਾ ਕਿਰਤੀ ਲੋਕਾਂ ਦੇ ਘਰੇ ਹੀ ਠਹਿਰਾਅ ਕਰਦੇ ਸਨ। ਉਸ ਦੌਰ ਦੇ ਕਿਰਤੀ ਸਿੱਖਾਂ ਵਿਚ ਭਾਈ ਲਾਲੋ ਜੀ, ਭਾਈ ਬਾਢੀ ਜੀ, ਭਾਈ ਮੂਲਾ ਜੀ, ਭਾਈ ਹੱਸੂ ਲੋਹਾਰ ਜੀ, ਭਾਈ ਸੀਹਾ ਛੀਂਬਾ ਜੀ ਤੇ ਹੋਰ ਸ਼ਖ਼ਸੀਅਤਾਂ ਸ਼ਾਮਲ ਹਨ। ਕਿਰਤ ਦਾ ਇਹੋ ਫ਼ਲਸਫ਼ਾ ਬਾਕੀ ਗੁਰੂ ਸਾਹਿਬਾਨ ਨੇ ਵੀ ਅੰਤਿਮ ਸੁਆਸਾਂ ਤਕ ਨਿਭਾਇਆ। ਉਮਰ ਦੇ ਆਖ਼ਰੀ ਦੌਰ ਵਿਚ ਵੀ ਗੁਰੂ ਜੀ ਨੇ ਜਦੋਂ ਕਰਤਾਰਪੁਰ ਸਾਹਿਬ ਵਿਚ ਖੇਤੀ ਲਈ ਜ਼ਮੀਨ ਖ਼ਰੀਦੀ ਤਾਂ ਨਾ ਸਿਰਫ਼ ਹੱਥੀਂ ਖੇਤੀ ਕੀਤੀ ਸਗੋਂ ਖੇਤੀ ਲਈ ਸਾਰੇ ਔਜ਼ਾਰ ਉਨ੍ਹਾਂ ਨੇ ਹੱਥੀਂ ਤਿਆਰ ਕੀਤੇ ਅਤੇ ਕਰਵਾਏ ਸਨ। ਉਨ੍ਹਾਂ ਦੀ ਸਖ਼ਤ ਮਿਹਨਤ ਦੀਆਂ ਧੁੰਮਾਂ ਹਰ ਪਾਸੇ ਸਨ ਜਿਸ ਦੇ ਗਵਾਹ ਨਾਰੋਵਾਲ, ਦੋਦੇ ਆਦਿ



ਇਲਾਕਿਆਂ ਦੇ ਉਹ ਕਿਰਤੀ ਸਨ ਜਿਹੜੇ ਗੁਰੂ ਸਾਹਿਬ ਕੋਲ ਕੰਮ ਕਰਿਆ ਕਰਦੇ ਸਨ। ਭਾਈ ਲਹਿਣਾ ਜੀ ਜਦੋਂ ਖਡੂਰ ਸਾਹਿਬ ਤੋਂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਏ ਤਾਂ ਆਪ ਜੀ ਝੋਨੇ 'ਚੋਂ ਨਦੀਨ ਕੱਢ ਰਹੇ ਸਨ।

ਆਪਸੀ ਵਿਚਾਰ-ਚਰਚਾ ਦੌਰਾਨ ਵੀ ਉਨ੍ਹਾਂ ਨੇ ਕੰਮ ਕਰਨਾ ਜਾਰੀ ਰੱਖਿਆ। ਅਖ਼ੀਰ ਜਦੋਂ ਘਾਹ ਦੀ ਲਿੱਬੜੀ ਪੰਡ ਉਨ੍ਹਾਂ ਨੇ ਭਾਈ ਲਹਿਣਾ ਨੂੰ ਚੁੱਕ ਕੇ ਡੇਰੇ 'ਚ ਲਿਜਾਣ ਲਈ ਕਿਹਾ ਤਾਂ ਇਹ ਦੂਜੀ ਪਾਤਸ਼ਾਹੀ ਲਈ 'ਕਿਰਤ ਕਰੋ, ਨਾਮ ਜਪੋ ਤੇ ਵੰਡ ਕੇ ਛਕੋ' ਦੇ ਸਿਧਾਂਤ ਦਾ ਪਹਿਲਾ ਪਰਚਾ ਸੀ ਜਿਸ 'ਚੋਂ ਉਹ ਪਾਸ ਹੋ ਗਏ। ਸਿੱਖ ਇਤਿਹਾਸ ਦਾ ਇਹ ਵੀ ਬੜਾ ਕਮਾਲ ਦਾ ਪਹਿਲੂ ਹੈ ਕਿ ਜਿਸ ਗੁਰੂ ਸਾਹਿਬ ਨੂੰ ਵੀ ਗੁਰੂਗੱਦੀ ਦੀ ਬਖ਼ਸ਼ਿਸ਼ ਹੁੰਦੀ ਰਹੀ, ਉਸ ਸ਼ਖ਼ਸੀਅਤ ਨੇ ਹੀ ਆਪਣਾ ਨਵਾਂ ਸਥਾਨ ਤੇ ਸ਼ਹਿਰ ਬੜੀ ਸਖ਼ਤ ਮਿਹਨਤ ਨਾਲ ਉਸਾਰਿਆ। ਇਸੇ ਕਿਰਤੀ ਵਿਰਾਸਤ ਨੇ ਅੱਜ ਸਿੱਖਾਂ ਨੂੰ ਮਾਇਕ ਤੌਰ 'ਤੇ ਹੀ ਨਹੀਂ ਸਗੋਂ ਦਿਲੋਂ ਵੀ ਅਮੀਰ ਬਣਾ ਦਿੱਤਾ ਹੈ। ਗੱਲ ਉਸ ਦੌਰ ਦੀ ਯਾਦ ਆ ਰਹੀ ਹੈ ਜਦੋਂ ਮੈਂ ਬਿਹਾਰ ਸੂਬੇ ਦਾ ਪਾਰਟੀ ਵੱਲੋਂ ਇੰਚਾਰਜ ਸੀ ਤਾਂ ਕਿਸੇ ਕੰਮ ਉਦੋਂ ਬਿਹਾਰ ਦੇ ਪਿੰਡਾਂ ਵਿਚ ਜਾਣਾ ਪੈ ਗਿਆ। ਇਹ ਗੁਰਪੁਰਬ ਦੇ ਦਿਨਾਂ ਦੀ ਗੱਲ ਹੋਵੇਗੀ ਕਿ ਇਕ ਸੜਕ 'ਤੇ ਕਿਰਤੀ ਸਿੱਖ ਨੇ ਲੰਗਰ ਲਗਾਇਆ ਹੋਇਆ ਸੀ। ਮੈਂ ਲੰਗਰ ਛਕਦਿਆਂ ਉਸ ਦੀ ਹਾਲਤ ਤੇ ਸ਼ਰਧਾ ਦੇਖ ਕੇ ਪੁੱਛ ਹੀ ਲਿਆ ਕਿ ਮਾਇਆ ਦੇ ਸਹਿਯੋਗ ਲਈ ਕਿਸੇ ਤਰ੍ਹਾਂ ਦੀ ਦਿੱਕਤ ਤਾਂ ਨਹੀਂ ਆਈ?

ਉਸ ਨੇ ਬੜੇ ਫੱਕਰ ਸੁਭਾਅ ਨਾਲ ਕਿਹਾ, ''ਸਾਡੇ ਬਾਪੂ ਨੇ ਸਦੀਆਂ ਪਹਿਲਾਂ 20 ਰੁਪਏ ਦੀ ਐਫਡੀ ਕਰਵਾਈ ਸੀ, ਏਹ ਉਸੇ ਦੇ ਵਿਆਜ ਦਾ ਲੰਗਰ ਹੈ, ਮੈਂ ਪੱਲਿਓਂ ਕੁਝ ਨਹੀਂ ਪਾਇਆ।'' ਉਸ ਨੇਕ ਕਮਾਈ ਵਾਲੇ ਕਿਰਤੀ ਸਿੱਖ ਦੀ ਅੱਜ ਵੀ ਤਸਵੀਰ ਅੱਖਾਂ ਮੂਹਰੇ ਆ ਜਾਂਦੀ ਹੈ। ਉਸ ਦੇ ਲੰਗਰ ਪਿੱਛੇ ਲੱਗਾ ਬੈਨਰ ਜਿਸ ਉਪਰ ਹਿੰਦੀ ਵਿਚ 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਲਿਖਿਆ ਹੋਇਆ ਸੀ, ਮੇਰੀਆਂ ਯਾਦਾਂ ਵਿਚ ਤਾਜ਼ਾ ਰਹਿੰਦਾ ਹੈ। ਸਿੱਖ ਭਾਈਚਾਰਾ ਅੱਜ ਦੂਰ-ਦੁਰਾਡੇ ਅਤੇ ਤਕਰੀਬਨ ਹਰ ਦੇਸ਼ ਵਿਚ ਵਸ ਚੁੱਕਾ ਹੈ ਅਤੇ ਉੱਥੇ ਵੀ ਆਪੋ-ਆਪਣੇ ਖਿੱਤੇ ਦੀਆਂ ਮੁਸ਼ਕਲਾਂ ਨੂੰ ਆਪਣੀ ਕਿਰਤ ਦੇ ਬਲਬੂਤੇ ਨਿਪਟਾ ਰਿਹਾ ਹੈ। ਭਾਵੇਂ ਕਿਤੇ ਸੁਨਾਮੀ, ਭੂਚਾਲ ਜਾਂ ਕੋਈ ਹੋਰ ਕੁਦਰਤੀ ਆਫ਼ਤ ਆਈ ਹੋਵੇ, ਸਿੱਖ ਜਦੋਂ ਮੂਹਰੇ ਹੋ ਕੇ ਸੇਵਾ ਵਿਚ ਰੁੱਝਦੇ ਹਨ ਤਾਂ ਆਪ-ਮੁਹਾਰੇ ਵਿਸ਼ਵ ਚਰਚਾ ਦਾ ਹਿੱਸਾ ਬਣ ਜਾਂਦੇ ਹਨ।

ਇਹ ਸਾਰੀ ਗੁਰੂ ਨਾਨਕ ਦੇਵ ਜੀ ਦੀ ਆਪਣੇ ਸਿੱਖਾਂ ਨੂੰ ਦਿੱਤੀ ਗਈ ਗੁੜ੍ਹਤੀ ਹੈ। ਕੋਰੋਨਾ ਦੀ ਵਿਸ਼ਵ ਮਹਾਮਾਰੀ ਦੌਰਾਨ ਵੀ ਹਰ ਦੇਸ਼ ਵਿਚ ਸਿੱਖਾਂ ਦੀ ਅਜਿਹੀ ਹੀ ਬੇਮਿਸਾਲ ਸੇਵਾ ਚੱਲ ਰਹੀ ਹੈ ਜਿਸ ਦੀ ਸ਼ਲਾਘਾ ਵਿਸ਼ੇਸ਼ ਤੌਰ 'ਤੇ ਅਮਰੀਕਾ, ਇੰਗਲੈਂਡ, ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਆਦਿ ਦੇਸ਼ਾਂ ਵਿਚ ਹੋਈ ਅਤੇ ਸਿੱਖ ਭਾਈਚਾਰੇ ਵੱਲੋਂ ਕੀਤੀ ਸੇਵਾ ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਉੱਥੋਂ ਦੀਆਂ ਸਰਕਾਰਾਂ ਨੇ ਸਿੱਖ ਸੰਸਥਾਵਾਂ ਨੂੰ ਸਨਮਾਨਤ ਵੀ ਕੀਤਾ। ਉਨ੍ਹਾਂ ਨੇ ਇਸ ਗੱਲ ਦਾ ਵਿਸ਼ੇਸ਼ ਜ਼ਿਕਰ ਕੀਤਾ ਕਿ ਸਿੱਖ ਆਪਣੀ ਕਿਰਤ ਦੇ ਜ਼ੋਰ 'ਤੇ ਜਿਊਂਦਾ ਹੈ ਅਤੇ ਮੰਗ ਕੇ ਖਾਣ ਨੂੰ ਸਭ ਤੋਂ ਭੈੜਾ ਮੰਨਿਆ ਜਾਂਦਾ ਹੈ।

ਇਸ ਦੌਰ ਵਿਚ 'ਖ਼ਾਲਸਾ ਏਡ' ਦੇ ਰਵੀ ਸਿੰਘ ਸਮੇਤ ਸਿੱਖ ਏਡ, ਦਸਵੰਧ ਸਭਾਵਾਂ ਤੇ ਕਿਰਤੀ ਸੰਸਥਾਵਾਂ ਦਾ ਜ਼ਿਕਰ ਕਰਨਾ ਵਿਸ਼ੇਸ਼ ਤੌਰ 'ਤੇ ਮਾਣ ਵਾਲੀ ਗੱਲ ਹੈ। ਜਿਵੇਂ ਸ. ਰਵੀ ਸਿੰਘ ਰੋਹੰਗੀਆ ਮੁਸਲਮਾਨ ਭਾਈਚਾਰੇ ਦੀ ਬੰਗਲਾਦੇਸ਼ ਵਿਚ ਅਤੇ ਇਸੇ ਤਰ੍ਹਾਂ ਅਫ਼ਰੀਕੀ ਤੇ ਹੋਰਨਾਂ ਦੇਸ਼ਾਂ ਵਿਚ ਸ਼ਰਨਾਰਥੀਆਂ ਤੇ ਪੀੜਤਾਂ ਦੀ ਸੇਵਾ ਕਰ ਰਹੇ ਹਨ, ਉਸ ਨੇ ਸੰਸਾਰ ਭਰ ਦਾ ਧਿਆਨ ਸਿੱਖ ਪੰਥ ਵੱਲ ਖਿੱਚਿਆ ਹੈ। ਪਰਮਾਤਮਾ ਏਸ ਕਿਰਤੀ ਫੁਲਵਾੜੀ ਨੂੰ ਇਸੇ ਤਰ੍ਹਾਂ ਫ਼ਲਦਾਰ ਬਣਾਈ ਰੱਖੇ।

'ਹਿੰਮਤ ਏ ਮਰਦਾਂ, ਮਦਦ ਏ ਖ਼ੁਦਾ।'

# ਭਾਰਤੀਆਂ ਦੀ ਇੰਗਲੈਂਡ 'ਚ ਝੰਡੀ

ਜਗਮੋਹਨ






ਜਿਵੇਂ ਅਸੀਂ ਸਾਰੇ ਜਾਣਦੇ ਹਾਂ ਕਿ 1947 ਤੋਂ ਪਹਿਲਾਂ ਭਾਰਤ, ਪਾਕਿਸਤਾਨ ਤੇ ਬੰਗਲਾਦੇਸ਼ ਸਾਰੇ ਇਕ ਅਖੰਡ ਦੇਸ਼ ਸੀ ਅਤੇ ਬ੍ਰਿਟਿਸ਼ ਸਰਕਾਰ ਦੇ ਅਧੀਨ ਸਨ। ਸਾਰੀਆਂ ਰੇਲਵੇ ਲਾਈਨਾਂ, ਸਟੇਸ਼ਨ, ਵੱਡੇ-ਵੱਡੇ ਪੁਲ ਅੰਗਰੇਜ਼ੀ ਸਰਕਾਰ ਨੇ ਬਣਾਏ ਸਨ। ਅਸੀਂ ਸਾਰੇ ਬੜੇ ਮਾਣ ਨਾਲ ਆਖਦੇ ਹਾਂ ਕਿ ਇਹ ਅੰਗਰੇਜ਼ਾਂ ਦੀ ਦੇਣ ਹੈ। ਇੱਥੋਂ ਤਕ ਕਿ ਆਜ਼ਾਦ ਭਾਰਤੀ ਕਾਨੂੰਨ ਦਾ ਕਾਫ਼ੀ ਹਿੱਸਾ ਅੰਗਰੇਜ਼ਾਂ ਦੀ ਹੀ ਦੇਣ ਸੀ। ਉਸ ਵਿਚ ਲੋੜ ਅਨੁਸਾਰ ਬਹੁਤ ਤਬਦੀਲੀ ਕੀਤੀ ਗਈ। ਗੱਲ ਵਿੱਦਿਆ ਦੀ ਕਰੀਏ ਤਾਂ ਅਮਰੀਕਾ ਦੇ ਕਈ ਬੱਚੇ ਆਕਸਫੋਰਡ ਯੂਨੀਵਰਸਿਟੀ ਵਿਚ ਹੁਣ ਤਕ ਪੜ੍ਹਾਈ ਕਰਨ ਆਉਂਦੇ ਹਨ। ਮੇਰੀ ਬੇਟੀ ਜਯਾ ਵੀ ਆਕਸਫੋਰਡ ਵਿਚ ਪੜ੍ਹਾਈ ਕਰਨ ਆਈ ਸੀ ਅਤੇ ਉਸ ਨੂੰ ਬ੍ਰਿਟਿਸ਼ ਸਕਾਲਰਸ਼ਿਪ ਮਿਲੀ।

ਉਸ ਨੇ ਬ੍ਰਿਟਿਸ਼ ਸਰਕਾਰ ਦੇ ਕਾਲਜ ਤੋਂ ਪੋਸਟ ਗ੍ਰੈਜੂਏਟ (ਐਮਐਸਸੀ) ਦੀ ਡਿਗਰੀ ਹਾਸਲ ਕੀਤੀ। ਭਾਰਤ ਦੀਆਂ ਕਈ ਯੂਨੀਵਰਸਿਟੀਆਂ ਨਾਲ ਇੰਗਲੈਂਡ ਦਾ ਕਰਾਰ ਹੈ। ਵੱਡੇ ਮਾਣ ਵਾਲੀ ਗੱਲ ਹੈ ਕਿ ਬੀਤੇ 70 ਸਾਲਾਂ ਤੋਂ ਲੱਖਾਂ ਭਾਰਤੀ ਵਿਦਿਆਰਥੀ ਇੰਗਲੈਂਡ ਵਿਚ ਪੜ੍ਹਨ ਗਏ ਅਤੇ ਪੜ੍ਹਾਈ ਤੋਂ ਬਾਅਦ ਉੱਥੇ ਉੱਚ ਪਦਵੀਆਂ 'ਤੇ ਨਿਯੁਕਤ ਹੋ ਗਏ। ਮੌਜੂਦਾ ਬੋਰਿਸ ਜਾਨਸਨ ਸਰਕਾਰ ਵਿਚ ਇੰਗਲੈਂਡ ਦੇ ਤਿੰਨ ਹਿੰਦੁਸਤਾਨੀ ਮੰਤਰੀਆਂ ਵਿਚੋਂ ਇਕ ਵੀ. ਰਿਸ਼ੀ ਸੁਨਾਕ ਵੀ ਹਨ ਅਤੇ ਸਰਕਾਰ ਵਿਚ ਆਪਣੀ ਮੁੱਖ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਦੀਆਂ ਨੀਤੀਆਂ ਨੂੰ ਸਰਕਾਰ ਨੇ ਆਪਣੀ ਨੀਤੀ ਬਣਾਉਣ ਵਿਚ ਇਸਤੇਮਾਲ ਕੀਤਾ ਹੈ। ਉਹ ਇੰਫੋਸਿਸ ਦੇ ਸਹਿ-ਬਾਨੀ ਐਨ.ਆਰ. ਨਾਰਾਇਣ ਮੂਰਤੀ ਦੇ ਦਾਮਾਦ ਹਨ। ਉਨ੍ਹਾਂ ਨੇ ਰਿਚਮੰਡ, ਯਾਰਕਸ਼ਾਇਰ ਸੀਟ ਤੋਂ ਸਫਲਤਾ ਦੇ ਝੰਡੇ ਗੱਡੇ ਸਨ। ਇਸ ਤੋਂ ਇਲਾਵਾ ਅਲੋਕ ਸ਼ਰਮਾ ਅਤੇ ਪ੍ਰੀਤੀ ਪਟੇਲ ਵੀ ਮੰਤਰੀ ਹਨ। ਓਧਰ ਲੇਬਰ ਪਾਰਟੀ ਵੱਲੋਂ ਜੋ ਐਨਆਰਆਈ ਜਿੱਤੇ ਸਨ ਉਨ੍ਹਾਂ ਵਿਚ ਨਵੇਂਦੂ ਮਿਸ਼ਰਾ (ਸਟਾਕਪੋਰਟ), ਵਰਿੰਦਰ ਸ਼ਰਮਾ (ਈਲਿੰਗ ਸਾਊਥਾਲ), ਤਨਮਨਜੀਤ ਸਿੰਘ ਢੇਸੀ (ਸਲੋਘ), ਸੀਮਾ ਮਲਹੋਤਰਾ (ਫੈਲਥਮ ਐਂਡ ਹੈਸਟਨ), ਪ੍ਰੀਤ ਕੌਰ ਗਿੱਲ (ਬਰਮਿੰਘਮ ਐਡਜਬੈਸਟਨ) ਤੋਂ ਪ੍ਰਭਾਵਸ਼ਾਲੀ ਤਰੀਕੇ ਨਾਲ ਜਿੱਤੇ ਹਨ। ਬਰਤਾਨੀਆ ਵਿਚ ਡੇਢ ਮਿਲੀਅਨ ਦੀ ਆਬਾਦੀ ਵਾਲੇ ਭਾਰਤੀ ਭਾਈਚਾਰੇ ਦੀ ਪੈਂਠ ਇਸ ਗੱਲੋਂ ਸਿੱਧ ਹੁੰਦੀ ਹੈ ਕਿ ਉੱਥੋਂ ਦੀ ਮੌਜੂਦਾ ਸੰਸਦ ਵਿਚ ਭਾਰਤੀ ਮੂਲ ਦੇ 15 ਐਮਪੀ ਹਨ ਜਿਨ੍ਹਾਂ ਵਿਚ ਲੇਬਰ ਪਾਰਟੀ ਦੀ ਟਿਕਟ 'ਤੇ 8 ਅਤੇ ਕੰਜ਼ਰਵੇਟਿਵ ਪਾਰਟੀ ਦੀ ਟਿਕਟ 'ਤੇ 7 ਪਰਵਾਸੀ ਭਾਰਤੀ ਸੰਸਦ ਵਿਚ ਪੁੱਜੇ ਹਨ।

ਇਸ ਦੇ ਨਾਲ-ਨਾਲ ਇੰਗਲੈਂਡ ਦਾ ਉਪਰਲਾ ਸਦਨ ਹਾਊਸ ਆਫ ਲਾਰਡਜ਼ ਜੋ ਭਾਰਤੀ ਸੰਸਦ ਦੇ ਰਾਜ ਸਭਾ ਵਾਂਗ ਹੈ, ਵਿਚ ਵੀ ਬਹੁਤ ਭਾਰਤੀ ਹਨ। ਉਨ੍ਹਾਂ 'ਚੋਂ ਇਕ ਹਨ ਲਾਰਡ ਰਮੀ ਰੇਂਜਰ ਜੋ ਪਿਛਲੇ 50 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਇੰਗਲੈਂਡ ਵਿਚ ਵਸੇ ਹੋਏ ਹਨ ਅਤੇ ਇੰਗਲੈਂਡ ਦੇ ਸਭ ਤੋਂ ਵੱਧ ਮਸ਼ਹੂਰ ਅਤੇ ਸਨਮਾਨ ਪ੍ਰਾਪਤ ਨਾਗਰਿਕਾਂ ਵਿਚ ਵੀ ਆਉਂਦੇ ਹਨ।

ਉਹ ਪਿਛਲੇ ਤਿੰਨ ਸਾਲਾਂ ਤੋਂ 'ਹਾਊਸ ਆਫ ਲਾਰਡਜ਼' ਦੇ ਮੈਂਬਰ ਹਨ। ਇੰਗਲੈਂਡ ਵਿਚ ਆਪਣੀ ਯੋਗਤਾ ਅਤੇ ਉਸ ਦੇਸ਼ ਵਿਚ ਆਪਣੀਆਂ ਸੇਵਾਵਾਂ ਕਰਕੇ ਇਸ ਦੇਸ਼ ਦੀ ਸਰਕਾਰ ਨੇ ਉਨ੍ਹਾਂ ਨੂੰ 'ਹਾਊਸ ਆਫ ਲਾਰਡਜ਼' ਦਾ ਮੈਂਬਰ ਬਣਾਇਆ ਹੈ। ਉਹ ਤਨ-ਮਨ-ਧਨ ਨਾਲ ਲੋਕਾਂ ਦੀਆਂ ਸੇਵਾ ਵਿਚ ਲੱਗੇ ਹੋਏ ਹਨ। ਉਹ ਬਹੁਤ ਛੋਟੀ ਉਮਰ ਵਿਚ ਪਾਕਿਸਤਾਨ ਦੇ ਗੁਜਰਾਂਵਾਲਾ ਤੋਂ ਭਾਰਤ ਆਏ ਅਤੇ ਉਨ੍ਹਾਂ ਦੇ ਪਰਿਵਾਰ ਨੇ ਆਪਣਾ ਮੁੱਢਲਾ ਜੀਵਨ ਪਟਿਆਲਾ ਵਿਚ ਗੁਜ਼ਾਰਿਆ। ਲਾਰਡ ਰਮੀ ਰੇਂਜਰ ਨੇ 'ਸਨ ਮਾਰਕ' ਨਾਂ ਦੀ ਆਪਣੀ ਕੰਪਨੀ ਵੀ ਚਲਾਈ ਜਿਸ ਨੇ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਦਿੱਤਾ। ਸਿੱਖ ਅਦਾਰਿਆਂ ਵਿਚ ਉਨ੍ਹਾਂ ਦੀਆਂ ਸੇਵਾਵਾਂ ਨੂੰ ਬੜੇ ਮਾਣ ਨਾਲ ਜਾਣਿਆ ਜਾਂਦਾ ਹੈ।

ਲਾਰਡ ਰਮੀ ਰੇਂਜਰ ਦੀ ਇਕ ਵੱਡੀ ਖ਼ਾਸੀਅਤ ਇਹ ਹੈ ਕਿ ਉਹ ਆਪਣੇ ਦੋਸਤਾਂ ਨੂੰ ਜਿੰਨੇ ਵੀ ਵ੍ਹਟਸਐਪ ਮੈਸੇਜ ਭੇਜਦੇ ਹਨ, ਉਨ੍ਹਾਂ ਵਿਚ ਕੋਈ ਨਵੀਂ ਜਾਣਕਾਰੀ ਜਿਵੇਂ ਕਿ ਸਿੱਖਿਆ ਨਾਲ ਸਬੰਧਤ ਜਾਣਕਾਰੀ ਹੁੰਦੀ ਹੈ। ਭਾਵੇਂ ਉਹ ਮਾਸਕ ਨੂੰ ਲਗਾਉਣ ਬਾਰੇ ਹੋਵੇ ਜਾਂ ਉਸ ਨੂੰ ਕਿਸ ਤਰ੍ਹਾਂ ਧੋਣਾ ਹੈ, ਇਸ ਬਾਬਤ ਜਾਣਕਾਰੀ ਦਿੰਦੇ ਹਨ। ਜ਼ਿਆਦਾਤਰ ਉਹ ਸਿੱਖ ਗੁਰੂਆਂ ਦੀ ਸਿੱਖਿਆ ਬਾਰੇ ਅਤੇ ਉਸ 'ਤੇ ਅਮਲ ਕਰ ਕੇ ਚੱਲਣ ਲਈ ਪ੍ਰੇਰਿਤ ਕਰਦੇ ਹਨ। ਬੀਤੇ 4 ਮਹੀਨਿਆਂ ਤੋਂ ਦੁਨੀਆ ਦੇ ਕਈ ਹਿੱਸਿਆਂ ਵਿਚ ਗੁਰਦੁਆਰਾ ਸਾਹਿਬਾਨ ਵੱਲੋਂ ਕੀਤੀਆਂ ਜਾ ਰਹੀਆਂ ਸੇਵਾਵਾਂ ਦੀ ਜਾਣਕਾਰੀ ਦਿੰਦੇ ਰਹਿੰਦੇ ਹਨ।

ਲੋਕਾਂ ਨੂੰ ਸਹੀ ਜਾਣਕਾਰੀ ਦੇਣ ਵਿਚ ਭਰੋਸਾ ਰੱਖਦੇ ਹਨ। ਇਸੇ ਤਰ੍ਹਾਂ ਲਾਰਡ ਰਮੀ ਰੇਂਜਰ ਵਾਂਗ ਹੋਰ ਵੀ ਜਿੰਨੇ ਭਾਰਤੀ ਮੂਲ ਦੇ ਲਾਰਡ ਬਣੇ, ਭਾਵੇਂ ਉਹ ਲਾਰਡ ਸਵਰਾਜ ਪਾਲ ਹੋਣ, ਇਨ੍ਹਾਂ ਸਾਰਿਆਂ ਨੇ ਆਪਣੀਆਂ ਸੇਵਾਵਾਂ ਨਾਲ ਭਾਰਤ ਦਾ ਨਾਂ ਚਮਕਾਇਆ ਹੈ ਅਤੇ ਉਸ ਨੂੰ ਮਾਣ-ਤਾਣ ਦਿਵਾਇਆ ਹੈ। ਮੈਨੂੰ ਜਾਪਦਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਇੰਗਲੈਂਡ ਦੇ ਮੌਜੂਦਾ ਵਿੱਤ ਮੰਤਰੀ ਰਿਸ਼ੀ ਸੁਨਾਕ ਅਤੇ ਲਾਰਡ ਰਮੀ ਰੇਂਜਰ ਵਰਗਾ ਪੰਜਾਬੀ ਇੰਗਲੈਂਡ ਦਾ ਪ੍ਰਧਾਨ ਮੰਤਰੀ ਬਣ ਜਾਵੇ। ਜੇਕਰ ਇੰਜ ਹੋ ਜਾਂਦਾ ਹੈ ਤਾਂ ਇਹ ਪਰਵਾਸੀ ਭਾਰਤੀਆਂ ਦੀ ਵਿਦੇਸ਼ਾਂ ਵਿਚ ਸਫਲਤਾ ਦਾ ਇਕ ਹੋਰ ਯਾਦਗਾਰ ਅਧਿਆਇ ਸਿੱਧ ਹੋਵੇਗਾ।

# ਭਾਰਤ ਹੀ ਨਹੀ ਪੰਜਾਬ ’ਚ ਵੀ ਏਡਜ਼ ਪੀੜਤਾਂ ਦੀ ਗਿਣਤੀ ਹਜ਼ਾਰਾਂ ’ਚ

**ਅਮਨਦੀਪ ਸਿੰਘ ਟੱਲੇਵਾਲੀਆ**

ਏਡਜ਼ ਦਾ ਸ਼ਬਦੀ ਅਰਥ ਹੈ ਗ੍ਰਹਿਣ ਕੀਤੀ ਹੋਈ ਸਰੀਰਕ ਰੱਖਿਆ ਪ੍ਰਣਾਲੀ ਦੀ ਕਮਜ਼ੋਰੀ (Acquired immunodeficiency Syndrome)। ਇਹ ਰੋਗ ਐਚਆਈਵੀ ਵਾਇਰਸ (HIV Virus) ਰਾਹੀਂ ਹੁੰਦਾ ਹੈ। ਇਹ ਰੋਗ ਪਹਿਲੀ ਵਾਰ ਅਮਰੀਕਾ ਵਿਚ ਮਿਲਿਆ ਸੀ। ਹੌਲੀ-ਹੌਲੀ ਅਮਰੀਕਾ ਤੋਂ ਫੈਲਦਾ ਹੋਇਆ ਇਹ ਵਿਸ਼ਵ ਦੇ ਹੋਰਨਾਂ ਹਿੱਸਿਆਂ ਵਿਚ ਵੀ ਜਾ ਪਹੁੰਚਿਆ। ਹੁਣ ਭਾਰਤ ਵਿਚ ਹੀ ਨਹੀਂ, ਪੰਜਾਬ ਵਿਚ ਵੀ ਏਡਜ਼ ਦੇ ਰੋਗੀਆਂ ਦੀ ਗਿਣਤੀ ਹਜ਼ਾਰਾਂ ਵਿਚ ਹੈ।


ਸਰਕਾਰੀ ਅੰਕੜਿਆਂ ਦੇ ਮੁਕਾਬਲੇ ਏਡਜ਼ ਰੋਗ ਦੇ ਮਰੀਜ਼ਾਂ ਦੀ ਗਿਣਤੀ ਕਿਤੇ ਵਧੇਰੇ ਹੈ। ਅਜਿਹਾ ਇਸ ਲਈ ਕਿਉਂਕਿ ਏਡਜ਼ ਦੀ ਬਿਮਾਰੀ ਤੋਂ ਪੀੜਤ ਰੋਗੀ ਅਤੇ ਉਸ ਦੇ ਵਾਰਿਸ ਸ਼ਰਮ ਦੇ ਮਾਰੇ ਹੀ ਇਸ ਰੋਗ ਬਾਰੇ ਦੱਸਣ ਤੋਂ ਚੁੱਪ ਵੱਟੀ ਰੱਖਦੇ ਹਨ ਅਤੇ ਬਹੁਤ ਸਾਰੇ ਅਜਿਹੇ ਮਰੀਜ਼ ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ, ਉਨ੍ਹਾਂ ਬਾਰੇ ਵੀ ਉਨ੍ਹਾਂ ਦੇ ਪਰਿਵਾਰ ਵਾਲੇ ਸਹੀ ਜਾਣਕਾਰੀ ਦੇਣ ਤੋਂ ਗੁਰੇਜ਼ ਕਰਦੇ ਹਨ ਅਤੇ ਕਈ ਵਾਰ ਏਡਜ਼ ਦੇ ਮਰੀਜ਼ ਨੂੰ ਕੈਂਸਰ ਦਾ ਮਰੀਜ਼ ਕਹਿ ਕੇ ਹੀ ਗੱਲ ਟਾਲ ਦਿੰਦੇ ਹਨ।

ਏਡਜ਼’ ਜਿੱਥੇ ਇਕ ਜਾਨਲੇਵਾ ਬਿਮਾਰੀ ਹੈ, ਉੱਥੇ ਹੀ ਇਹ ਇਕ ਸਮਾਜਿਕ ਸਮੱਸਿਆ ਵੀ ਹੈ। ਇਸ ਦੇ ਕਾਰਨਾਂ ਤੋਂ ਲੋਕ ਹੁਣ ਭਲੀਭਾਂਤ ਜਾਣੂ ਹਨ। ਇਸੇ ਕਰਕੇ ’ਏਡਜ਼’ ਦਾ ਨਾਂ ਸੁਣ ਕੇ ਜਿੱਥੇ ਪੀੜਤ ਘਬਰਾ ਜਾਂਦਾ ਹੈ ਉੱਥੇ ਹੀ ਉਸ ਦੇ ਪਰਿਵਾਰ ਵਾਲਿਆਂ ਦੀ ਰੋਟੀ ਵੀ ਛੁੱਟ ਜਾਂਦੀ ਹੈ ਤੇ ਡਾਕਟਰਾਂ ਦੇ ਕਹਿਣ ’ਤੇ ਜਦੋਂ ਪੀੜਤ ਦੇ ਬੱਚਿਆਂ ਜਾਂ ਉਸ ਦੇ ਪਤੀKਪਤਨੀ ਦਾ ਖ਼ੂਨ ਟੈਸਟ ਕਰਵਾਉਣ ਦੀ ਗੱਲ ਕਹੀ ਜਾਂਦੀ ਹੈ ਤਾਂ ਇਹ ਇਕ ਬੜੀ ਵੱਡੀ ਸਮੱਸਿਆ ਬਣ ਜਾਂਦੀ ਹੈ।

ਸਵਾਲ ਇਹ ਹੈ ਕਿ ਏਡਜ਼ ਕਿਉਂ ਹੁੰਦੀ ਹੈ? ਏਡਜ਼ ਦਾ ਵਾਇਰਸ ਇਕ ਮਨੁੱਖ ਤੋਂ ਦੂਜੇ ਮਨੁੱਖ ਤਕ ਖ਼ੂਨ ਰਾਹੀਂ ਜਾਂ ਸੈਕਸ ਸਬੰਧਾਂ ਰਾਹੀਂ ਫੈਲਦਾ ਹੈ। ਬਿਨਾਂ ਜਾਂਚ ਕੀਤੇ ਖ਼ੂਨ ਚੜ੍ਹਾਏ ਜਾਣਾ, ਅਨਡਿਸਪੋਜ਼ਏਬਲ ਸੂਈਆਂ ਦੀ ਵਰਤੋਂ ਕਰਨਾ, ਨਸ਼ੇੜੀਆਂ ਵੱਲੋਂ ਜੋ ਇਕ-ਦੂਜੇ ਦੀਆਂ ਸਰਿੰਜਾਂ ਬਿਨਾਂ ਸਾਫ਼ ਕੀਤੇ ਵਰਤ ਲੈਣਾ, ਟੈਟੂ ਖੁਣਵਾਉਣ ਨਾਲ, ਬੱਸ ਅੱਡਿਆਂ ਜਾਂ ਰੇਲਵੇ ਸਟੇਸ਼ਨਾਂ ’ਤੇ ਬੈਠੇ ਅਨਾੜੀਆਂ ਕੋਲੋਂ ਕੰਨ ਸਾਫ਼ ਕਰਵਾਉਣ, ਸਮਲਿੰਗੀਆਂ ਵਿਚ ਜਾਂ ਇਕ ਤੋਂ ਵੱਧ ਵਿਅਕਤੀਆਂ ਨਾਲ ਸੈਕਸ ਸਬੰਧ ਬਣਾਉਣਾ ਸ਼ਾਮਲ ਹਨ। ਏਡਜ਼ ਦਾ ਵਾਇਰਸ ਬੜੀ ਤੇਜ਼ੀ ਨਾਲ ਸਰੀਰ ’ਤੇ ਹਮਲਾ ਕਰਦਾ ਹੈ।

ਜਦੋਂ ਇਕ ਵਾਰ ਇਹ ਵਾਇਰਸ ਸਰੀਰ ਅੰਦਰ ਦਾਖ਼ਲ ਹੋ ਗਿਆ ਤਾਂ ਸਮਝੋ ਕਿ ਮਾਮਲਾ ਗੜਬੜ ਹੈ। ਜਿਵੇਂ ਏਡਜ਼ ਨਾਂ ਤੋਂ ਹੀ ਅੰਦਾਜ਼ਾ ਲੱਗ ਜਾਂਦਾ ਹੈ ਕਿ ਇਹ ਵਾਇਰਸ ਸਰੀਰ ਦੀ ਰੱਖਿਆ ਪ੍ਰਣਾਲੀ ਨੂੰ ਖ਼ਤਮ ਕਰ ਦਿੰਦਾ ਹੈ, ਸਰੀਰ ਵਿਚ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਖ਼ਤਮ ਹੋ ਜਾਂਦੀ ਹੈ। ਇਸ ਦੇ ਸ਼ੁਰੂਆਤੀ ਲੱਛਣ ਬੁਖ਼ਾਰ ਜਾਂ ਪੇਟ ਦੀ ਖ਼ਰਾਬੀ ਹੁੰਦੇ ਹਨ। ਇਸ ਤੋਂ ਬਿਨਾਂ ਇਸ ਰੋਗ ਦੀਆਂ ਹੋਰ ਅਲਾਮਤਾਂ ਹਨ-ਵਾਰ-ਵਾਰ ਛਾਤੀ ਦਾ ਜਾਮ ਹੋਣਾ, ਭੁੱਖ ਘਟਣੀ, ਸਰੀਰ ਦਾ ਵਜ਼ਨ ਘਟਣਾ ਆਦਿ। ਰੋਗੀ ਸੁੱਕ ਕੇ ਤੀਲਾ ਹੋ ਜਾਂਦਾ ਹੈ।

ਜਿੱਥੇ ਏਡਜ਼ ਵਿਚ ਭੁੱਖ ਘੱਟ ਲੱਗਣ ਕਰਕੇ ਸਰੀਰ ਦੀ ਤਾਕਤ ਘੱਟ ਜਾਂਦੀ ਹੈ ਉੱਥੇ ਹੀ ਜਿਸ ਮਰੀਜ਼ ਨੂੰ ਪਤਾ ਹੁੰਦਾ ਹੈ ਕਿ ਉਸ ਨੂੰ ਏਡਜ਼ ਨੇ ਆਪਣੀ ਗ੍ਰਿਫ਼ਤ ਵਿਚ ਲੈ ਲਿਆ ਹੈ ਤਾਂ ਉਹ ਰੋਗੀ ਮਾਨਸਿਕ ਤੌਰ ’ਤੇ ਵੀ ਦਿਨੋ-ਦਿਨ ਕਮਜ਼ੋਰ ਹੁੰਦਾ ਜਾਂਦਾ ਹੈ ਕਿਉਂਕਿ ਉਹਦੇ ਮਨ ਅੰਦਰ ਡਰ ਪੈਦਾ ਹੋ ਜਾਂਦਾ ਹੈ ਕਿ ਇਸ ਬਿਮਾਰੀ ਦਾ ਤਾਂ ਹੱਲ ਹੈ ਹੀ ਨਹੀਂ। ਇਸ ਕਰਕੇ ਏਡਜ਼ ਦੇ ਰੋਗੀ ਨੂੰ ਮਨੋਬਲ ਦੀ ਵਧੇਰੇ ਜ਼ਰੂਰਤ ਹੁੰਦੀ ਹੈ।



ਏਡਜ਼ ਦਾ ਇਲਾਜ ਏਡਜ਼ ਦੀ ਤੀਬਰਤਾ ’ਤੇ ਨਿਰਭਰ ਕਰਦਾ ਹੈ। ਇਹ ਕਹਿਣਾ ਬਿਲਕੁਲ ਗ਼ਲਤ ਹੋਵੇਗਾ ਕਿ ਏਡਜ਼ ਦਾ ਮਤਲਬ ਸਿਰਫ਼ ਮੌਤ ਹੈ। ਵਿਗਿਆਨੀਆਂ ਨੇ ਏਡਜ਼ ਉੱਪਰ ਵੀ ਕਾਬੂ ਪਾਉਣ ਦਾ ਯਤਨ ਕੀਤਾ ਹੈ। ਬੇਸ਼ੱਕ ਏਡਜ਼ ਦੇ ਵਾਇਰਸ ਨੂੰ ਖ਼ੂਨ ’ਚੋਂ ਨੈਗੇਟਿਵ ਕਰਨ ਵਾਲੀ ਦਵਾਈ ਬਾਰੇ ਤਾਂ ਹਾਲੇ ਅਟਕਲਾਂ ਹੀ ਹਨ ਪਰ ਏਡਜ਼ ਕਰਕੇ ਸਰੀਰ ਵਿਚ ਪੈਦਾ ਹੋਣ ਵਾਲੀਆਂ ’ਸੈਕੰਡਰੀ ਇਨਫੈਕਸ਼ਨਜ਼’ ਨੂੰ ਦਵਾਈਆਂ ਦੀ ਵਰਤੋਂ ਨਾਲ ਰੋਕਿਆ ਜਾ ਸਕਦਾ ਹੈ। ਕਈ ਕੇਸਾਂ ਵਿਚ ਏਡਜ਼ ਦਾ ਵਾਇਰਸ ਸਾਈਲੈਂਟ ਰਹਿੰਦਾ ਹੈ। ਉਦਾਹਰਨ ਲਈ ਮੰਨ ਲਓ ਕਿ ਕਿਸੇ ਆਦਮੀ ਨੂੰ ਏਡਜ਼ ਹੋ ਗਈ, ਉਸ ਤੋਂ ਉਸ ਦੀ ਪਤਨੀ ਨੂੰ ਹੋ ਗਈ। ਉਨ੍ਹਾਂ ਦੇ ਘਰ ਪੈਦਾ ਹੋਣ ਵਾਲੇ ਬੱਚਿਆਂ ਨੂੰ ਏਡਜ਼ ਹੋਣ ਦਾ 50-50 ਪ੍ਰਤੀਸ਼ਤ ਖ਼ਤਰਾ ਰਹਿੰਦਾ ਹੈ। ਜੇਕਰ ਉਨ੍ਹਾਂ ਦੇ ਬੱਚਿਆਂ ਵਿਚ ਏਡਜ਼ ਦਾ ਵਾਇਰਸ ਚਲਿਆ ਜਾਂਦਾ ਹੈ ਤਾਂ ਉਹ ਲੰਬੇ ਚਿਰ ਤਕ ਕੁਝ ਵੀ ਨਹੀਂ ਕਹਿੰਦਾ। ਜਿਸ ਆਦਮੀ ਨੂੰ ਇਹ ਰੋਗ ਲੱਗਦਾ ਹੈ, ਉਸ ਨੂੰ ਤਾਂ ਜ਼ਰੂਰ ਇਹ ਮਾਰ ਸਕਦਾ ਹੈ ਪਰ ਉਸ ਦੀ ਪਤਨੀ ਨੂੰ ਵੀ ਇਹ ਹੋ ਸਕਦਾ ਹੈ। ਇਹ ਰੋਗ ਕਿਸ ਨੂੰ ਕਿੰਨਾ ਜਲਦੀ ਢਹਿ-ਢੇਰੀ ਕਰੇਗਾ, ਇਹ ਸਾਰੀ ਸਥਿਤੀ ਉਸ ਵਿਅਕਤੀ ਦੇ ਸਰੀਰ ਦੀ ਰੋਗ ਰੋਕੂ ਸ਼ਕਤੀ ’ਤੇ ਨਿਰਭਰ ਕਰਦੀ ਹੈ। ਕਈਆਂ ਦੀ ਰੱਖਿਆ ਪ੍ਰਣਾਲੀ ਜ਼ਿਆਦਾ ਮਜ਼ਬੂਤ ਹੁੰਦੀ ਹੈ, ਉਨ੍ਹਾਂ ’ਤੇ ਇਸ ਦਾ ਅਸਰ ਛੇਤੀ ਕੀਤਿਆਂ ਨਹੀਂ ਹੁੰਦਾ।

ਭਾਵੇਂ ਏਡਜ਼ ਦਾ ਪਹਿਲਾ ਰੋਗੀ ਅਮਰੀਕਾ ਵਿਚ 1980 ਵਿਚ ਮਿਲਿਆ ਸੀ ਅਤੇ ਉਸ ਤੋਂ ਪਿੱਛੋਂ ਏਡਜ਼ ਦੇ ਕਾਰਨਾਂ ਦੀ ਜਾਂਚ ਸ਼ੁਰੂ ਹੋਈ ਪਰ ਸਿੱਖ ਗੁਰੂ ਸਾਹਿਬਾਨ ਨੇ ਸਾਨੂੰ ਅੱਜ ਤੋਂ ਕਈ ਸੌ ਸਾਲ ਪਹਿਲਾਂ ਆਪਣੀ ਪਵਿੱਤਰ ਬਾਣੀ ਰਾਹੀਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚਣ ਦੀ ਸਿੱਖਿਆ ਦਿੱਤੀ ਹੈ। ਏਡਜ਼ ਦੇ ਭਾਵੇਂ ਹੋਰ ਬਹੁਤ ਸਾਰੇ ਕਾਰਨ ਹਨ ਪਰ ਕਾਮ ਹੀ ਇਸ ਦਾ ਸਭ ਤੋਂ ਵੱਡਾ ਕਾਰਨ ਹੋ ਨਿੱਬੜਦਾ ਹੈ। ਗੁਰੂ ਨਾਨਕ ਸਾਹਿਬ ਨੇ ਮਨੁੱਖ ਨੂੰ ਸਮਝਾਉਂਦੇ ਹੋਏ ਲਿਖਿਆ ਹੈ ਕਿ ਹੇ ਮਨੁੱਖ, ਜਿਸ ਤਰ੍ਹਾਂ ਸੁਹਾਗਾ ਸੋਨੇ ਨੂੰ ਢਾਲ ਦਿੰਦਾ ਹੈ, ਉਸੇ ਤਰ੍ਹਾਂ ਕਾਮ ਅਤੇ ਕ੍ਰੋਧ ਇਹ ਸਾਡੇ ਸਰੀਰ ਨੂੰ ਗਾਲ ਦਿੰਦੇ ਹਨ।

ਕਾਮੁ ਕ੍ਰੋਧੁ ਕਾਇਆ ਕਉ ਗਾਲੈ, ਜਿਉ ਕੰਚਨ ਸੋਹਾਗਾ ਢਾਲੈ।।

ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਪਰਾਈ ਇਸਤਰੀ ਦੇ ਸੰਗ ਨੂੰ ਸੱਪਾਂ ਦੇ ਸਾਥ ਦੀ ਤੁਲਨਾ ਦਿੰਦੇ ਹੋਏ ਫ਼ੁਰਮਾਇਆ ਹੈ,

ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ।।

ਭਗਤ ਨਾਮਦੇਵ ਜੀ ਨੇ ਵੀ ਬੜੇ ਸੁੰਦਰ ਸ਼ਬਦਾਂ ਵਿਚ ਇਨਸਾਨ ਨੂੰ ਪਰ-ਇਸਤਰੀ ਦੇ ਸੰਗ ਤੋਂ ਵਰਜਦਿਆਂ ਉਸ ਮਨੁੱਖ ਦੀ ਤੁਲਨਾ ਉਸ ਤੋਤੇ ਨਾਲ ਕੀਤੀ ਹੈ ਜੋ ਸਿੰਬਲ ਦੇ ਰੁੱਖ ਨੂੰ ਦੇਖ ਕੇ ਬੜਾ ਖ਼ੁਸ਼ ਹੁੰਦਾ ਹੈ ਪਰ ਤੋਤੇ ਨੂੰ ਸਿੰਬਲ ਰੁੱਖ ਤੋਂ ਹਾਸਲ ਕੁਝ ਵੀ ਨਹੀਂ ਹੁੰਦਾ। ਇਸੇ ਤਰ੍ਹਾਂ ਕਾਮੀ ਮਨੁੱਖ ਘਰ ਦੀ ਨਾਰ ਨੂੰ ਤਿਆਗ ਕੇ ਜਦੋਂ ਪਰਾਈ ਇਸਤਰੀ ਦਾ ਸੰਗ ਕਰਦਾ ਹੈ ਤਾਂ ਏਡਜ਼ ਵਰਗੀਆਂ ਬਿਮਾਰੀਆਂ ਜਨਮ ਲੈਂਦੀਆਂ ਹਨ।

ਘਰ ਕੀ ਨਾਰਿ ਤਿਆਗੈ ਅੰਧਾ, ਪਰ ਨਾਰੀ ਸਿਉ ਘਾਲੈ ਧੰਧਾ।।

ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ, ਅੰਤ ਕੀ ਬਾਰ ਮੂਆ ਲਿਪਟਾਨਾ।।

ਸਵਾਲ ਇਹ ਹੈ ਕਿ ਏਡਜ਼ ਹੋਣ ’ਤੇ ਕੀਤਾ ਕੀ ਜਾਵੇ? ਜਦੋਂ ਕਿਸੇ ਔਰਤKਆਦਮੀ ਨੂੰ ਆਪਣੇ-ਆਪ ਨੂੰ ਏਡਜ਼ ਹੋਣ ਦਾ ਪਤਾ ਲੱਗਦਾ ਹੈ ਤਾਂ ਉਸ ਨੂੰ ਘਬਰਾਉਣਾ ਨਹੀਂ ਚਾਹੀਦਾ, ਸਗੋਂ ਚੰਗੇ ਡਾਕਟਰ ਦੀ ਸਲਾਹ ਨਾਲ ਉਸ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਵੇਖਣ ਵਿਚ ਆਇਆ ਹੈ ਕਿ ਅਣਗਹਿਲੀ ਨਾਲ ਏਡਜ਼ ਦਾ ਸ਼ਿਕਾਰ ਹੋਏ ਮਰੀਜ਼ ਜਾਣਬੁੱਝ ਕੇ ਖ਼ਰੀਦੀ ਗਈ ਏਡਜ਼ ਦੇ ਮੁਕਾਬਲੇ ਜ਼ਿਆਦਾ ਵਧੀਆ ਜ਼ਿੰਦਗੀ ਬਤੀਤ ਕਰਦੇ ਹਨ। ਜਾਣਬੁੱਝ ਕੇ ਦਾ ਮਤਲਬ ਸੈਕਸ ਸਬੰਧਾਂ ਰਾਹੀਂ ’ਖ਼ਰੀਦੀ’ ਏਡਜ਼ ਹੈ। ਖ਼ਰੀਦੀ ਸ਼ਬਦ ਇੱਥੇ ਤਾਂ ਵਰਤਿਆ ਹੈ ਕਿਉਂਕਿ ਇਹ ਬਿਮਾਰੀ ਮਨੁੱਖ ਖ਼ਰੀਦਦਾ ਹੈ ਤਾਂ ਹੀ ਇਸ ਦਾ ਨਾਮ acquired ਰੱਖਿਆ ਗਿਆ ਹੈ।

ਅਣਗਹਿਲੀ ਤੋਂ ਭਾਵ ਡਾਕਟਰਾਂ ਦੀ ਅਣਗਹਿਲੀ ਜਿਵੇਂ ਕਿ ਟੀਕਾ ਲਾਉਣ ਲੱਗਿਆਂ ਸਰਿੰਜ ਜਾਂ ਸੂਈਆਂ ਨੂੰ ਨਾ ਉਬਾਲਣਾ, ਆਪ੍ਰੇਸ਼ਨ ਵੇਲੇ ਔਜ਼ਾਰਾਂ ਨੂੰ ਚੰਗੀ ਤਰ੍ਹਾਂ ਸਟਰਲਾਈਜ਼ ਨਾ ਕਰਨਾ, ਬਿਨਾਂ ਜਾਂਚ ਕੀਤਿਆਂ ਖ਼ੂਨ ਚੜ੍ਹਾਉਣਾ ਆਦਿ। ਆਪਣੀ ਕੀਤੀ ’ਤੇ ਪਛਤਾਉਣ ਨਾਲੋਂ ਉਸ ਦੇ ਹੱਲ ਵੱਲ ਧਿਆਨ ਦੇਣਾ ਚਾਹੀਦਾ ਹੈ। ਵੱਖ-ਵੱਖ ਇਲਾਜ ਪੱਧਤੀਆਂ ਵਿਚ ਬਹੁਤ ਸਾਰੀਆਂ ਦਵਾਈਆਂ ਅਜਿਹੀਆਂ ਹਨ ਜਿਹੜੀਆਂ ਮਨੁੱਖੀ ਮਨ ਨੂੰ ਤਕੜਾ ਕਰਕੇ ਬਿਮਾਰੀ ਨਾਲ ਲੜਨ ਦੇ ਸਮਰੱਥ ਬਣਾਉਂਦੀਆਂ ਹਨ ਤੇ ਏਡਜ਼ ਦੇ ਰੋਗੀ ਨੂੰ ਕੁਝ ਆਸ ਦੀ ਕਿਰਨ ਦਿਖਾਉਂਦੀਆਂ ਹਨ।

ਏਡਜ਼ ਰੋਗ ਬਾਰੇ ਲੋਕਾਂ ਨੂੰ ਆਮ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਏਡਜ਼ ਦਾ ਰੋਗੀ ਇਕ ਤਾਂ ਸਰੀਰਕ ਅਤੇ ਮਾਨਸਿਕ ਤੌਰ ’ਤੇ ਪਰੇਸ਼ਾਨ ਹੁੰਦਾ ਹੈ, ਦੂਸਰਾ ਆਮ ਜਾਣਕਾਰੀ ਦੀ ਘਾਟ ਕਾਰਨ ਘਰਵਾਲੇ, ਰਿਸ਼ਤੇਦਾਰ, ਦੋਸਤ-ਮਿੱਤਰ ਉਸ ਨਾਲ ਘਿਰਣਾ ਕਰਨ ਲੱਗ ਜਾਂਦੇ ਹਨ। ਇਸ ਤਰ੍ਹਾਂ ਦੇ ਸਲੂਕ ਕਾਰਨ ਏਡਜ਼ ਦਾ ਰੋਗੀ ਛੇਤੀ ਮੌਤ ਦੇ ਮੂੰਹ ਜਾ ਪੈਂਦਾ ਹੈ।

ਲੋਕ ਮਨਾਂ ਵਿਚ ਘਰ ਕਰ ਚੁੱਕੀਆਂ ਗੱਲਾਂ ਨੂੰ ਮਨ ’ਚੋਂ ਕੱਢਣਾ ਜ਼ਰੂਰੀ ਹੈ ਜਿਵੇਂਕਿ ਏਡਜ਼ ਦਾ ਰੋਗ ਨਾ ਤਾਂ ਕਿਸੇ ਨੂੰ ਹੱਥ ਲਾਉਣ ਨਾਲ ਫੈਲਦਾ ਹੈ ਅਤੇ ਨਾ ਹੀ ਸਾਹ ਦੁਆਰਾ ਜਾਂ ਕਿਸੇ ਏਡਜ਼ ਰੋਗੀ ਦੇ ਕੱਪੜੇ ਬਦਲਣ ਨਾਲ। ਇੱਥੋਂ ਤਕ ਕਿ ਜੇਕਰ ਏਡਜ਼ ਰੋਗੀ ਦੇ ਨਾਲ ਬਹਿ ਕੇ ਖਾਣਾ ਵੀ ਖਾ ਲਿਆ ਜਾਵੇ ਤਾਂ ਵੀ ਇਹ ਰੋਗ ਨਹੀਂ ਹੁੰਦਾ।

# ਮਸਲੇ ਵਧਾਉਂਦਾ ਨਵਾਂ ਸਿਰਜਿਆ ਖਪਤਵਾਦ ਦਾ ਸਿਧਾਂਤ



**ਭਰਤ ਝੁਨਝੁਨਵਾਲਾ**

ਵਿਦਵਾਨਾਂ ਦਾ ਮੰਨਣਾ ਹੈ ਕਿ ਵਰਤਮਾਨ ਕੋਵਿਡ ਸੰਕਟ ਕੁਦਰਤ ਅਤੇ ਮਨੁੱਖ ਵਿਚਾਲੇ ਅਸੰਤੁਲਨ ਕਾਰਨ ਪੈਦਾ ਹੋਇਆ ਹੈ। ਬਾਇਓ ਡਾਇਵਰਸਿਟੀ ’ਤੇ ਵਿਸ਼ਵ ਪੱਧਰੀ ਮੁਲਾਂਕਣ ਰਿਪੋਰਟ 2019 ਵਿਚ ਐਡਵਾਰਡੋ ਬ੍ਰੋਂਡੀਜਿਓ ਨੇ ਕਿਹਾ ਹੈ ਕਿ ਪਿਛਲੇ 50 ਸਾਲਾਂ ਵਿਚ ਵਿਸ਼ਵ ਅਰਥਚਾਰੇ ਵਿਚ ਚਾਰ ਗੁਣਾ ਅਤੇ ਵਿਸ਼ਵ ਵਪਾਰ ਵਿਚ 10 ਗੁਣਾ ਵਾਧਾ ਹੋਇਆ ਹੈ। ਵਪਾਰ ਵਿਚ ਵਾਧੇ ਦਾ ਅਰਥ ਹੋਇਆ ਕਿ ਅੱਜ ਕਿਸੇ ਵੀ ਸਥਾਨ ’ਤੇ ਬੈਠਾ ਵਿਅਕਤੀ ਦੂਰ-ਦਰਾਜ ਦੇ ਕੁਦਰਤੀ ਸੋਮਿਆਂ ਦੀ ਖਪਤ ਕਰ ਰਿਹਾ ਹੈ। ਆਧੁਨਿਕ ਅਰਥ ਸ਼ਾਸਤਰ ਵਿਚ ਇਸ ਨੂੰ ’ਗਲੋਬਲ ਵੈਲਿਊ ਚੇਨ’ ਕਿਹਾ ਜਾਂਦਾ ਹੈ।

ਅਸੀਂ ਨਵੇਂ-ਨਵੇਂ ਅਜਿਹੇ ਸਥਾਨਾਂ ਨੂੰ ਖੋਲ੍ਹਣਾ ਸ਼ੁਰੂ ਕਰ ਦਿੱਤਾ ਹੈ ਜਿੱਥੋਂ ਦੇ ਪ੍ਰਾਣੀ ਪਹਿਲਾਂ ਮਨੁੱਖ ਦੇ ਸੰਪਰਕ ਵਿਚ ਨਹੀਂ ਸਨ। ਜਿਵੇਂ ਕਿ ਅੱਜ ਸਮੁੰਦਰ ਦੀ ਤਲਹਟੀ ਵਿਚ ਕੋਰਲ ਰੀਫ ਨੂੰ ਨਸ਼ਟ ਕਰ ਕੇ ਜਲਮਾਰਗ ਬਣਾਏ ਜਾ ਰਹੇ ਹਨ ਅਤੇ ਪਹਾੜਾਂ ਦੀਆਂ ਚੋਟੀਆਂ ’ਤੇ ਨਦੀਆਂ ਨੂੰ ਰੋਕ ਕੇ ਪਣ ਬਿਜਲੀ ਦਾ ਉਤਪਾਦਨ ਹੋ ਰਿਹਾ ਹੈ। ਫਲਸਰੂਪ ਇਨ੍ਹਾਂ ਖੇਤਰਾਂ ਦੇ ਜੀਵ ਖ਼ੁਦ ਨੂੰ ਸੰਕਟ ਵਿਚ ਮਹਿਸੂਸ ਕਰ ਰਹੇ ਹਨ। ਆਪਣੇ ਜੀਵਨ ਦੀ ਰੱਖਿਆ ਲਈ ਉਹ ਮਨੁੱਖ ਵਰਗੇ ਹੋਰ ਜੀਵਾਂ ’ਤੇ ਹਮਲੇ ਕਰ ਰਹੇ ਹਨ। ਇਸੇ ਕ੍ਰਮ ਵਿਚ ਫੋਰਬਜ਼ ਡਾਟ ਕਾਮ ’ਤੇ ਦੱਸਿਆ ਗਿਆ ਹੈ ਕਿ ਹਵਾ ਪ੍ਰਦੂਸ਼ਣ ਵਿਚ ਨਾਈਟ੍ਰੋਜਨ ਡਾਈ ਆਕਸਾਈਡ ਦੇ ਫੈਲਣ ਨਾਲ ਫੇਫੜਿਆਂ ਸੋਜ਼ਿਸ਼ ਆ ਜਾਂਦੀ ਹੈ। ਇਸ ਨਾਲ ਫੇਫੜਿਆਂ ਦੀ ਵਾਇਰਸ ਦੇ ਪ੍ਰਵੇਸ਼ ਨੂੰ ਰੋਕਣ ਦੀ ਸ਼ਕਤੀ ਘੱਟ ਹੋ ਜਾਂਦੀ ਹੈ।


ਸਮਾਜਿਕ ਅਸਮਾਨਤਾ ਕਾਰਨ ਕੋਵਿਡ ਵਰਗੇ ਸੰਕਟ ਗ਼ਰੀਬਾਂ ’ਤੇ ਜ਼ਿਆਦਾ ਪ੍ਰਭਾਵ ਪਾਉਂਦੇ ਹਨ ਕਿਉਂਕਿ ਉਨ੍ਹਾਂ ਵਿਚ ਕੁਪੋਸ਼ਣ ਕਾਰਨ ਰੋਗਾਂ ਨਾਲ ਲੜਨ ਦੀ ਸਮਰੱਥਾ ਘੱਟ ਹੁੰਦੀ ਹੈ। ਗ਼ਰੀਬਾਂ ਵਿਚ ਫੈਲਿਆ ਕੋਵਿਡ ਦੇਰ-ਸਵੇਰ ਪੂਰੇ ਸਮਾਜ ਵਿਚ ਫੈਲ ਜਾਂਦਾ ਹੈ। ਇਨ੍ਹਾਂ ਸਾਰੇ ਕਾਰਕਾਂ ਦੇ ਪਿੱਛੇ ਅਰਥ ਸ਼ਾਸਤਰ ਦਾ ਇਕ ਸਿਧਾਂਤ ਹੈ ਕਿ ਜਿੰਨੀ ਵੱਧ ਖਪਤ ਕੀਤੀ ਜਾਵੇਗੀ, ਓਨਾ ਹੀ ਸਮਾਜ ਅੱਗੇ ਵਧੇਗਾ। ਜੇਕਰ ਅਸੀਂ ਪੰਜ ਟ੍ਰਿਲੀਅਨ ਡਾਲਰ ਦਾ ਅਰਥਚਾਰਾ ਬਣ ਗਏ ਤਾਂ ਕੀ ਅਸੀਂ ਸਹਿਜੇ ਹੀ ਸਵੀਕਾਰ ਕਰ ਲਵਾਂਗੇ ਕਿ ਸਾਡੇ ਦੇਸ਼ ਦੀ ਸੰਪੂਰਨ ਜਨਤਾ ਸੁਖੀ ਹੋ ਗਈ? ਵੱਧ ਉਤਪਾਦਨ ਅਤੇ ਖਪਤ ਨੂੰ ਹੀ ਅਸੀਂ ਜੀਵਨ ਦਾ ਮਕਸਦ ਮੰਨਦੇ ਹਾਂ। ਇਸ ਉਦੇਸ਼ ਦੀ ਪੂਰਤੀ ਲਈ ਅਸੀਂ ਦੂਰ-ਦਰਾਜ ਦੇ ਇਲਾਕਿਆਂ ਤੋਂ ਮਾਲ ਖ਼ਰੀਦਦੇ ਹਾਂ, ਸਮੁੰਦਰ ਦੇ ਹੇਠਾਂ ਰੀਫਸ ਨੂੰ ਨਸ਼ਟ ਕਰਦੇ ਹਾਂ, ਪਹਾੜ ਦੇ ਉੱਪਰ ਜਲ ਬਿਜਲੀ ਬਣਾਉਂਦੇ ਹਾਂ, ਹਵਾ ਨੂੰ ਪ੍ਰਦੂਸ਼ਿਤ ਕਰਦੇ ਹਾਂ ਅਤੇ ਸਮਾਜਿਕ ਅਸਮਾਨਤਾ ਨੂੰ ਸੱਦਾ ਦਿੰਦੇ ਹਾਂ ਪਰ ਖਪਤ ਦੀ ਚਾਹਤ ਵਿਚ ਲਾਗੂ ਕੀਤੀਆਂ ਗਈਆਂ ਇਨ੍ਹਾਂ ਨੀਤੀਆਂ ਦਾ ਨਤੀਜਾ ਹੈ ਕਿ ਅੱਜ ਕੋਵਿਡ ਤੋਂ ਛੁਟਕਾਰਾ ਹਾਸਲ ਕਰਨਾ ਮੁਸ਼ਕਲ ਹੋ ਰਿਹਾ ਹੈ। ਮੱਧ ਵਰਗੀ ਅਰਥ ਸ਼ਾਸਤਰੀ ਇਸ ਕੌੜੀ ਸੱਚਾਈ ਨੂੰ ਸਵੀਕਾਰ ਨਹੀਂ ਕਰਨਾ ਚਾਹੁੰਦੇ ਕਿ ਖਪਤ ਦੇ ਉਦੇਸ਼ ’ਤੇ ਨਜ਼ਰਸਾਨੀ ਕਰਨ ਦੀ ਜ਼ਰੂਰਤ ਹੈ। ਇਸ ਲਈ ਉਹ ਕਹਿੰਦੇ ਹਨ ਕਿ ਖਪਤ ਨੂੰ ਵਧਾਉਂਦੇ ਹੋਏ ਜੇਕਰ ਅਸੀਂ ਸਿਹਤਮੰਦ ਜੀਵਨ-ਸ਼ੈਲੀ ਅਤੇ ਸਾਫ਼-ਸੁਥਰੀ ਊਰਜਾ ਨੂੰ ਵਧਾਈਏ ਤਾਂ ਅਸੀਂ ਇਸ ਤਰ੍ਹਾਂ ਦੇ ਸੰਕਟ ਤੋਂ ਬਚ ਸਕਦੇ ਹਾਂ। ਮੈਂ ਇਸ ਨਾਲ ਸਹਿਮਤ ਨਹੀਂ ਹਾਂ।



ਥਰਮਲ ਬਿਜਲੀ ਦਾ ਉਤਪਾਦਨ ਬੀਤੇ ਪੰਜਾਹ ਸਾਲਾਂ ਵਿਚ ਬਹੁਤ ਸਾਫ਼ ਹੋਇਆ ਹੈ, ਕਾਰ ਤੋਂ ਹੋਣ ਵਾਲੀ ਨਿਕਾਸੀ ਵਿਚ ਵੀ ਕਮੀ ਆਈ ਹੈ, ਮੈਟਰੋ ਕਾਰਨ ਟਰੈਫਿਕ ਦੀ ਕਾਰਬਨ ਫੁੱਟਪ੍ਰਿੰਟ ਘੱਟ ਹੋਈ ਹੈ ਪਰ ਗਲੋਬਲ ਵੈਲਿਊ ਚੇਨ ਫੈਲਦੀ ਜਾ ਰਹੀ ਹੈ ਅਤੇ ਕੁੱਲ ਪ੍ਰਦੂਸ਼ਣ ਵੱਧਦਾ ਹੀ ਜਾ ਰਿਹਾ ਹੈ। ਇਸ ਲਈ ਜਦ ਤਕ ਮਨੁੱਖ ਖਪਤ ਨੂੰ ਹੀ ਜੀਵਨ ਦਾ ਅੰਤਿਮ ਉਦੇਸ਼ ਮੰਨੇਗਾ, ਉਦੋਂ ਤਕ ਅਸੀਂ ਕਿੰਨੀ ਵੀ ਸਾਫ਼-ਸੁਥਰੀ ਤਕਨੀਕ ਦਾ ਇਸਤੇਮਾਲ ਕਰ ਲਈਏ, ਖਪਤ ਵੱਧਦੀ ਹੀ ਜਾਵੇਗੀ ਅਤੇ ਆਖ਼ਰਕਾਰ ਕੁਦਰਤ ਕਿਸੇ ਨਾ ਕਿਸੇ ਰੂਪ ਵਿਚ ਸਾਡੇ ਕੋਲੋਂ ਬਦਲਾ ਲਵੇਗੀ। ਨੋਬਲ ਪੁਰਸਕਾਰ ਜੇਤੂ ਅੰਮ੍ਰਿਤਿਆ ਸੇਨ ਨੇ ਸਾਨੂੰ ਧਿਆਨ ਦਿਵਾਇਆ ਸੀ ਕਿ ਇਕ ਫਕੀਰ ਘੱਟ ਮਾਤਰਾ ਵਿਚ ਖਪਤ ਕਰਦਾ ਹੈ, ਫਿਰ ਵੀ ਉਹ ਏਸੀ ਹਵੇਲੀ ਵਿਚ ਰਹਿਣ ਵਾਲੇ ਲੋਕਾਂ ਦੀ ਤੁਲਨਾ ਵਿਚ ਵੱਧ ਪ੍ਰਸੰਨ ਰਹਿੰਦੀ ਹੈ।

ਘੱਟ ਖਪਤ ਵਿਚ ਵੱਧ ਆਨੰਦ ਅਤੇ ਵੱਧ ਖਪਤ ਵਿਚ ਘੱਟ ਆਨੰਦ, ਦੋਵੇਂ ਦੇਖੇ ਜਾਂਦੇ ਹਾਂ। ਦਰਅਸਲ, ਖਪਤ ਦੇ ਸਿਧਾਂਤ ਵਿਚ ਮੌਲਿਕ ਖਾਮੀ ਹੈ। ਅਰਥ ਸ਼ਾਸਤਰ ਦੇ ਮੁੱਢਲੇ ਪਾਠਕ੍ਰਮ ਵਿਚ ਦੱਸਿਆ ਜਾਂਦਾ ਹੈ ਕਿ ਇਕ ਕੇਲੇ ਨੂੰ ਖਾਣ ਨਾਲ ਤੁਹਾਨੂੰ ਜਿੰਨਾ ਮਜ਼ਾ ਜਾਂ ਉਪਯੋਗਿਤਾ ਤੁਹਾਨੂੰ ਦੂਜੇ ਕੇਲੇ ਨੂੰ ਖਾਣ ’ਤੇ ਨਹੀਂ ਮਿਲਦੀ ਅਤੇ ਉਸ ਤੋਂ ਵੀ ਕੁਝ ਘੱਟ ਉਪਯੋਗਿਤਾ ਤੀਜੇ ਕੇਲੇ ਨੂੰ ਖਾਣ ਨਾਲ। ਖਪਤ ਉਦੋਂ ਤਕ ਵਧਾਉਂਦੇ ਜਾਣਾ ਚਾਹੀਦਾ ਹੈ ਜਦ ਤਕ ਉਸ ਤੋਂ ਮਿਲਣ ਵਾਲੀ ਉਪਯੋਗਿਤਾ ਸਿਫ਼ਰ ਨਾ ਹੋ ਜਾਵੇ। ਭਾਵੇਂ ਖਪਤ ਨਾਲੋਂ ਉਪਯੋਗਿਤਾ ਦੀ ਮਾਤਰਾ ਘੱਟ ਹੁੰਦੀ ਜਾਂਦੀ ਹੈ ਪਰ ਆਨੰਦ ਤਾਂ ਖਪਤ ਨਾਲ ਹੀ ਮਿਲਦਾ ਹੈ। ਆਧੁਨਿਕ ਅਰਥ ਸ਼ਾਸਤਰ ਦਾ ਇਹ ਮੌਲਿਕ ਸਿਧਾਂਤ ਹੈ। ਇਸ ਦੇ ਅਨੁਸਾਰ ਖਪਤ ਵਧਾਉਣ ਲਈ ਹੀ ਅਸੀਂ ਵਿਸ਼ਵ ਪੱਧਰੀ ਵਪਾਰ ਨੂੰ ਹੱਲਾਸ਼ੇਰੀ ਦੇ ਰਹੇ ਹਾਂ। ਇਸੇ ਕਾਰਨ ਹੋਰ ਸਮੱਸਿਆਵਾਂ ਦੇ ਨਾਲ ਬਲੱਡ ਪ੍ਰੈਸ਼ਰ, ਸ਼ੂਗਰ ਆਦਿ ਦੇ ਮਾਮਲੇ ਵੀ ਵੱਧ ਰਹੇ ਹਨ। ਇਸ ਕਾਰਨ ਮਨੁੱਖ ਵੀ ਦੁਖੀ ਹੈ ਅਤੇ ਕੁਦਰਤ ਵੀ। ਉਪਯੋਗਿਤਾ ਦੇ ਸਿਧਾਂਤ ਦੇ ਉਲਟ ਕਾਰਲ ਯੰਗ ਵਰਗੇ ਮਨੋਵਿਗਿਆਨੀਆਂ ਦਾ ਕਹਿਣਾ ਹੈ ਕਿ ਆਨੰਦ ਸਾਡੇ ਚੇਤਨ ਅਤੇ ਅਚੇਤਨ ਦੇ ਤਾਲਮੇਲ ਨਾਲ ਪ੍ਰਾਪਤ ਹੁੰਦਾ ਹੈ। ਜਿਵੇਂ ਸਾਧੂ ਦੇ ਅਵਚੇਤਨ ਵਿਚ ਕੁਦਰਤ ਦੇ ਨਾਲ ਇਕਾਂਤ ਵਿਚ ਰਹਿਣਾ ਪਸੰਦ ਹੈ ਤਾਂ ਉਸ ਦੇ ਲਈ ਏਸੀ ਗੱਡੀ ਦੁੱਖ ਦਾ ਕਾਰਨ ਬਣ ਸਕਦੀ ਹੈ। ਇਸ ਲਈ ਜ਼ਰੂਰਤ ਇਸ ਗੱਲ ਦੀ ਹੈ ਕਿ ਅਰਥ ਸ਼ਾਸਤਰੀ ਆਪਣੇ ਇਸ ਮੌਲਿਕ ਸਿਧਾਂਤ ਦਾ ਤਿਆਗ ਕਰਨ ਕਿ ਖਪਤ ਨਾਲ ਆਨੰਦ ਮਿਲਦਾ ਹੈ ਅਤੇ ਆਨੰਦ ਦੀ ਨਵੀਂ ਵਿਆਖਿਆ ਕਰਨ ਕਿ ਆਨੰਦ ਦਾ ਸਰੋਤ ਮਨੁੱਖ ਦੇ ਅਵਚੇਤਨ ਵਿਚ ਪਈਆਂ ਇੱਛਾਵਾਂ ਦੇ ਚੇਤਨ ਕੰਮਾਂ ਦੇ ਨਾਲ ਤਾਲਮੇਲ ਵਿਚ ਹੈ। ਸ਼ਹਿਨਾਈ ਸਮਰਾਟ ਬਿਸਮਿੱਲਾ ਖਾਂ ਨੂੰ ਗੰਗਾ ਦੇ ਕਿਨਾਰੇ ਬੈਠ ਕੇ ਸ਼ਹਿਨਾਈ ਵਜਾਉਣ ਵਿਚ ਜੋ ਆਨੰਦ ਮਿਲਦਾ ਸੀ, ਉਹ ਅਮਰੀਕਾ ਵਿਚ ਸ਼ਹਿਨਾਈ ਵਜਾਉਣ ਨਾਲ ਨਹੀਂ ਮਿਲਦਾ ਸੀ। ਉਨ੍ਹਾਂ ਨੂੰ ਅਮਰੀਕਾ ਵਿਚ ਖਪਤ ਅਸੀਮਤ ਮਾਤਰਾ ਵਿਚ ਉਪਲਬਧ ਸੀ ਪਰ ਉਹ ਨਹੀਂ ਗਏ। ਇਸ ਲਈ ਸਾਨੂੰ ਉਪਯੋਗਿਤਾ ਦੇ ਸਿਧਾਂਤ ਨੂੰ ਮਨੋਵਿਗਿਆਨ ਦੀ ਕਸੌਟੀ ’ਤੇ ਰੱਖ ਕੇ ਮੁੜ ਪਰਿਭਾਸ਼ਤ ਕਰਨਾ ਹੋਵੇਗਾ। ਆਨੰਦ ਵੱਧ ਖਪਤ ਨਾਲ ਨਹੀਂ ਸਗੋਂ ਅਚੇਤਨ ਇੱਛਾਵਾਂ ਮੁਤਾਬਕ ਖਪਤ ਤੋਂ ਪ੍ਰਾਪਤ ਹੁੰਦਾ ਹੈ। ਖਪਤ ਦੀ ਮਾਤਰਾ ਮਹੱਤਵਪੂਰਨ ਨਹੀਂ ਹੁੰਦੀ ਹੈ। ਖਪਤ ਦੀ ਦਿਸ਼ਾ ਤੈਅ ਕਰਦੀ ਹੈ ਕਿ ਉਹ ਖਪਤ ਆਨੰਦ ਭਰਪੂਰ ਹੋਵੇਗੀ ਜਾਂ ਕਸ਼ਟਦਾਈ। ਹਰ ਵਿਅਕਤੀ ਨੂੰ ਇਹ ਦੱਸਿਆ ਜਾਣਾ ਚਾਹੀਦਾ ਹੈ ਕਿ ਉਹ ਆਪਣੇ ਅਚੇਤਨ ਵਿਚ ਪਈਆਂ ਇੱਛਾਵਾਂ ਵੱਲ ਧਿਆਨ ਦੇਵੇ ਅਤੇ ਉਨ੍ਹਾਂ ਦੀ ਪੂਰਤੀ ਲਈ ਜਿੰਨੀ ਘੱਟ ਤੋਂ ਘੱਟ ਖਪਤ ਕਰਨੀ ਜ਼ਰੂਰੀ ਹੋਵੇ, ਓਨੀ ਹੀ ਖਪਤ ਕਰੇ। ਖਪਤ ਦੀ ਇੱਛਾ ਪੈਦਾ ਕਰਨ ਵਾਲੇ ਵਿਗਿਆਪਨਾਂ ’ਤੇ ਰੋਕ ਲਗਾਉਣੀ ਹੋਵੇਗੀ। ਤਦ ਮਨੁੱਖਾਂ ਲਈ ਕੁਦਰਤ ਦਾ ਘਾਣ ਕਰਨਾ ਜ਼ਰੂਰੀ ਨਹੀਂ ਰਹਿ ਜਾਵੇਗਾ ਅਤੇ ਉਹ ਆਨੰਦ ਵੀ ਪ੍ਰਾਪਤ ਕਰੇਗਾ। ਕੋਵਿਡ ਫਰਾਂਸ, ਸਪੇਨ, ਇੰਗਲੈਂਡ ਅਤੇ ਅਮਰੀਕਾ ਵਰਗੇ ਵਿਕਸਤ ਦੇਸ਼ਾਂ ਵਿਚ ਜ਼ਿਆਦਾ ਵਧਿਆ ਹੈ। ਇਸ ਨਾਲ ਵਿਕਾਸ ਅਤੇ ਕੁਦਰਤ ਦੇ ਨਸ਼ਟ ਹੋਣ ਅਤੇ ਕੋਵਿਡ ਵਰਗੇ ਸੰਕਟ ਆਉਣ ਦਾ ਸਬੰਧ ਸਪਸ਼ਟ ਦਿਖਾਈ ਦਿੰਦਾ ਹੈ। ਭਵਿੱਖ ਵਿਚ ਜੇਕਰ ਅਸੀਂ ਕੋਵਿਡ ਵਰਗੀਆਂ ਮੁਸ਼ਕਲਾਂ ਤੋਂ ਹੈ ਤਾਂ ਸਾਨੂੰ ਉਪਯੋਗਿਤਾ ਦੇ ਸਿਧਾਂਤ ਨੂੰ ਪੁਨਰ-ਪਰਿਭਾਸ਼ਤ ਕਰਨਾ ਹੀ ਹੋਵੇਗਾ। ਖਪਤ ਦੀ ਅੰਨ੍ਹੇਵਾਹ ਮਾਤਰਾ ਵਧਾਉਣ ਦੀ ਥਾਂ ਅਚੇਤਨ ਦੁਆਰਾ ਦੱਸੀ ਗਈ ਦਿਸ਼ਾ ਵਿਚ ਸਮਾਜ ਨੂੰ ਸੀਮਤ ਮਾਤਰਾ ਵਿਚ ਖਪਤ ਕਰਨ ਲਈ ਪ੍ਰੇਰਿਤ ਕਰਨਾ ਹੀ ਹੋਵੇਗਾ।

# ਬਾਬਾ ਨਾਨਕ ਦੀਆਂ ਸਿੱਖਿਆਵਾ ਅਤੇ ਚਿੰਤਨ



ਅਵਤਾਰ ਗੋਂਦਾਰਾ

ਬਾਬੇ ਨਾਨਕ ਦੇ ਪੈਰੋਕਾਰਾਂ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਜਾਨਣ ਦਾ ਦਾਅਵਾ ਕਰਨ ਵਾਲੇ ਕਥਾਕਾਰਾਂ, ਇਤਿਹਾਸਕਾਰਾਂ, ਪ੍ਰਚਾਰਕਾਂ ਦਾ ਲੰਬਾ ਸਿਲਸਿਲਾ ਹੈ। ਪਰ ਭਾਈਚਾਰੇ ਵਿੱਚ ਮਰਯਾਦਾ, ਸਿੱਖ ਅਤੇ ਸਿੰਘ ਦਾ ਰੱਟਾ ਉਲਝਿਆ ਹੋਇਆ ਹੈ। ਤ੍ਰਾਸਦੀ ਇਹ ਹੈ ਕਿ ਕਈ ਸਦੀਆਂ ਦੀ ਵਿਆਖਿਆ ਅਤੇ ਪ੍ਰਚਾਰ ਦੇ ਬਾਵਜੂਦ ਨਾਨਕਮੱਤ, ਪੈਰੋਕਾਰਾਂ ਦੇ ਅਮਲ ਵਿੱਚ ਰੂਪਾਂਤਰ ਹੋਇਆ ਦਿਖਾਈ ਨਹੀਂ ਦਿੰਦਾ। ਪੈਰੋਕਾਰਾਂ ਦਾ ਵੱਖਰੀ ਪਛਾਣ 'ਤੇ ਜ਼ੋਰ ਤਾਂ ਹੈ, ਪਰ ਵੱਖਰੇ ਕਿਰਦਾਰ ਦੀ ਦੇਸ ਦੇਸਾਂਤਰਾਂ ਵਿੱਚ ਕਿਤੇ ਟੋਹ ਨਹੀਂ ਮਿਲਦੀ। ਵਾਹ ਵਿੱਚ ਆਏ ਕਿਸੇ ਓਪਰੇ ਬੰਦੇ, ਨਾਲ ਕੰਮ ਕਰਦੇ ਸਹਿਕਰਮੀ ਨੂੰ ਪਤਾ ਹੀ ਨਹੀਂ ਲੱਗਦਾ ਕਿ 'ਨਾਨਕ ਨਾਮ ਲੇਵਾ' ਦਿਸ ਰਿਹਾ ਬੰਦਾ, ਉਸ ਨਾਲੋਂ ਵੱਖਰਾ ਹੈ। ਦੂਜਿਆਂ ਵਾਂਗ ਉਹ ਵੀ ਸਵੈ-ਕੇਂਦਰਿਤ, ਲਾਲਚੀ, ਕਰਮਕਾਂਡੀ, ਜਾਤ-ਹੰਕਾਰੀ, ਵਹਿਮੀ, ਨਿੱਕੀਆਂ ਵੱਡੀਆਂ ਹੇਰਾਫੇਰੀਆਂ 'ਚ ਗ੍ਰਸਿਆ ਦਿਸਦਾ ਹੈ। ਉਹ ਇਕੋ ਵੇਲੇ ਨਸ਼ਾ ਵਿਰੋਧੀ ਮੁਹਿੰਮ 'ਚ ਵੀ ਵਧ ਚੜ੍ਹ ਕੇ ਹਿੱਸਾ ਲੈ ਸਕਦਾ ਹੈ ਅਤੇ ਕਈ ਕਈ ਸ਼ਰਾਬ ਦੇ ਠੇਕਿਆਂ ਦਾ ਮਾਲਕ ਵੀ ਹੋ ਸਕਦਾ ਹੈ। ਭ੍ਰਿਸ਼ਟ ਹੁੰਦਿਆਂ, ਉਹ ਭ੍ਰਿਸ਼ਟਾਚਾਰ ਦੇ ਖਿਲਾਫ਼ ਧਰਨਾ ਵੀ ਲਾ ਸਕਦਾ ਹੈ।

ਸੁਆਲ ਪੈਦਾ ਹੁੰਦਾ ਹੈ ਕਿ ਅੱਜ ਦੁਨੀਆਂ ਭਰ ਵਿਚ ਫੈਲੇ ਕਰੋੜਾਂ 'ਨਾਨਕ ਨਾਮ ਲੇਵਾ ਪੈਰੋਕਾਰਾਂ' ਲਈ ਆਪਣੀ 'ਪਛਾਣ' ਹੀ ਮਸਲਾ ਕਿਉਂ ਬਣੀ ਹੋਈ ਹੈ? ਉਨ੍ਹਾਂ ਨੂੰ ਸਿੱਖ 'ਬਣਨ' ਨਾਲੋਂ, ਸਿੱਖ 'ਦਿਸਣ' ਲਈ ਪ੍ਰਚਾਰ ਸਾਧਨਾਂ ਦੀ ਲੋੜ ਕਿਉਂ ਪੈ ਰਹੀ ਹੈ? ਜੋ ਗੱਲ ਬਾਬਾ ਨਾਨਕ ਬਿਨਾਂ ਕਿਸੇ ਮੀਡੀਆ ਦੀ ਸਹਾਇਤਾ ਦੇ ਕਰ ਗਏ? 'ਗੁਰਾਂ ਦੇ ਨਾਂ' ਵਸਿਆ ਖਿੱਤਾ 'ਬੇਗਮਪੁਰਾ' ਕਿਉਂ ਨਹੀਂ ਬਣ ਸਕਿਆ? ਕੀ ਬਾਕੀ ਧਰਮਾਂ ਵਾਂਗ, ਬਾਬੇ ਨਾਨਕ ਦੇ ਮੱਤ ਨਾਲ ਇਹੀ ਨਹੀਂ ਵਾਪਰਿਆ? ਪਾਠ ਨੂੰ ਪੜ੍ਹਨ ਤੇ ਗੱਲ ਨੂੰ ਸਮਝਣ ਦੀ ਥਾਂ ਪੂਜਾ ਜਾਂ ਮੰਤਰ ਬਣਾ ਲਿਆ ਹੈ। ਬਾਬਾ ਨਾਨਕ ਆਪਣੇ ਸਮੇਂ ਦੀ ਹਰ ਗੱਲ 'ਤੇ ਪ੍ਰਸ਼ਨ ਕਰਦੇ ਹਨ, ਅਸੀਂ ਸਭ ਪ੍ਰਸ਼ਨਾਂ ਨੂੰ ਸ਼ਰਧਾ ਦੀ ਚਾਦਰ ਨਾਲ ਢਕ ਦਿੱਤਾ ਹੈ। ਬਾਬਾ ਨਾਨਕ ਦੇ ਦ੍ਰਿਸ਼ਟੀਕੋਣ ਦੀ ਥਾਹ ਪਾਉਣ ਤੋਂ ਪਹਿਲਾਂ, ਆਮ ਬੰਦੇ ਦੇ ਧਰਮ ਨਾਲ ਰਿਸ਼ਤੇ ਨੂੰ ਸਮਝਣਾ ਕੁਥਾਂ ਨਹੀਂ ਹੋਵੇਗਾ। ਜਨਮ ਤੋਂ ਹੀ ਬੱਚਾ ਸਿੱਖ, ਮੁਸਲਮਾਨ, ਇਸਾਈ ਜਾਂ ਹਿੰਦੂ ਬਣਾ ਦਿੱਤਾ ਜਾਂਦਾ ਹੈ। ਉਸ ਦੇ ਵਿਚਾਰਾਂ ਅਤੇ ਜ਼ਮੀਰ ਦੀ ਆਜ਼ਾਦੀ 'ਤੇ ਪਹਿਲਾ ਹਮਲਾ ਪਰਿਵਾਰ ਵੱਲੋਂ ਹੁੰਦਾ ਹੈ। ਇਹ ਵਰਤਾਰਾ ਸਰਬਵਿਆਪੀ ਅਤੇ ਸਰਬਪ੍ਰਵਾਣਿਤ ਹੋਣ ਕਰਕੇ ਕਿਸੇ ਨੂੰ ਅੱਖਰਦਾ ਨਹੀਂ।

ਪਰਿਵਾਰਾਂ ਦੀ ਇਹ ਰਵਾਇਤ ਬਾਬਾ ਨਾਨਕ ਨੂੰ ਰੜਕਦੀ ਹੈ। ਉਹ ਆਪਣਾ ਵਿਰੋਧ, ਪਰਿਵਾਰ ਵੱਲੋਂ ਜਨੇਊ ਪਹਿਨਾਉਣ ਦੀ ਇੱਛਾ ਨੂੰ ਨਕਾਰਦਿਆਂ ਕਰਦੇ ਹਨ। ਪੁਸ਼ਤੈਨੀ ਸੰਸਕਾਰਾਂ ਦੇ ਖਿਲਾਫ਼ ਖੜ੍ਹਦਿਆਂ ਉਹ ਵਿਚਾਰਾਂ ਦੀ ਨਿੰਜੀ ਚੋਣ ਦੀ ਆਜ਼ਾਦੀ ਦੇ ਹੱਕ ਨੂੰ ਬੁਲੰਦ ਕਰਦੇ ਹਨ। ਆਜ਼ਾਦੀ, ਜੋ ਹਰ ਕਿਸਮ ਦੇ ਚਿੰਤਨ ਦੀ ਪਹਿਲੀ ਸ਼ਰਤ ਹੈ। ਇਹੀ ਆਜ਼ਾਦੀ ਕਿਸੇ ਨੂੰ ਈਸਾ, ਹਜ਼ਰਤ ਮੁਹੰਮਦ ਅਤੇ ਬੁੱਧ ਬਣਨ ਲਈ ਸਹਾਈ ਹੁੰਦੀ ਹੈ ਜੋ ਆਪੋ ਆਪਣੇ ਪਰਿਵਾਰਕ ਧਰਮਾਂ ਨੂੰ ਤਿਲਾਂਜਲੀ ਦਿੰਦੇ ਹਨ।

ਸ਼ਰਧਾ ਅਤੇ ਪ੍ਰਚਾਰ ਨੇ ਬਾਬਾ ਨਾਨਕ ਅਤੇ ਪੈਰੋਕਾਰਾਂ ਦਰਮਿਆਨ ਵਿੱਥ ਪਾ ਦਿੱਤੀ ਹੈ। ਬਾਬਾ ਨਾਨਕ ਨੇ ਅਜਿਹੇ ਲਾਈਲੱਗ ਤੇ ਝੁਕੇ ਹੋਏ ਸਿਰਾਂ ਵਾਲੇ ਪੈਰੋਕਾਰਾਂ ਦੀ ਕਲਪਨਾ ਨਹੀਂ ਸੀ ਕੀਤੀ। ਉਹ ਤਾਂ 'ਰੱਬ' ਤੋਂ ਵੀ ਡਰਨ ਦੇ ਹੱਕ ਵਿੱਚ ਨਹੀਂ, ਜਿਸ ਨੂੰ 'ਬਾਬਰ ਬਾਣੀ' ਵਿੱਚ ਦੋਸਤਾਂ ਵਾਂਗ ਉਲਾਂਭਾ ਦਿੰਦੇ ਹਨ। ਡਰਿਆ ਹੋਇਆ ਪੈਰੋਕਾਰ, ਆਪਣੀ ਹੋਣੀ ਦਾ ਆਪ ਮਾਲਕ ਨਹੀਂ ਬਣ ਸਕਦਾ, ਆਪਣੇ ਬਲਬੂਤੇ ਫ਼ੈਸਲੇ ਨਹੀਂ ਲੈ ਸਕਦਾ। ਆਪਣੀ ਬਹਾਦਰੀ ਦੀਆਂ, ਅਸੀਂ ਲੱਖ ਟਾਹਰਾਂ ਮਾਰੀਏ, ਪਰ ਅਸੀਂ ਡਰੇ ਹੋਏ, ਲੀਹੋਂ ਲੱਥੇ ਹੋਏ ਪੰਜਾਬੀ (ਸਿੱਖ) ਹਾਂ। ਇਸ ਦਾ ਸਬੂਤ ਇਹ ਹੈ ਕਿ 'ਨਾਨਕ ਨਾਮ ਲੇਵਾ' ਜੀਵ 'ਗੁਰਾਂ ਦੇ ਨਾਂ' 'ਤੇ ਵਸੇ ਇਸ ਖਿੱਤੇ ਨੂੰ ਛੱਡ ਕੇ, ਆਪ ਜਾਂ ਜੁਆਕਾਂ ਦੇ ਪਰਵਾਸ ਲਈ ਤਰਲੋਮੱਛੀ ਹੋ ਰਹੇ ਹਾਂ।

ਇਸ ਭੰਬਲਭੂਸੇ 'ਚੋਂ ਨਿਕਲਣ ਲਈ ਚਿੰਤਨ ਦੀ ਲੋੜ ਹੈ ਅਤੇ ਚਿੰਤਨ ਲਈ ਸੁਆਲ ਕਰਨੇ ਜ਼ਰੂਰੀ ਹਨ। ਬਾਬਾ ਨਾਨਕ ਕਿਸੇ ਦੀਆਂ ਸਿਫ਼ਤਾਂ ਦੇ ਮੁਥਾਜ ਨਹੀਂ। ਬਾਬਾ ਨਾਨਕ ਨੂੰ ਸਮਝਣ ਲਈ ਸ਼ਰਧਾ ਨਹੀਂ, ਸੰਵਾਦ ਦੀ ਲੋੜ ਹੈ। ਪ੍ਰਚਾਰਕ ਬਾਬਾ ਨਾਨਕ ਵੱਲੋਂ ਜਨੇਊ ਨਾ ਪਾਉਣ, ਗੰਗਾ ਕਿਨਾਰੇ ਖੇਤਾਂ ਨੂੰ ਪਾਣੀ ਘੱਲਣ, ਪਾਂਧੇ ਨਾਲ ਸੁਆਲ ਜੁਆਬ ਦੀ ਚਰਚਾ ਤਾਂ ਕਰਦੇ ਹਨ, ਪਰ ਉਸ ਪਿੱਛੇ ਕੰਮ ਕਰਦੀ ਸੁਆਲ ਕਰਨ ਦੀ ਆਜ਼ਾਦੀ ਦੀ ਗੱਲ ਨਹੀਂ ਕਰਦੇ ਜਿਸ ਦੀ ਅਜੋਕੇ ਸਮੇਂ ਵਿੱਚ ਬੜੀ ਅਹਿਮੀਅਤ ਹੈ। 'ਸੁਆਲ ਕਰਨ ਦੀ ਆਜ਼ਾਦੀ' ਵਿੱਚ ਦਖਲ- ਪਰਿਵਾਰ, ਸਰਕਾਰ ਜਾਂ ਭਾਈਚਾਰੇ 'ਚੋਂ ਕਿਸੇ ਦਾ ਵੀ ਹੋਵੇ, ਉਹ ਬਾਬਾ ਨਾਨਕ ਦੀ ਪਹੁੰਚ ਨਾਲ ਮੇਲ ਨਹੀਂ ਖਾਂਦਾ:

- ਬਾਬਾ ਨਾਨਕ ਦੀ ਕਿਸੇ ਵੀ ਬਾਣੀ ਵਿੱਚ ਪਿਛਲੱਗ ਬਣਨ ਲਈ ਪ੍ਰੇਰਿਤ ਕਰਨ ਦਾ ਹਵਾਲਾ ਨਹੀਂ ਮਿਲਦਾ। ਜ਼ਰੂਰੀ ਨਹੀਂ ਕਿ ਵਿਅਕਤੀ ਪੁਸ਼ਤੈਨੀ ਜਾਂ ਮਾਂ ਪਿਉ ਵੱਲੋਂ ਮਿਲੇ ਸੰਸਕਾਰਾਂ ਦਾ ਹੀ ਪੈਰੋਕਾਰ ਬਣੇ। ਉਹ ਆਪਣਾ ਚਿਰਾਗ਼ ਖ਼ੁਦ ਬਣ ਸਕਦਾ ਹੈ। ਜਿਵੇਂ ਖ਼ੁਦ ਬਾਬਾ ਨਾਨਕ ਨੇ ਕੀਤਾ ਤੇ 'ਨਾਨਕ ਮੱਤ' ਦੀ ਨੀਂਹ ਰੱਖੀ। ਕੀ ਅਸੀਂ ਇਹ ਹੱਕ ਆਪਣੇ ਬੱਚਿਆਂ ਨੂੰ ਦੇਣ ਲਈ ਤਿਆਰ ਹਾਂ?

- ਬਾਬਾ ਨਾਨਕ ਪਾਂਧੇ ਨਾਲ ਵਿਵਾਦ ਕਿਉਂ ਕਰਦੇ ਹਨ? ਪਾਂਧਾ ਰਵਾਇਤ ਅਤੇ ਰੂੜ੍ਹੀ ਦਾ ਚਿੰਨ੍ਹ ਹੈ। ਰਵਾਇਤ ਹਮੇਸ਼ਾਂ ਹੀ ਪੈਰੋਕਾਰਾਂ ਦੇ ਪੈਰਾਂ 'ਚ ਪੈਖੜ ਹੁੰਦੀ ਹੈ। ਪਾਂਧਾ ਰਵਾਇਤ ਦੇ ਸਾਂਚੇ ਵਿੱਚ ਬਾਬਾ ਜੀ ਨੂੰ ਢਾਲਣਾ ਚਾਹੁੰਦਾ ਹੈ, ਪਰ ਉਹ ਕਿਤੂੰ ਕਰਦੇ ਹਨ, ਸੁਆਲ ਪੁੱਛਦੇ ਹਨ ਜਿਨ੍ਹਾਂ ਦਾ ਪਾਂਧੇ ਕੋਲ ਕੋਈ ਜੁਆਬ ਨਹੀਂ। ਉਹ ਚਾਹੁੰਦੇ ਹਨ, ਬੰਦਾ ਉਧਾਰੇ ਵਿਚਾਰਾਂ ਜਾਂ ਜੁਆਬਾਂ ਦੀ ਥਾਂ ਉਨ੍ਹਾਂ ਨੂੰ ਆਪ ਲੱਭੇ, ਉਨ੍ਹਾਂ ਲਈ ਆਪ ਖੋਝਲੇ। ਅਸੀਂ ਖੋਝਲਣ ਦੀ ਬਜਾਏ ਬਾਬਾ ਨਾਨਕ ਨੂੰ ਹਾਕਾਂ ਮਾਰਦੇ ਹਾਂ, ਸੁਆਲ ਮੇਰੇ ਹਨ, ਆ ਕੇ ਜੁਆਬ ਦੇ ਜਾਓ।

- ਜਨੇਊ ਪਹਿਨਣ ਤੋਂ ਇਨਕਾਰ ਸਮਕਾਲੀ ਮਰਯਾਦਾ ਪ੍ਰਤੀ ਨਾਬਰੀ ਹੈ। ਹਰ ਦੌਰ ਦੀ ਸੱਤਾ, ਪੁਲੀਸ ਅਤੇ ਜੇਲ੍ਹਾਂ ਨਾਲ ਹੀ ਨਹੀਂ, ਮਰਯਾਦਾ ਦੇ ਅਣਦਿਸਦੇ ਸੰਗਲਾਂ ਨਾਲ ਬੰਦੇ ਨੂੰ ਜਕੜਦੀ ਹੈ। ਇਸ ਮਾਨਸਿਕ ਗੁਲਾਮੀ ਦਾ ਕਿਸੇ ਵੀ ਧਰਮ ਦੇ ਅਨੁਯਾਈ ਨੂੰ ਅਹਿਸਾਸ ਹੀ ਨਹੀਂ ਹੁੰਦਾ। ਉਹ ਦੂਜੇ ਧਰਮਾਂ ਦੇ ਕਰਮਕਾਂਡਾਂ ਦੀ ਖਿੱਲੀ ਉਡਾਉਂਦਿਆਂ, ਆਪਣੇ ਕਰਮਕਾਂਡਾਂ ਦਾ ਮਹਿਮਾਗਾਨ ਕਰਦਾ ਹੈ। ਕੋਈ ਵੀ ਚਿੰਨ੍ਹ, ਚਿਹਨਤ ਹੋ ਰਹੇ ਸੱਚ ਦਾ ਥਾਂ ਨਹੀਂ ਲੈ ਸਕਦਾ।

ਸਾਡੇ ਨਾਲ ਇਹੀ ਵਾਪਰ ਰਿਹਾ ਹੈ। ਅਸੀਂ ਬਾਬਾ ਨਾਨਕ ਵਾਂਗ ਆਪਣਾ ਪੱਥ ਆਪ ਲੱਭਣ ਦੀ ਥਾਂ ਸ਼ਰਧਾਲੂ, ਸਰੋਤਾ, ਰਸਮੀ ਪੈਰੋਕਾਰ ਬਣਨ ਦਾ ਸੌਖਾ ਰਾਹ ਅਖਤਿਆਰ ਕਰ ਲਿਆ ਹੈ। ਫ਼ੈਸਲਾ ਕਰਨ 'ਤੇ ਨਿਕਲਣ ਵਾਲੇ ਸਿੱਟਿਆਂ ਦੀ ਜ਼ਿੰਮੇਵਾਰੀ ਨਹੀਂ ਲੈਣੀ। ਸਾਰਾ ਕੁਝ 'ਗੁਰੂ', 'ਰੱਬ' ਜਾਂ 'ਅੱਲਾ' 'ਤੇ ਹੀ ਸੁੱਟ ਦਿੱਤਾ ਜਾਂਦਾ ਹੈ। ਭੁੱਲ ਬਖਸ਼ਾ ਲਈ ਜਾਂਦੀ ਹੈ। ਸ਼ਰਧਾ ਦੇ ਇਸ ਵਹਿਣ ਵਿੱਚ ਵਹਿ ਕੇ ਪੈਰੋਕਾਰਾਂ ਨੇ ਆਪਣੇ ਬੱਚਿਆਂ ਵਿਚਲੇ 'ਨਾਨਕ' ਦੇ ਵਿਗਸਣ ਦੀਆਂ ਸੰਭਾਵਨਾਵਾਂ ਨੂੰ ਸਦਾ ਲਈ ਖ਼ਤਮ ਕਰ ਦਿੱਤਾ ਹੈ। ਨਾਨਕ, ਜੋ ਸੁਆਲ ਕਰਦਾ ਹੈ, ਪਿੱਤਰੀ ਮਰਯਾਦਾ ਨੂੰ ਨਹੀਂ ਮੰਨਦਾ; ਜੋ ਸਥਾਪਤੀ ਨੂੰ ਚੁਣੌਤੀ ਦਿੰਦਾ ਹੈ, ਸੱਤਾ ਨੂੰ ਲਲਕਾਰਦਾ ਹੈ। ਅਜੋਕੇ ਪੰਜਾਬ ਦੇ ਪਤਨ ਦੀਆਂ ਜੜ੍ਹਾਂ ਇਸੇ ਪਹੁੰਚ ਦੀ ਗ਼ੈਰਹਾਜ਼ਰੀ ਵਿਚ ਲੱਭੀਆਂ ਜਾ ਸਕਦੀਆਂ ਹਨ।

# ਪੰਜਾਬ ਦੇ ਖੇਤੀ ਬਿੱਲ ਇਹ ਨਹੀ ਦੱਸਦੇ ਕਿ ਐੈਮਐੈਸਪੀ ਕੌਣ ਤੈਅ ਕਰੇਗਾ

ਪੰਜਾਬ ਸਰਕਾਰ ਵੱਲੋਂ ਪੇਸ਼ ਖੇਤੀ ਬਾੜੀ ਬਿਲਾਂ ਨੂੰ ਸਰਬ ਸਹਿਮਤੀ ਨਾਲ ਪੰਜਾਬ ਵਿਧਾਨ ਸਭਾ ਵਿੱਚ ਪਾਸ ਕਰ ਦਿੱਤਾ ਗਿਆ ਹੈ। ਪੰਜਾਬ ਭਾਰਤ ਵਿੱਚ ਪਹਿਲਾ ਸੂਬਾ ਬਣ ਗਿਆ ਹੈ ਜਿਸ ਦੀ ਵਿਧਾਨ ਸਭਾ ਨੇ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਖਿਲਾਫ਼ ਮਤਾ ਪਾਸ ਕੀਤਾ ਹੈ।

ਇਹ ਕਿੰਨਾ ਅਹਿਮ ਹੈ, ਕੀ ਵਾਕਈ ਇਸ ਨਾਲ ਕਿਸਾਨਾਂ ਨੂੰ ਕੋਈ ਫਾਇਦਾ ਹੋਵੇਗਾ, ਇਸ ਬਾਰੇ ਪੰਜਾਬ ਦੀ ਸਿਆਸਤ ਤੇ ਨਜ਼ਰ ਰੱਖਣ ਵਾਲੇ ਡਾ. ਪ੍ਰਮੋਦ ਕੁਮਾਰ ਨਾਲ ਗੱਲਬਾਤ ਕੀਤੀ।

ਸਵਾਲ- ਅੱਜ ਦੇ ਦਿਨ ਨੂੰ ਕਈ ਲੋਕ ਇਤਿਹਾਸਕ ਕਹਿ ਰਹੇ ਹਨ, ਤੁਸੀਂ ਇਸ ਨੂੰ ਕਿਵੇਂ ਦੇਖਦੇ ਹੋ?

ਜਵਾਬ- ਜੇ ਕੇਂਦਰ ਦੇ ਤਿੰਨੋਂ ਖੇਤੀ ਕਾਨੂੰਨਾਂ ਨੂੰ ਸਮਝ ਲਈਏ ਤਾਂ ਪਤਾ ਲੱਗ ਜਾਵੇਗਾ ਕਿ ਇਹ ਕਿੰਨਾ ਕੁ ਇਤਿਹਾਸਕ ਹੈ, ਕਿੰਨਾ ਸਿਆਸੀ ਹੈ ਤੇ ਕਿੰਨਾ ਲੋਕਾਂ ਦੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ। ਪਹਿਲੀ ਗੱਲ ਕੇਂਦਰ ਨੇ ਖੇਤੀ ਖੇਤਰ ਵਿੱਚ ਨਿੱਜੀਕਰਨ ਅਤੇ ਕਾਰਪੋਰੇਟਾਈਜ਼ੇਸ਼ਨ ਨੂੰ ਅੱਗੇ ਵਧਾਉਣ ਲਈ ਸੋਧ ਕੀਤੀ ਸੀ।

ਦੂਜਾ ਬਿੱਲ ਪੂਰੇ ਦੇਸ ਵਿੱਚ ਕਾਨਟਰੈਕਟ ਫਾਰਮਿੰਗ ਨੂੰ ਕਾਨੂੰਨੀ ਕਰਨ ਦਾ ਸੀ।

ਕਾਨਟਰੈਕਟ ਫਾਰਮਿੰਗ ਲਈ ਪਹਿਲਾਂ 15 ਸੂਬਿਆਂ ਨੇ ਮਾਡਲ ਐਕਟ ਅਪਣਾਇਆ ਸੀ, ਉਸ ਵਿੱਚ ਪੰਜਾਬ ਵੀ ਇੱਕ ਸੀ। ਹੁਣ ਸਾਰੇ ਦੇਸ ਲਈ ਕਾਨਟਰੈਕਟ ਫਾਰਮਿੰਗ ਦਾ ਢਾਂਚਾ ਤਿਆਰ ਕਰ ਦਿੱਤਾ।

ਤੀਜਾ ਸੀ ਮੋਬੀਲਿਟੀ। ਤਿੰਨੋ ਕਾਨੂੰਨ ਖੇਤੀ ਵਪਾਰ ਨਾਲ ਜੁੜੇ ਹੋਏ ਹਨ।

ਆਪਣੇ ਵੱਲੋਂ ਦਾਅਵਾ ਇਹ ਕੀਤਾ ਗਿਆ ਕਿ ਕੁਸ਼ਲਤਾ ਲਈ ਇਹ ਕਾਨੂੰਨ ਲਿਆਂਦੇ ਗਏ ਪਰ ਮੈਨੂੰ ਲੱਗਦਾ ਹੈ ਕਿ ਇਹ ਨਿੱਜੀ ਹੱਥਾਂ ਵਿੱਚ ਦੇਣ ਦੀ ਇੱਕ ਕੋਸ਼ਿਸ਼ ਸੀ। ਇਸ ਕਾਰਨ ਪੰਜਾਬ ਦੇ ਕਿਸਾਨਾਂ ਵਿੱਚ ਸ਼ੰਕੇ ਪੈਦਾ ਹੋਏ।

ਪਹਿਲਾ ਖਦਸ਼ਾ ਸੀ ਕਿ ਸਾਡੀ ਫ਼ਸਲ ਕੇਂਦਰ ਸਕਾਰ ਖ਼ਰੀਦੇਗੀ ਜਾਂ ਨਹੀਂ। ਜੇ ਕੇਂਦਰ ਨਹੀਂ ਕਰਦੀ ਤਾਂ ਜੋ ਫ਼ਸਲ ਹੈ ਉਸ ਦਾ ਹਸ਼ਰ ਕੀ ਹੋਵੇਗਾ। ਇਹ ਵੀ ਖਦਸ਼ਾ ਹੈ ਕਿ ਪ੍ਰੋਕਿਊਰਮੈਂਟ ਕਰਨ ਤੋਂ ਬਾਅਦ ਉਸ ਦੀ ਐੈਮਐੈਸਪੀ ਮਿਲੇਗੀ ਜਾਂ ਨਹੀਂ।

ਇਹ ਇਸ ਲਈ ਅਹਿਮ ਸੀ ਕਿਉਂਕਿ ਹਿੰਦੁਸਤਾਨ ਦੀ 6 ਫੀਸਦ ਕਿਸਾਨੀ ਨੂੰ ਹੀ ਐੈਮਐੈਸਪੀ ਮਿਲਦੀ ਹੈ, 94 ਫੀਸਦ ਨੂੰ ਨਹੀਂ ਮਿਲਦੀ। ਉਨ੍ਹਾਂ 6 ਵਿੱਚੋਂ ਹਰਿਆਣਾ ਤੇ ਪੰਜਾਬ ਵਿੱਚ 84 ਫੀਸਦ ਕਿਸਾਨ ਹਨ।

ਤੀਜੀ ਗੱਲ ਹੈ ਫੂਡ ਸਕਿਊਰਿਟੀ ਦੀ। ਜੇ ਕੇਂਦਰ ਘੱਟ ਖ਼ਰੀਦ ਕਰਦਾ ਹੈ ਤਾਂ ਐੈਸਐੈਸਪੀ ਵੀ ਘੱਟ ਲੋਕਾਂ ਨੂੰ ਮਿਲੇਗੀ। ਜਿਵੇਂ ਮੱਧ ਪ੍ਰਦੇਸ਼, ਪੱਛਮੀ ਯੂਪੀ ਤੇ ਬਿਹਾਰ ਦੇ ਕੁਝ ਹਿੱਸੇ ਵਿੱਚ ਵੀ ਕਣਕ ਦੀ ਖੇਤੀ ਹੁੰਦੀ ਹੈ। ਹੁਣ ਕੇਂਦਰ ਤੈਅ ਕਰੇਗੀ ਕਿ ਕਿਸ ਤੋਂ ਫ਼ਸਲ ਦੀ ਖ਼ਰੀਦ ਕਰਨੀ ਹੈ। ਪੰਜਾਬ ਨੰਬਰ ਦੋ 'ਤੇ ਹੈ ਅਤੇ ਮੱਧ ਪ੍ਰਦੇਸ਼ ਸਭ ਤੋਂ ਅੱਗੇ, ਜਿਸ ਤੋਂ ਕਣਕ ਖਰੀਦ ਹੁੰਦੀ ਹੈ। ਪੰਜਾਬ ਸਰਕਾਰ ਨੇ ਜੋ ਕੇਂਦਰ ਦੇ ਕਾਨੂੰਨ ਰੱਦ ਕੀਤੇ ਹਨ, ਉਹ ਤਾਂ ਸੰਵਿਧਾਨਕ ਹੈ ਹੀ ਨਹੀਂ। ਮੁੱਦਾ ਫੈਡਰਲਿਜ਼ਮ ਨਹੀਂ ਹੈ, ਮੁੱਦਾ ਇਹ ਹੈ ਕਿ 'ਮਾਰਕਿਟ ਫੋਰਸੇਜ਼' ਨੂੰ ਖੇਤੀ ਸੈਕਟਰ ਵਿੱਚ ਕੰਮ ਕਰਨ ਦੇਣਾ ਚਾਹੀਦਾ ਹੈ ਜਾਂ ਨਹੀਂ।

ਇਹ ਦੇਖਣ ਦੀ ਲੋੜ ਹੈ ਕਿ ਜੇ ਨਹੀਂ ਕੀਤਾ ਜਾਣਾ ਚਾਹੀਦਾ ਤਾਂ ਨਿੱਜੀਕਰਨ ਬਾਰੇ ਸਰਕਾਰ ਦਾ ਕੀ ਨਜ਼ਰੀਆ ਹੈ, ਇਹ ਤਾਂ ਕਿਸੇ ਵਿੱਚ ਵੀ ਨਹੀਂ ਆਇਆ। ਡਰ ਕੁਝ ਹੋਰ ਹੈ ਅਤੇ ਐਕਟ ਕੁਝ ਹੋਰ ਹੈ। ਇਸ ਐਕਟ ਦਾ ਸਿਆਸੀ ਮੈਸੇਜ ਤਾਂ ਹੈ ਅਤੇ ਇਹ ਚੰਗੀ ਗੱਲ ਵੀ ਹੈ। ਸਿਆਸੀ ਮੈਸੇਜ ਇਹ ਹੈ ਕਿ ਪੰਜਾਬ ਦੇ ਲੋਕ, ਹਾਕਮ ਧਿਰ,




ਸਿਆਸੀ ਪਾਰਟੀਆਂ ਕੇਂਦਰ ਦੇ ਫੈਸਲੇ ਤੋਂ ਖੁਸ਼ ਨਹੀਂ ਹਨ ਅਤੇ ਇਹ ਰੱਦ ਹੋਣੇ ਚਾਹੀਦੇ ਹਨ।

ਸਵਾਲ- ਤੁਹਾਡੇ ਮੁਤਾਬਕ ਸੂਬਾ ਸਰਕਾਰ ਨੂੰ ਕੀ ਕਰਨਾ ਚਾਹੀਦਾ ਸੀ?

ਜਾਂ ਤਾਂ ਸੂਬਾ ਸਰਕਾਰ ਕਹੇ ਕਿ ਐੈਮਐੈਸਪੀ ਉਹ ਤੈਅ ਕਰਨਗੇ, ਉਹ ਵੀ ਨਹੀਂ ਕੀਤਾ। ਇਨ੍ਹਾਂ ਨੂੰ ਕੇਂਦਰ ਨਾਲ ਇੱਕ ਰਾਇ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਰਾਇ ਤਿੰਨ ਗੱਲਾਂ 'ਤੇ ਕਰਨ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ।

ਪਹਿਲੀ- ਫੂਡ ਸਕਿਊਰਿਟੀ- ਆਟਾ ਦਾਲ ਸਕੀਮ ਤਹਿਤ ਜਿੰਨੀ ਕਵਰੇਜ ਹੁੰਦੀ ਹੈ, ਉਹ ਹੁੰਦੀ ਰਹੇਗੀ।

ਦੂਜੀ - ਪੰਜਾਬ ਦਾ ਕਿਸਾਨ ਕਿੰਨੇ ਸਾਲਾਂ ਤੋਂ ਫੂਡ ਪੈਦਾ ਕਰ ਰਿਹਾ ਹੈ ਪਰ ਉਸ ਨਾਲ ਕੌਮੀ ਨੀਤੀ ਨਾ ਹੋਣ ਕਾਰਨ ਤੁਸੀਂ ਅੱਜ ਮੱਧ ਪ੍ਰਦੇਸ਼ ਵੀ ਉਹੀ ਫ਼ਸਲ ਪੈਦਾ ਕਰ ਰਿਹਾ, ਪੱਛਮੀ ਯੂਪੀ ਵੀ ਕਰ ਰਿਹਾ ਹੈ ਅਤੇ ਪੰਜਾਬ, ਹਰਿਆਣਾ ਨੂੰ ਕਹਿ ਰਹੇ ਹਨ ਕਿ ਡਾਇਵਰਸਿਫਾਈ ਕਰੋ, ਉਨ੍ਹਾਂ ਨੂੰ ਕਹਿ ਰਹੇ ਕਿ ਉਸੇ ਰਸਤੇ ਚੱਲੋ।

ਕਿੰਨੀ ਗਲਤ ਨੀਤੀ ਹੈ। ਜੇ ਪੰਜਾਬ ਤੇ ਹਰਿਆਣਾ ਖੇਤੀ ਕਰ ਰਹੇ ਸੀ ਤਾਂ ਉਨ੍ਹਾਂ ਨੂੰ ਸਮਰਥਨ ਦੇਣਾ ਚਾਹੀਦਾ ਸੀ। ਦੂਜੀ ਥਾਂ 'ਤੇ ਡਾਇਵਰਸਿਫਾਈ ਕਰ ਲੈਂਦੇ।

ਤੀਜਾ ਮੁੱਦਾ ਹੈ ਸਬਸਿਡੀ। ਅੱਜ ਇਸ ਬਾਰੇ ਕਿਸੇ ਨੇ ਗੱਲ ਨਹੀਂ ਕੀਤੀ।

ਵਿਸ਼ਵ ਭਰ ਵਿੱਚ ਖੇਤੀ ਨੂੰ ਸਬਸਿਡਾਈਜ਼ਡ ਕੀਤਾ ਹੋਇਆ ਹੈ। ਮੈਂ ਇੱਕ ਡਾਟਾ ਦੇਖ ਰਿਹਾ ਸੀ, ਅਮਰੀਕਾ ਵਿੱਚ ਤਕਰੀਬਨ 61 ਹਜ਼ਾਰ ਡਾਲਰ ਪ੍ਰਤੀ ਕਿਸਾਨ ਸਬਸਿਡੀ ਦਿੱਤੀ ਜਾਂਦੀ ਹੈ। ਯੂਰਪ ਵਿੱਚ 80 ਤੋਂ 100 ਡਾਲਰ ਦੇ ਆਸਪਾਸ ਤੇ ਭਾਰਤ ਵਿੱਚ 262 ਡਾਲਰ ਪ੍ਰਤੀ ਕਿਸਾਨ ਸਬਸਿਡੀ ਮਿਲਦੀ ਹੈ। ਨਾ ਹੀ ਕੇਂਦਰ ਅਤੇ ਨਾ ਹੀ ਸੂਬਾ ਸਰਕਾਰ ਨੇ ਕਿਸਾਨ ਦੀ ਸਬਸਿਡੀ ਵਧਾਉਣ ਦੀ ਗੱਲ ਕੀਤੀ।

ਜਵਾਬ- ਜੇ ਪੰਜਾਬ ਸਰਕਾਰ ਕਹਿੰਦੀ ਕੇਂਦਰ ਜਿੰਨੀ ਘੱਟ ਖਰੀਦ ਕਰੇਗੀ, ਬਾਕੀ ਅਸੀਂ ਕਰਾਂਗੇ। ਜਿੰਨੀ ਘੱਟ ਐੈਮਐੈਸਪੀ ਦੇਵੇਗੀ, ਬਾਕੀ ਅਸੀਂ ਦੇਵਾਂਗੇ। ਹੁਣ ਇੰਨ੍ਹਾਂ ਨੇ ਇੱਕ ਤਜਵੀਜ ਰੱਖੀ ਹੈ ਕਿ ਜੋ ਐੈਮਐੈਸਪੀ ਤੋਂ ਹੇਠਾਂ ਫ਼ਸਲ ਦੀ ਖਰੀਦ ਕਰੇਗਾ, ਉਸ ਨੂੰ ਸਜ਼ਾ ਹੋਵੇਗੀ। ਪਰ ਐੈਮਐੈਸਪੀ ਕੌਣ ਤੈਅ ਕਰੇਗਾ, ਸੂਬਾ ਜਾਂ ਕੇਂਦਰ ਸਰਕਾਰ। ਜੇ ਕੇਂਦਰ ਹੀ ਐੈਮਐੈਸਪੀ ਇੰਨੀ ਘੱਟ ਰੱਖ ਦੇਵੇ ਕਿ ਨਿੱਜੀ ਵਾਲਾ ਵੀ ਅਰਾਮ ਨਾਲ ਖਰੀਦ ਕਰ ਲਏ ਤਾਂ ਐਕਟ ਦੀ ਅਹਿਮੀਅਤ ਕੀ ਰਹੇਗੀ।

ਸਵਾਲ—ਅਸੀਂ ਖੇਤੀ ਕਾਨੂੰਨਾਂ ਨੂੰ ਲੈ ਕੇ ਕਿੱਥੇ ਖੜ੍ਹੇ ਹਾਂ?

ਜਵਾਬ- ਸਿਆਸੀ ਮੈਸੇਜ ਤਾਂ ਦੇ ਦਿੱਤਾ ਪਰ ਹੁਣ ਦੇਖਣਾ ਇਹ ਹੈ ਕਿ ਕੰਟੈਂਟ ਕੀ ਹੈ। ਕਿਸਾਨਾਂ ਦੇ ਜੋ ਖਦਸ਼ੇ ਸੀ ਕਿ ਸਰਕਾਰ ਫ਼ਸਲ ਦੀ ਖਰੀਦ ਕਰੇਗੀ ਜਾਂ ਨਹੀਂ, ਐੈਮਐੈਸਪੀ ਮਿਲੇਗੀ ਜਾਂ ਨਹੀਂ ਪਰ ਕਿਸੇ ਵੀ ਐਕਟ ਵਿੱਚ ਯਕੀਨੀ ਨਹੀਂ ਕੀਤਾ, ਨਾ ਹੀ ਕੇਂਦਰ ਨੂੰ ਕਿਹਾ ਕਿ ਇਹ ਯਕੀਨੀ ਕਰੋ।

ਸਾਰੀਆਂ ਪਾਰਟੀਆਂ ਨੂੰ ਫੂਡ ਸਕਿਊਰਿਟੀ, ਨਿੱਜੀਕਰਨ, ਕਾਰਪੋਰੇਟਾਈਜ਼ੇਸ਼ਨ, ਖ਼ਰੀਦ ਤੇ ਐੈਮਐੈਸਪੀ ਦੇ ਮੁੱਦੇ ਬਾਰੇ ਵੀ ਸਿਆਸੀ ਰਾਇ ਬਣਾਉਣੀ ਚਾਹੀਦੀ ਹੈ। ਪਰ ਮੈਨੂੰ ਲੱਗਦਾ ਹੈ ਕਿ ਇਹ ਰਾਇ ਬਣ ਨਹੀਂ ਸਕਦੀ। ਜਿਹੜੀਆਂ ਨੈਸ਼ਨਲ ਪਾਰਟੀਆਂ ਹਨ, ਉਨ੍ਹਾਂ ਦਾ ਰੁਝਾਨ ਸੈਂਟਰਲਾਈਜ਼ੇਸ਼ਨ ਵੱਲ ਹੈ। ਦੂਜਾ ਰੁਝਾਨ ਪ੍ਰਾਈਵੇਟਾਈਜ਼ੇਸ਼ਨ ਜਾਂ ਗਲੋਬਲਾਈਜ਼ੇਸ਼ਨ ਵੱਲ ਹੈ। ਵਿਕਾਸ ਦਾ ਰਾਹ ਤਾਂ ਕਾਂਗਰਸ ਨੇ ਸ਼ੁਰੂ ਕੀਤਾ ਸੀ, ਭਾਜਪਾ ਉਸ ਨੂੰ ਚੰਗੀ ਤਰ੍ਹਾਂ ਲਾਗੂ ਕਰ ਰਹੀ ਹੈ।

ਸਾਰੀਆਂ ਪਾਰਟੀਆਂ ਇਸ ਲਈ ਇੱਕਮਤ ਹਨ ਪਰ ਖੇਤਰੀ ਪਾਰਟੀਆਂ ਸਿਰਫ਼ ਆਪਣੇ ਸਪੋਰਟ ਬੇਸ ਨੂੰ ਦੇਖ ਕੇ, ਜਿੱਥੇ ਉਹ ਪ੍ਰਭਾਵਿਤ ਹੁੰਦੀਆਂ ਹਨ, ਮੁੱਦਾ ਚੁੱਕਦੀਆਂ ਹਨ ਨਾ ਕਿ ਰਾਹ ਨੂੰ ਗਲਤ ਸਮਝਦੀਆਂ ਹਨ। ਜੇ ਸਾਨੂੰ ਫੂਡ ਇੰਮਪੋਰਟ ਕਰਨਾ ਪੈ ਗਿਆ ਤਾਂ ਮਹਿੰਗਾਈ ਦਰ ਕਿੱਥੇ ਜਾਵੇਗੀ। ਇਸ ਲਈ ਫੂਡ ਸਕਿਊਰਿਟੀ ਬਾਰੇ ਸੋਚਣਾ ਚਾਹੀਦਾ ਹੈ।

ਸਵਾਲ- ਕੀ ਪੰਜਾਬ ਦੇ ਖੇਤੀ ਬਿੱਲਾਂ ਦਾ ਕੇਂਦਰ ਦੇ ਕਾਨੂੰਨ ਨਾਲ ਸਿੱਧਾ ਵਿਵਾਦ ਹੈ ਅਤੇ ਇਸ ਦਾ ਕੀ ਅਸਰ ਪਏਗਾ?

ਜਵਾਬ- ਇਹ ਕੋਈ ਬਹੁਤਾ ਵਿਵਾਦ ਨਹੀਂ ਹੈ ਕਿਉਂਕਿ ਸੂਬਾ ਸਰਕਾਰ ਵਲੋਂ ਕੇਂਦਰ ਦੇ ਕਾਨੂੰਨ ਰੱਦ ਕਰਨ ਨਾਲ ਉਨ੍ਹਾਂ 'ਤੇ ਕੋਈ ਅਸਰ ਨਹੀਂ ਪਏਗਾ ਕਿਉਂਕਿ ਇਹ ਟਰੇਡ ਸਬੰਧੀ ਸੀ। ਇਹ ਕੇਂਦਰ ਦੇ ਅਧਿਕਾਰ ਖ਼ੇਤਰ ਵਿੱਚ ਹਨ। ਜੇ ਸਿਆਸੀ ਗੱਲਬਾਤ ਦੀ ਪ੍ਰਕਿਰਿਆ ਹੁੰਦੀ ਤਾਂ ਬਿਹਤਰ ਹੁੰਦਾ। ਜੇ ਕੇਂਦਰ ਨੇ ਕਿਸੇ ਵੇਲੇ ਯਕੀਨੀ ਕਰ ਦਿੱਤਾ ਕਿ ਖ਼ਰੀਦ ਤੇ ਐੈਮਐੈਸਪੀ ਹੁੰਦੀ ਰਹੇਗੀ ਤਾਂ ਮੁੱਦਾ ਉਸੇ ਵੇਲੇ ਹੱਲ ਹੋ ਜਾਵੇਗਾ, ਮੁੱਦਾ ਹੀ ਨਹੀਂ ਰਹੇਗਾ।

ਸਵਾਲ ਇਹ ਵੀ ਹੈ ਕਿ ਜਿਹੜੀਆਂ ਬਾਕੀ 26 ਫ਼ਸਲਾਂ ਹਨ, ਕੀ ਉਸ ਦੀ ਪੰਜਾਬ ਸਰਕਾਰ ਐੈਮ ਐੈਸ ਪੀ ਦੇਵੇਗੀ?

ਪੰਜ-ਛੇ ਫਸਲਾਂ ਤੋਂ ਇਲਾਵਾ ਹੋਰ ਕਿਸੇ ਫ਼ਸਲ ਦੀ ਐੈਮਐੈਸਪੀ ਨਹੀਂ ਹੁੰਦੀ। ਐਲਾਨ ਜ਼ਰੂਰ ਹੁੰਦਾ ਹੈ ਪਰ ਮਿਲਦੀ ਨਹੀਂ ਹੈ। ਕੇਂਦਰ ਨਾਲ ਗੱਲਬਾਤ ਕਰਕੇ ਨੈਸ਼ਨਲ ਐਗਰੀਕਲਚਰ ਪਾਲਿਸੀ ਜਿਸ ਵਿੱਚ ਸਟੇਟ ਪ੍ਰੋਟੈਕਸ਼ਨ ਦੀ ਅਹਿਮ ਭੂਮੀਕਾ ਹੋਵੇ ਤੇ ਫੂਡ ਸਕਿਊਰਿਟੀ ਬਾਰੇ ਚਿੰਤਾ ਹੋਵੇ, ਉਸ ਲਈ ਇੱਕਮਤ ਹੋਣ ਦੀ ਲੋੜ ਹੈ।


ਇਹ ਸਿਰਫ਼ ਕਿਸਾਨੀ ਹੀ ਨਹੀਂ, ਗਰੀਬ ਦੇ ਬਚਾਅ ਦਾ ਮੁੱਦਾ ਵੀ ਹੈ ਜਿਸ ਨੂੰ ਫੂਡ ਸਕਿਊਰਿਟੀ ਦੀ ਲੋੜ ਹੁੰਦੀ ਹੈ। ਸੂਬਾ ਸਰਕਾਰ ਨੇ ਕੇਂਦਰ ਸਰਕਾਰ ਨੂੰ ਮੈਸੇਜ ਦੇ ਦਿੱਤਾ ਹੈ। ਕਈ ਮੈਸੇਜ ਸਿਆਸੀ ਤੌਰ 'ਤੇ ਜ਼ਰੂਰੀ ਹੁੰਦੇ ਹਨ ਭਾਵੇਂ ਉਹ ਸੰਵਿਧਾਨਕ ਤੌਰ 'ਤੇ ਕਾਨੂੰਨੀ ਹੋਣ ਜਾਂ ਨਾ।




# ਕੋਲੈਸਟ੍ਰੋਲ ਸਿਸਟਮ 'ਤੇ ਕਬਜ਼ਾ ਕਰਕੇ ਸਰੀਰ 'ਚ ਫੈਲ ਸਕਦੈ ਕੋਰੋਨਾ

ਸਰੀਰ ਵਿਚ ਕੋਰੋਨਾ ਵਾਇਰਸ (ਕੋਵਿਡ-19) ਦੇ ਇਨਫੈਕਸ਼ਨ ਨੂੰ ਲੈ ਕੇ ਇਕ ਨਵਾਂ ਅਧਿਐਨ ਕੀਤਾ ਗਿਆ ਹੈ। ਇਸ ਵਿਚ ਪਤਾ ਲੱਗਾ ਹੈ ਕਿ ਕੋਵਿਡ-19 ਕਾਰਨ ਬਣਨ ਵਾਲਾ ਸਾਰਸ-ਕੋਵੀ-2 ਵਾਇਰਸ ਸਾਡੇ ਸੈੱਲਾਂ ਦੇ ਅੰਦਰੂਨੀ ਕੋਲੈਸਟ੍ਰੋਲ ਪ੍ਰੋਸੈੱਸਿੰਗ ਸਿਸਟਮ 'ਤੇ ਵੀ ਕਬਜ਼ਾ ਕਰ ਸਕਦਾ ਹੈ। ਇਸ ਦੀ ਮਦਦ ਨਾਲ ਇਹ ਘਾਤਕ ਵਾਇਰਸ ਸਰੀਰ ਵਿਚ ਫੈਲ ਸਕਦਾ ਹੈ। ਅਧਿਐਨ ਦੇ ਇਨ੍ਹਾਂ ਨਤੀਜਿਆਂ ਤੋਂ ਇਸ ਵਾਇਰਸ ਖ਼ਿਲਾਫ਼ ਸੰਭਾਵਿਤ ਇਲਾਜ ਵਿਚ ਨਵੇਂ ਟੀਚਿਆਂ ਨੂੰ ਸਾਧਿਆ ਜਾ ਸਕਦਾ ਹੈ।

ਨੇਚਰ ਮੈਟਾਬੋਲਿਜ਼ਮ ਪੱਤ੍ਰਿਕਾ ਵਿਚ ਛਪੇ ਅਧਿਐਨ ਅਨੁਸਾਰ




ਕੋਲੈਸਟ੍ਰੋਲ ਮੈਟਾਬੋਲਿਜ਼ਮ ਅਤੇ ਕੋਵਿਡ-19 ਵਿਚਕਾਰ ਇਕ ਮੋਲੀਕਿਊਲਰ ਸਬੰਧ ਦੀ ਪਛਾਣ ਕੀਤੀ ਗਈ ਹੈ। ਚੀਨ ਵਿਚ ਅਕੈਡਮੀ ਆਫ ਮਿਲਟਰੀ ਮੈਡੀਕਲ ਸਾਇੰਸਿਜ਼ ਦੇ ਖੋਜੀਆਂ ਨੇ ਦੇਖਿਆ ਕਿ ਸਾਰਸ-ਕੋਵੀ-2 ਵਾਇਰਸ ਮਨੁੱਖੀ ਸੈੱਲਾਂ 'ਤੇ ਮੌਜੂਦ ਇਕ ਰਿਸੈਪਟਰ ਨਾਲ ਜੁੜ ਜਾਂਦਾ ਹੈ। ਇਹ ਸੈੱਲ ਆਮ ਤੌਰ 'ਤੇ ਐੱਚਡੀਐੱਲ (ਹਾਈ ਡੈਂਸਿਟੀ ਲੈਪੋਪ੍ਰੋਟੀਨ) ਕੋਲੈਸਟ੍ਰੋਲ ਨਾਲ ਜੁੜੇ ਹੁੰਦੇ ਹਨ। ਇਸ ਨੂੰ ਗੁੱਡ ਕੋਲੈਸਟ੍ਰੋਲ ਵੀ ਕਿਹਾ ਜਾਂਦਾ ਹੈ। ਖੋਜੀਆਂ ਨੇ ਜਦੋਂ ਇਸ ਕੋਲੈਸਟ੍ਰੋਲ ਨੂੰ ਰੋਕ ਦਿੱਤਾ ਤਾਂ ਵਾਇਰਸ ਸੈੱਲਾਂ ਨਾਲ ਜੁੜਨ ਦੇ ਸਮਰੱਥ ਨਹੀਂ ਰਹਿ ਗਿਆ। ਅਧਿਐਨ ਦੇ ਇਸ ਨਤੀਜੇ ਤੋਂ ਜ਼ਾਹਿਰ ਹੁੰਦਾ ਹੈ ਕਿ ਸਾਰਸ-ਕੋਵੀ-2 ਵਾਇਰਸ ਇਨਫੈਕਸ਼ਨ ਦੇ ਪ੍ਰਸਾਰ ਲਈ ਕੋਸ਼ਿਕਾਵਾਂ ਦੇ ਅੰਦਰੂਨੀ ਕੋਲੈਸਟ੍ਰੋਲ ਤੰਤਰ ਦੀ ਵਰਤੋਂ ਕਰ ਸਕਦਾ ਹੈ।

ਖੋਜੀਆਂ ਮੁਤਾਬਕ ਇਹ ਪ੍ਰਤੀਤ ਹੁੰਦਾ ਹੈ ਕਿ ਵਾਇਰਸ ਸੈੱਲਾਂ ਦੇ ਕੋਲੈਸਟ੍ਰੋਲ ਤੰਤਰ ਨੂੰ ਕੰਟਰੋਲ ਕਰ ਕੇ ਸੈੱਲਾਂ ਨੂੰ ਇਨਫੈਕਟਿਡ ਕਰਦਾ ਹੈ ਪ੍ਰੰਤੂ ਇਹ ਪਾਇਆ ਗਿਆ ਹੈ ਕਿ ਜਦੋਂ ਇਕ ਮੋਨੋਕਲੋਨਲ ਐਂਟੀ ਬਾਡੀ ਦੀ ਮਦਦ ਨਾਲ ਇਸ ਰਸਤੇ ਨੂੰ ਬੰਦ ਕੀਤਾ ਜਾਂਦਾ ਹੈ ਤਾਂ ਵਾਇਰਸ ਇਨਫੈਕਸ਼ਨ ਰੁਕ ਜਾਂਦਾ ਹੈ। ਹਾਲਾਂਕਿ ਇਹ ਅਧਿਐਨ ਅਜੇ ਆਰੰਭਿਕ ਅਵੱਸਥਾ ਵਿਚ ਹੈ ਪ੍ਰੰਤੂ ਇਸ ਤੋਂ ਕੋਰੋਨਾ ਨਾਲ ਮੁਕਾਬਲੇ ਵਿਚ ਪ੍ਰਭਾਵੀ ਇਲਾਜ ਦੇ ਵਿਕਾਸ ਦੀ ਰਾਹ ਖੁੱਲ੍ਹ ਸਕਦੀ ਹੈ।

# ਨਿਰੰਤਰ ਮਾਸਕ ਪਾਉਣ ਨਾਲ ਰੁਕ ਸਕਦੀ ਹੈ ਕੋਰੋਨਾ ਮਹਾਮਾਰੀ

ਦੁਨੀਆ ਕੋਰੋਨਾ ਵਾਇਰਸ (ਕੋਵਿਡ-19) ਨਾਲ ਪੂਰੀ ਤਰ੍ਹਾਂ ਜੂਝ ਰਹੀ ਹੈ। ਇਸ ਖ਼ਤਰਨਾਕ ਵਾਇਰਸ ਨਾਲ ਨਿਪਟਣ ਲਈ ਹਾਲੇ ਤਕ ਕੋਈ ਸਹੀ ਦਵਾਈ ਜਾਂ ਵੈਕਸੀਨ ਮੁਹੱਈਆ ਨਹੀਂ ਹੋ ਸਕੀ। ਅਜਿਹੇ 'ਚ ਬਚਾਅ ਦੇ ਤੌਰ 'ਤੇ ਮਾਸਕ ਪਾਉਣ, ਹੱਥ ਧੋਣ ਤੇ ਸਰੀਰਕ ਦੂਰੀ ਦੇ ਨਿਯਮਾਂ ਦੀ ਪਾਲਣਾ ਕਰਨ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਸੇ ਤਹਿਤ ਅਧਿਐਨਾਂ ਦੀ ਇਕ ਸਮੀਖਿਆ 'ਚ ਇਹ ਦਾਅਵਾ ਕੀਤਾ ਗਿਆ ਹੈ ਕਿ ਜੇਕਰ 70 ਫੀਸਦੀ ਲੋਕ ਨਿਰੰਤਰ ਮਾਸਕ ਪਾਉਣ ਤਾਂ ਕੋਰੋਨਾ ਮਹਾਮਾਰੀ ਰੁੱਕ ਸਕਦੀ ਹੈ। ਫਿਜ਼ੀਕਸ ਆਫ ਫਲੂਇਡਸ ਮੈਗਜ਼ੀਨ 'ਚ ਛਪੀ ਖੋਜ 'ਚ ਫੇਸ ਮਾਸਕ 'ਤੇ ਕੀਤੇ ਗਏ ਅਧਿਐਨਾਂ ਦੀ ਸਮੀਖਿਆ ਕੀਤੀ ਗਈ ਹੈ। ਇਸ ਵਿਚ ਇਸ ਗੱਲ ਦੀ ਵੀ ਸਮੀਖਿਆ ਕੀਤੀ ਗਈ ਹੈ ਕਿ ਕੀ ਫੇਸ ਮਾਸਕ ਪਾਉਣ ਨਾਲ ਕਿਸੇ ਇਨਫੈਕਟਿਡ ਵਿਅਕਤੀ ਤੋਂ ਕੋਰੋਨਾ ਦੇ ਪ੍ਰਸਾਰ 'ਤੇ ਰੋਕ ਲੱਗ ਸਕਦੀ ਹੈ। ਸਿੰਗਾਪੁਰ ਦੀ ਨੈਸ਼ਨਲ ਯੂਨੀਵਰਸਿਟੀ ਦੇ ਵਿਗਿਆਨੀ ਸੰਜੇ ਕੁਮਾਰ ਨੇ ਕਿਹਾ ਕਿ ਸਰਜੀਕਲ ਮਾਸਕ ਵਰਗੇ ਫੇਸ ਮਾਸਕ ਸਭ ਤੋਂ ਜ਼ਿਆਦਾ ਕਾਰਗਰ ਪਾਏ ਗਏ ਹਨ। ਇਹ ਕਰੀਬ 70 ਫੀਸਦੀ ਅਸਰਦਾਰ ਹੁੰਦੇ ਹਨ। ਜੇਕਰ ਕਰੀਬ 70 ਫੀਸਦੀ ਲੋਕ ਇਸ ਤਰ੍ਹਾਂ ਦੇ ਪ੍ਰਭਾਵਸ਼ਾਲੀ ਮਾਸਕ ਜਨਤਕ ਥਾਵਾਂ 'ਤੇ ਪਾਉਣ ਤਾਂ ਮਹਾਮਾਰੀ ਦੀ ਰੋਕ ਦਾ ਰਸਤਾ ਸਾਫ਼ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਕੱਪੜਿਆਂ ਨਾਲ ਬਣੇ ਮਾਸਕ ਵੀ ਜੇਕਰ ਨਿਯਮਤ ਰੂਪ ਨਾਲ ਪਾਏ ਜਾਣ ਤਾਂ ਕੋਰੋਨਾ ਦੇ ਪ੍ਰਸਾਰ ਨੂੰ ਹੌਲੀ ਕੀਤਾ ਜਾ ਸਕਦਾ ਹੈ। ਕੋਰੋਨਾ ਦੀ ਰੋਕਥਾਮ ਲਈ ਕੱਪੜਿਆਂ ਦੇ ਬਣੇ ਮਾਸਕ, ਸਰਜੀਕਲ ਮਾਸਕ ਤੇ ਐੱਨ95 ਵਰਗੇ ਮਾਸਕ ਇਸਤੇਮਾਲ ਕੀਤੇ ਜਾ ਰਹੇ ਹਨ। ਅਧਿਐਨਾਂ ਦੀ ਸਮੀਖਿਆ 'ਚ ਪਾਇਆ ਗਿਆ ਹੈ ਕਿ ਹਾਈਬ੍ਰਿਡ ਪਾਲੀਮਰ ਮੈਟੀਰੀਅਲਸ ਕਣਾਂ ਨੂੰ ਫਿਲਟਰ ਕਰਨ 'ਚ ਸਭ ਤੋਂ ਜ਼ਿਆਦਾ ਅਸਰਦਾਰ ਹੁੰਦੇ ਹਨ।



# ਹੱਡੀਆਂ ਨੂੰ ਖੋਰਨ ਵਾਲਾ ਰੋਗ ਓਸਟੀਓਪਰੋਸਿਸ

ਉਮਰ ਵਧਣ ਨਾਲ ਸਿਰਫ਼ ਸਰੀਰ ਹੀ ਕਮਜ਼ੋਰ ਨਹੀਂ ਹੁੰਦਾ ਸਗੋਂ ਸਰੀਰ ਦੀਆਂ ਹੱਡੀਆਂ ਵੀ ਕਮਜ਼ੋਰ ਹੋਣ ਲਗਦੀਆਂ ਹਨ। ਅਜਿਹੇ 'ਚ ਚੱਲਣ-ਫਿਰਨ 'ਚ ਵੀ ਮੁਸ਼ਕਲ ਹੋਣ ਲਗਦੀ ਹੈ। ਕਈ ਵਾਰ ਉੱਠਣ-ਬੈਠਣ ਦੌਰਾਨ ਵੀ ਮਾਸਪੇਸ਼ੀਆਂ ਤੇ ਹੱਡੀਆਂ 'ਚ ਦਰਦ ਹੋਣ ਲਗਦਾ ਹੈ। ਅਜਿਹੀ ਹੀ ਇਕ ਬਿਮਾਰੀ ਹੈ ਓਸਟੀਓਪਰੋਸਿਸ, ਜਿਸ ਦਾ ਖ਼ਤਰਾ ਮਹਿਲਾਵਾਂ 'ਚ ਜ਼ਿਆਦਾ ਹੁੰਦਾ ਹੈ। ਮੀਨੋਪੌਜ਼ ਤੋਂ ਬਾਅਦ ਅਜਿਹੀਆਂ ਸਮੱਸਿਆਵਾਂ ਵੱਧ ਜਾਂਦੀਆਂ ਹਨ।

ਇਸ ਬਿਮਾਰੀ 'ਚ ਸਰੀਰ ਦੀਆਂ ਹੱਡੀਆਂ ਦੀ ਘਣਤਾ ਘੱਟ ਹੋਣ ਲਗਦੀ ਹੈ। ਇਸ ਨਾਲ ਹੱਡੀਆਂ ਹੌਲੀ-ਹੌਲੀ ਘਿਸਣ ਕਾਰਨ ਕਮਜ਼ੋਰ ਹੋਣ ਲਗਦੀਆਂ ਹਨ। ਮੀਨੋਪੌਜ਼ ਤੋਂ ਬਾਅਦ ਘੱਟੋ-ਘੱਟ 50-55 ਸਾਲ ਦੀ ਉਮਰ ਤੋਂ ਬਾਅਦ ਹੱਡੀਆਂ ਖੁਰਨ ਦੀਆਂ ਸਮੱਸਿਆ ਕਾਫ਼ੀ ਵੱਧ ਜਾਂਦੀ ਹੈ।

ਹੱਡੀਆਂ ਤੇ ਆਸ-ਪਾਸ ਦੀਆਂ ਮਾਸਪੇਸ਼ੀਆਂ 'ਚ ਲਗਾਤਾਰ ਦਰਦ ਰਹਿੰਦਾ ਹੈ, ਜਿਸ ਨਾਲ ਮਰੀਜ਼ ਦੀਆਂ ਗਤੀਵਿਧੀਆਂ ਸੀਮਤ ਹੋ ਜਾਂਦੀਆਂ ਹਨ। ਕਈ ਵਾਰ ਡਿਗਣ ਜਾਂ ਮਾਮੂਲੀ ਸੱਟ ਲੱਗਣ ਕਾਰਨ ਵੀ ਫਰੈਕਚਰ ਹੋ ਸਕਦਾ ਹੈ। ਕਈ ਮਾਮਲਿਆਂ 'ਚ ਹੱਡੀਆਂ ਦੀ ਘਣਤਾ ਇੰਨੀ ਘੱਟ ਹੋ ਜਾਂਦੀ ਹੈ ਕਿ ਹੱਡੀਆਂ ਆਪਣੇ ਆਪ ਟੁੱਟਣ ਲਗਦੀਆਂ ਹਨ। ਕਈ ਵਾਰ ਹੱਡੀਆਂ 'ਚ ਪੈਦਾ ਹੋਏ ਅਜਿਹੇ ਵਿਕਾਰ ਅਪੰਗਤਾ ਦਾ ਰੂਪ ਲੈ ਲੈਂਦੇ ਹਨ।

### ਬਚਾਅ ਲਈ ਕੀ ਕਰੀਏ

ਆਮ ਤੌਰ 'ਤੇ 30 ਸਾਲ ਤੋਂ ਬਾਅਦ ਸਰੀਰ 'ਚ ਕੈਲਸ਼ੀਅਮ ਦੀ ਕਮੀ ਹੋਣ ਲਗਦੀ ਹੈ। ਇਸ ਉਮਰ ਤੋਂ ਬਾਅਦ ਇਕ ਵਾਰ ਫਿਰ 'ਬੋਨ ਮਿਨਰਲਜ਼ ਡੈਂਸਿਟੀ' ਚੈੱਕ ਕਰਵਾਓ। ਇਹ ਜਾਂਚ ਸੀਟੀ ਸਕੈਨ ਜਾਂ ਡੈਕਸਾ ਜ਼ਰੀਏ ਕੀਤੀ ਜਾਂਦੀ ਹੈ। ਜੇ ਹੱਡੀਆਂ ਦੀ ਘਣਤਾ ਘੱਟ ਹੋਵੇ ਤਾਂ ਡਾਕਟਰ ਦੀ ਸਲਾਹ ਨਾਲ ਕੈਲਸ਼ੀਅਮ ਤੇ ਵਿਟਾਮਿਨ-ਡੀ ਦੀ ਦਵਾਈ ਲਵੋ। ਇਸ ਨਾਲ ਹੋਣ ਵਾਲੀਆਂ ਸਮੱਸਿਆਵਾਂ ਤੋਂ ਬਚਣ ਲਈ ਮਹਿਲਾਵਾਂ ਨੂੰ ਸਿਹਤਮੰਦ ਜੀਵਨਸ਼ੈਲੀ ਤੇ ਸੰਤੁਲਿਤ ਖ਼ੁਰਾਕ ਲੈਣੀ ਚਾਹੀਦੀ ਹੈ।

### ਰੱਖੋ ਖ਼ੁਰਾਕ ਦਾ ਧਿਆਨ

ਕੈਲਸ਼ੀਅਮ ਤੇ ਵਿਟਾਮਿਨ-ਡੀ ਭਰਪੂਰ ਖ਼ੁਰਾਕ ਨੂੰ ਆਪਣੇ ਭੋਜਨ 'ਚ ਸ਼ਾਮਿਲ ਕਰੋ। ਮੀਨੋਪੌਜ਼ ਤੋਂ ਪਹਿਲਾਂ ਰੋਜ਼ਾਨਾ 1,000 ਮਿਲੀਗ੍ਰਾਮ ਤੇ ਇਸ ਤੋਂ ਬਾਅਦ ਕਰੀਬ 1500 ਮਿਲੀਗ੍ਰਾਮ ਕੈਲਸ਼ੀਅਮ ਮਹਿਲਾਵਾਂ ਨੂੰ ਲੈਣਾ ਚਾਹੀਦਾ ਹੈ। ਦੁੱਧ ਅਤੇ ਦੁੱਧ ਤੋਂ ਬਣੇ ਖ਼ੁਰਾਕੀ ਪਦਾਰਥਾਂ ਦਾ ਸੇਵਨ ਕਰੋ। ਖ਼ੁਰਾਕ 'ਚ ਨਿਯਮਿਤ ਰੂਪ ਵਿਚ ਪਾਲਕ, ਬੀਨਜ਼, ਕੇਲੇ, ਸੰਤਰੇ ਅਤੇ ਸੇਬ ਜਿਹੇ ਫਲਾਂ ਤੇ ਸਬਜ਼ੀਆਂ ਨੂੰ ਸ਼ਾਮਿਲ ਕਰੋ।

### ਰੋਜ਼ਾਨਾ ਧੁੱਪ ਸੇਕੋ

ਵਿਟਾਮਿਨ-ਡੀ ਸਰੀਰ 'ਚ ਕੈਲਸ਼ੀਅਮ ਦੀ ਘਾਟ ਨੂੰ ਪੂਰਾ ਕਰ ਕੇ ਹੱਡੀਆਂ ਨੂੰ ਮਜ਼ਬੂਤ ਬਣਾਉਂਦਾ ਹੈ। ਮਹਿਲਾਵਾਂ ਨੂੰ ਹਰ ਹਫ਼ਤੇ ਘੱਟੋ-ਘੱਟ 50 ਹਜ਼ਾਰ ਯੂਨਿਟ ਵਿਟਾਮਿਨ-ਡੀ ਲੈਣਾ ਜ਼ਰੂਰੀ ਹੈ। ਧੁੱਪ ਵਿਟਾਮਿਨ-ਡੀ ਦਾ ਸਭ ਤੋਂ ਵਧੀਆ ਸਰੋਤ ਹੈ। ਦਿਨ 'ਚ ਘੱਟੋ-ਘੱਟ 20-25 ਮਿੰਟ ਧੁੱਪ ਜ਼ਰੂਰ ਸੇਕੋ।

### ਕਸਰਤ ਕਰੋ

ਰੋਜ਼ਾਨਾ ਕਸਰਤ ਨਾਲ ਇਸ ਬਿਮਾਰੀ ਦੇ ਖ਼ਤਰੇ ਨੂੰ 50 ਫ਼ੀਸਦੀ ਤਕ ਘੱਟ ਕੀਤਾ ਜਾ ਸਕਦਾ ਹੈ। ਇਸ ਨਾਲ ਹੱਡੀਆਂ ਹੀ ਨਹੀਂ, ਮਾਸਪੇਸ਼ੀਆਂ ਵੀ ਮਜ਼ਬੂਤ ਹੁੰਦੀਆਂ ਹਨ ਤੇ ਉਨ੍ਹਾਂ 'ਚ ਲਚਕੀਲਾਪਣ ਬਣਿਆ ਰਹਿੰਦਾ ਹੈ। ਕਸਰਤ ਸ਼ੁਰੂ ਕਰਨ ਤੋਂ ਪਹਿਲਾਂ ਫਿਜ਼ੀਓਥੈਰੇਪਿਸਟ ਨਾਲ ਸਲਾਹ ਜ਼ਰੂਰ ਕਰ ਲਵੋ।



### ਚੁਸਤ ਰਹੋ

ਚੁਸਤ ਰਹਿਣ ਨਾਲ ਹੱਡੀਆਂ ਦਾ ਖੁਰਨਾ ਘਟਦਾ ਹੈ, ਜਿਸ ਨਾਲ ਪੱਠਿਆਂ ਦੀ ਤਾਕਤ ਠੀਕ ਰਹਿੰਦੀ ਹੈ। ਥੋੜ੍ਹਾ-ਬਹੁਤ ਭਾਰ ਚੁੱਕਣ ਵਾਲੀ ਵਰਜਿਸ਼ ਕਰਦੇ ਰਹੋ ਤੇ ਪੱਠਿਆਂ ਦੀ ਹਿਲਜੁਲ ਰੱਖੋ, ਜਿਵੇਂ ਤੇਜ਼ ਸੈਰ, ਪੌੜੀਆਂ ਚੜ੍ਹਨਾ-ਉਤਰਨਾ, ਟੈਨਿਸ ਖੇਡਣਾ, ਯੋਗਾ ਆਦਿ।

### ਕੈਲਸ਼ੀਅਮ

ਹੱਡੀਆਂ ਨੂੰ ਠੀਕ-ਠਾਕ ਰੱਖਣ ਲਈ ਕੈਲਸ਼ੀਅਮ ਦੀ ਲੋੜ ਹੁੰਦੀ ਹੈ। ਭੋਜਨ 'ਚ ਲੋੜੀਂਦੀ ਮਾਤਰਾ ਵਿਚ ਕੈਲਸ਼ੀਅਮ ਹੋਣਾ ਚਾਹੀਦਾ ਹੈ। ਇਸ ਲਈ ਕੈਲਸ਼ੀਅਮ ਦੀਆਂ ਗੋਲੀਆਂ ਵੀ ਲਈਆਂ ਜਾ ਸਕਦੀਆਂ ਹਨ। ਉਮਰ ਅਨੁਸਾਰ 9-18 ਸਾਲ ਤਕ 1300 ਮਿਲੀਗ੍ਰਾਮ, 19-50 ਸਾਲ ਤਕ 1000 ਮਿਲੀਗ੍ਰਾਮ ਤੇ 51 ਸਾਲ ਤੋਂ ਬਾਅਦ 1200 ਮਿਲੀਗ੍ਰਾਮ ਕੈਲਸ਼ੀਅਮ ਦੀ ਜ਼ਰੂਰਤ ਹੁੰਦੀ ਹੈ। ਪਾਲਕ ਤੇ ਪਨੀਰ ਵਿਚ ਕਾਫ਼ੀ ਮਾਤਰਾ 'ਚ ਕੈਲਸ਼ੀਅਮ ਹੁੰਦਾ ਹੈ।

### ਪਰਹੇਜ਼ ਜ਼ਰੂਰੀ

ਭਾਰ ਕੰਟਰੋਲ ਰੱਖਣ ਲਈ ਘਿਓ ਜਾਂ ਮੱਖਣ ਜਿਹੇ ਵਾਧੂ ਫੈਟ ਵਾਲੇ ਤੇ ਸਰੀਰ 'ਚ ਜਮ੍ਹਾਂ ਕਰਨ ਵਾਲੀ ਫੈਟ ਵਾਲੇ ਖ਼ੁਰਾਕੀ ਪਦਾਰਥਾਂ ਦਾ ਸੇਵਨ ਸੀਮਤ ਮਾਤਰਾ 'ਚ ਹੀ ਕਰੋ। ਸ਼ਰਕਰਾ ਦੀ ਜ਼ਿਆਦਾ ਮਾਤਰਾ ਖ਼ੂਨ 'ਚ ਅਲਾਮਤਾਂ ਪੈਦਾ ਕਰਦੀ ਹੈ, ਜਿਸ ਨਾਲ ਹੱਡੀਆਂ 'ਚੋਂ ਕੈਲਸ਼ੀਅਮ ਜ਼ਿਆਦਾ ਮਾਤਰਾ ਵਿਚ ਨਿਕਲਦੀ ਹੈ। ਇਸ ਤਰ੍ਹਾਂ ਮਹਿਲਾਵਾਂ ਨੂੰ ਬੋਨ 'ਚ ਜ਼ਿਆਦਾ ਫੈਟ ਵਾਲੇ ਖ਼ੁਰਾਕੀ ਪਦਾਰਥਾਂ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਹੈ, ਜਿਵੇਂ ਤਲਿਆ ਹੋਇਆ ਭੋਜਨ ਤੇ ਸਾਫਟ ਡਰਿੰਕਜ਼ ਆਦਿ। ਇਸ ਨਾਲ ਐਸਟ੍ਰੋਜਨ ਹਾਰਮੋਨਜ਼ ਘੱਟ ਹੁੰਦੇ ਹਨ, ਜਿਸ ਨਾਲ ਹੱਡੀਆਂ ਖੁਰਨ ਦਾ ਖ਼ਤਰਾ ਜ਼ਿਆਦਾ ਵੱਧਦਾ ਹੈ।

### ਅਲਾਮਤਾਂ

ਪਿੱਠ 'ਚ ਦਰਦ, ਕੁੱਬ ਨਿਕਲ ਆਉਣਾ, ਸਮਾਂ ਪਾ ਕੇ ਕੱਦ ਘਟ ਜਾਣਾ, ਰੀੜ੍ਹ ਦੀ ਹੱਡੀ ਦੇ ਮਣਕੇ ਫਿੱਸ ਜਾਣਾ, ਗੁੱਟ, ਹੱਡੀ ਦਾ ਟੁੱਟ ਜਾਣਾ, ਚੂਲ੍ਹੇ ਜਾਂ ਹੋਰ ਜੋੜਾਂ ਦੀਆਂ ਹੱਡੀਆਂ ਟੁੱਟ ਸਕਦੀਆਂ ਹਨ। ਨਾਰਮਲ ਹੱਡੀ ਨੂੰ ਦੇਖੀਏ ਤਾਂ ਇਹ ਸ਼ਹਿਦ ਦੀਆਂ ਮੱਖੀਆਂ ਦੇ ਛੱਤੇ ਵਾਂਗ ਦਿਖਾਈ ਦਿੰਦੀ ਹੈ। ਓਸਟੀਓਪਰੋਸਿਸ ਵਾਲੀ ਹੱਡੀ ਅੰਦਰੋਂ ਬਹੁਤ ਜ਼ਿਆਦਾ ਖ਼ਾਲੀ ਹੋ ਜਾਂਦੀ ਹੈ। ਹੱਡੀਆਂ ਦੀ ਘਣਤਾ ਜਾਂ ਤਾਕਤ ਜਾਂ ਇਸ ਦਾ ਠੋਸ ਹੋਣਾ ਇਸ ਵਿਚਲੇ ਖਣਿਜਾਂ 'ਤੇ ਨਿਰਭਰ ਕਰਦੀ ਹੈ। ਜਦੋਂ ਇਨ੍ਹਾਂ ਖਣਿਜਾਂ ਦੀ ਮਾਤਰਾ ਘਟ ਜਾਂਦੀ ਹੈ ਤਾਂ ਹੱਡੀਆਂ ਦੀ ਕਮਜ਼ੋਰੀ, ਕੁੱਬ ਅਤੇ ਫਰੈਕਚਰ ਹੋਣ ਲਗਦੇ ਹਨ।

### ਔਰਤਾਂ 'ਚ ਬਿਮਾਰੀ ਦਾ ਖ਼ਤਰਾ ਜ਼ਿਆਦਾ

ਕੁਝ ਮਹਿਲਾਵਾਂ 'ਚ ਵਿਟਾਮਿਨ-ਡੀ ਦੀ ਜ਼ਿਆਦਾ ਕਮੀ ਹੋ ਜਾਂਦੀ ਹੈ, ਜਿਸ ਨਾਲ ਇਸ ਬਿਮਾਰੀ ਦਾ ਖ਼ਤਰਾ ਜ਼ਿਆਦਾ ਵੱਧ ਜਾਂਦਾ ਹੈ। ਇਸ ਤੋਂ ਇਲਾਵਾ ਮੋਟਾਪਾ ਤੇ ਸਮੇਂ ਤੋਂ ਪਹਿਲਾਂ ਮੀਨੋਪੌਜ਼ ਹੋਣ ਵਾਲੀਆਂ ਮਹਿਲਾਵਾਂ 'ਚ ਇਸ ਦਾ ਜੋਖਮ ਵੱਧ ਜਾਂਦਾ ਹੈ। ਇਕ ਅਨੁਮਾਨ ਅਨੁਸਾਰ ਦੇਸ਼ 'ਚ 2013 ਤਕ 3.6 ਕਰੋੜ ਲੋਕਾਂ 'ਚ ਇਸ ਬਿਮਾਰੀ ਦੀ ਸ਼ੰਕਾ ਜਤਾਈ ਗਈ ਸੀ।

ਹੱਡੀਆਂ ਦਾ ਖੁਰਨਾ ਇਕ ਹੌਲੀ ਪ੍ਰਕਿਰਿਆ ਹੈ। ਇਸ 'ਚ ਹੱਡੀਆਂ ਰਾਤੋ-ਰਾਤ ਕਮਜ਼ੋਰ ਨਹੀਂ ਹੁੰਦੀਆਂ ਸਗੋਂ ਇਹ ਪ੍ਰਕਿਰਿਆ ਸਾਲਾਂ ਤਕ ਚੱਲਦੀ ਹੈ। 30 ਸਾਲ ਦੀ ਉਮਰ ਤੋਂ ਬਾਅਦ ਅੰਦਰੂਨੀ ਟਿਸ਼ੂਆਂ ਦੇ ਨਿਰਮਾਣ ਦੀ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ ਤੇ 55 ਸਾਲ ਦੀ ਉਮਰ ਤਕ ਇਹ ਟਿਸ਼ੂ ਹੌਲੀ-ਹੌਲੀ ਖ਼ਤਮ ਹੋਣ ਲਗਦੇ ਹਨ। ਅਜਿਹੇ 'ਚ ਹੱਡੀਆਂ ਵਿਚ ਕੈਲਸ਼ੀਅਮ ਦੀ ਘਾਟ ਹੋਣ ਕਾਰਨ ਉਨ੍ਹਾਂ ਦੀ ਘਣਤਾ 'ਚ ਕਮੀ ਆ ਜਾਂਦੀ ਹੈ।

# ਸਰਦੀਆਂ 'ਚ ਵਾਲ਼ ਝੜਨ ਤੋਂ ਪਰੇਸ਼ਾਨ ਹੋ ਤਾਂ ਪਿਆਜ਼ਾਂ ਦਾ ਤੇਲ ਲਗਾਓ

ਖ਼ੂਬਸੂਰਤ ਤੇ ਲੰਬੇ ਵਾਲ਼ ਹਰ ਔਰਤ ਦੀ ਖਾਹਸ਼ ਹੁੰਦੀ ਹੈ। ਤੁਸੀਂ ਜਾਣਦੇ ਹੋ ਕਿ ਸਕਿੱਨ ਵਾਂਗ ਵਾਲ਼ਾਂ 'ਤੇ ਵੀ ਠੰਢੇ ਮੌਸਮ ਦਾ ਅਸਰ ਪੈਂਦਾ ਹੈ। ਸਰਦੀ 'ਚ ਗਰਮ ਪਾਣੀ ਦਾ ਇਸਤੇਮਾਲ ਵਾਲ਼ਾਂ ਨੂੰ ਰੁੱਖਾ ਤੇ ਬੇਜਾਨ ਬਣਾ ਦਿੰਦਾ ਹੈ ਜਿਸ ਨਾਲ ਉਹ ਕਮਜ਼ੋਰ ਹੋ ਕੇ ਜਲਦੀ ਟੁੱਟਣ ਲੱਗਦੇ ਹਨ।

ਵਾਲ਼ ਜਿਸ ਰਫ਼ਤਾਰ ਨਾਲ ਟੁੱਟਦੇ ਹਨ, ਉਨ੍ਹਾਂ ਨੂੰ ਦੇਖ ਕੇ ਸਿਰ 'ਤੇ ਵਾਲ਼ਾਂ ਦੇ ਘੱਟ ਹੋਣ ਦਾ ਡਰ ਸਤਾਉਂਦਾ ਰਹਿੰਦਾ ਹੈ। ਤੁਸੀਂ ਵੀ ਜੇਕਰ ਵਾਲ਼ਾਂ ਦੇ ਟੁੱਟਣ ਤੋਂ ਪਰੇਸ਼ਾਨ ਹੋ ਤਾਂ ਪਿਆਜ਼ਾਂ ਦੇ ਰਸ ਦਾ ਇਸਤੇਮਾਲ ਕਰੋ। ਪਿਆਜ਼ ਵਾਲ਼ਾਂ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਹੁੰਦੇ। ਕਈ ਖੋਜਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਪਿਆਜ਼ ਵਾਲ਼ਾਂ ਨੂੰ ਜੜ੍ਹਾਂ ਤੋਂ ਮਜ਼ਬੂਤ ਬਣਾਉਂਦੇ ਹਨ। ਆਓ ਜਾਣਦੇ ਹਾਂ ਕਿ ਵਾਲ਼ਾਂ ਦੀ ਗ੍ਰੋਥ ਲਈ ਪਿਆਜ਼ਾਂ ਦਾ ਤੇਲ ਕਿਸ ਤਰ੍ਹਾਂ ਫਾਇਦੇਮੰਦ ਹੈ ਤੇ ਇਸ ਨੂੰ ਘਰ 'ਚ ਕਿਵੇਂ ਤਿਆਰ ਕਰੀਏ।

### ਪਿਆਜ਼ਾਂ ਦੇ ਤੇਲ ਦੀ ਰੈਸਿਪੀ

ਪਿਆਜ਼ਾਂ ਦਾ ਤੇਲ ਬਣਾਉਣ ਲਈ ਸਭ ਤੋਂ ਪਹਿਲਾਂ ਤੁਸੀਂ ਪਿਆਜ਼ਾਂ ਦਾ ਰਸ ਲਓ।



ਰਸ ਕੱਢਣ ਲਈ ਤੁਸੀਂ ਗਰਾਈਂਡਰ ਦੀ ਵਰਤੋਂ ਕਰ ਸਕਦੇ ਹੋ। ਪਹਿਲਾਂ ਇਕ ਪੈਨ 'ਚ ਨਾਰੀਅਲ ਤੇਲ ਪਾਓ ਤੇ ਤੇਲ ਵਿਚ ਪਿਆਜ਼ਾਂ ਦਾ ਰਸ ਪਾ ਦਿਉ। ਇਸ ਨੂੰ ਚੰਗੀ ਤਰ੍ਹਾਂ ਮਿਲਾ ਲਓ, ਫਿਰ ਠੰਢਾ ਹੋਣ ਤੋਂ ਬਾਅਦ ਇਸ ਨੂੰ ਛਾਣਨੀ ਨਾਲ ਛਾਣ ਲਓ। ਇਸ ਤੇਲ ਨੂੰ ਤੁਸੀਂ 6 ਮਹੀਨੇ ਤਕ ਇਸਤੇਮਾਲ ਕਰ ਸਕਦੇ ਹੋ।

### ਇੰਝ ਕਰੋ ਇਸਤੇਮਾਲ

ਪਿਆਜ਼ਾਂ ਦਾ ਤੇਲ ਬਣਾਉਣ ਲਈ ਸਭ ਤੋਂ ਪਹਿਲਾਂ ਤੁਸੀਂ ਵਾਲ਼ ਦੋ ਹਿੱਸਿਆਂ 'ਚ ਵੰਢ ਲਓ।

ਇਸ ਤੋਂ ਬਾਅਦ ਤੁਸੀਂ ਤੇਲ ਲਓ ਤੇ ਆਪਣੇ ਵਾਲ਼ਾਂ ਦੀਆਂ ਜੜ੍ਹਾਂ 'ਚ ਹਲਕੇ ਹੱਥਾਂ ਨਾਲ ਲਗਾਓ।

ਥੋੜ੍ਹੀ ਦੇਰ ਬਾਅਦ ਵਾਲ਼ਾਂ ਨੂੰ ਸ਼ੈਂਪੂ ਕਰੋ ਤਾਂ ਜੋ ਤੇਲ ਵਾਲ਼ਾਂ 'ਚੋਂ ਨਿਕਲ ਜਾਵੇ।

ਪਿਆਜ਼ਾਂ ਦੇ ਤੇਲ ਦੇ ਫਾਇਦੇ

ਪਿਆਜ਼ਾਂ ਦਾ ਤੇਲ ਵਾਲ਼ਾਂ ਨੂੰ ਗਹਿਰਾਈ ਨਾਲ ਕੰਡੀਸ਼ਨਰ ਕਰ ਕੇ ਰੁੱਖੇ ਵਾਲ਼ਾਂ ਨੂੰ ਜਾਨਦਾਰ ਬਣਾਉਂਦਾ ਹੈ।

ਇਸ ਤੇਲ ਨਾਲ ਵਾਲ਼ਾਂ ਦੀਆਂ ਜੜ੍ਹਾਂ ਮਜ਼ਬੂਤ ਹੁੰਦੀਆਂ ਹਨ।

ਪਿਆਜ਼ਾਂ ਦਾ ਤੇਲ ਸਿੱਕਰੀ ਦੂਰ ਕਰਦਾ ਹੈ ਤੇ ਵਾਲ਼ਾਂ ਦਾ ਝੜਨਾ ਰੋਕਦਾ ਹੈ।



ਬਰਸੀ 'ਤੇ ਵਿਸ਼ੇਸ਼

# ਗ਼ਦਰੀ ਬਾਬਾ ਵਿਸਾਖਾ ਸਿੰਘ

ਭਾਰਤ ਲੰਮਾ ਸਮਾਂ ਅੰਗਰੇਜ਼ਾਂ ਦਾ ਗੁਲਾਮ ਰਿਹਾ। ਇਸ ਗੁਲਾਮੀ ਤੋਂ ਨਿਜਾਤ ਹਾਸਲ ਕਰਨ ਲਈ ਜਿੱਥੇ ਭਾਰਤੀ ਨੌਜਵਾਨਾਂ ਨੇ ਅਨੇਕਾਂ ਕੁਰਬਾਨੀਆਂ ਕੀਤੀਆਂ, ਉੱਥੇ ਗ਼ਦਰੀ ਬਾਬਿਆਂ ਦੀਆਂ ਕੁਰਬਾਨੀਆਂ ਦਾ ਵੀ ਆਪਣਾ ਇੱਕ ਵੱਖਰਾ ਅਧਿਆਏ ਹੈ। ਇਸ ਅਧਿਆਏ ਵਿੱਚ ਦੇਸ਼ ਭਗਤ ਗ਼ਦਰੀ ਬਾਬਾ ਵਿਸਾਖਾ ਸਿੰਘ ਦਾ ਨਾਂ ਵੀ ਸ਼ਾਮਲ ਹੈ।

ਬਾਬਾ ਜੀ ਦਾ ਜਨਮ ਮਾਝੇ ਦੇ ਕੇਂਦਰੀ ਜ਼ਿਲ੍ਹੇ ਅੰਮ੍ਰਿਤਸਰ ਦੇ ਇੱਕ ਛੋਟੇ ਜਿਹੇ ਪਿੰਡ ਦਦੇਹਰ ਵਿੱਚ ਅੱਧ ਵਿਸਾਖ ਸੰਮਤ ਬਿਕਰਮੀ 1834 ਅਰਥਾਤ 1877 ਈਸਵੀ ਨੂੰ ਦਿਆਲ ਸਿੰਘ ਅਤੇ ਇੰਦ ਕੌਰ ਦੇ ਘਰ ਹੋਇਆ। ਦੇਸੀ ਮਹੀਨੇ ਵਿਸਾਖ ਦੀ ਪੈਦਾਇਸ਼ ਹੋਣ ਕਰਕੇ ਬਾਬਾ ਜੀ ਦਾ ਨਾਂ ਵਿਸਾਖਾ ਸਿੰਘ ਰੱਖ ਦਿੱਤਾ ਗਿਆ। ਬਚਪਨ ਤੋਂ ਹੀ ਉਹ ਸਾਧੂ ਸੁਭਾਅ ਅਤੇ ਧਾਰਮਿਕ ਸੋਚ ਵਾਲੇ ਵਿਅਕਤੀ ਸਨ। ਉਨ੍ਹਾਂ ਨੇ ਆਪਣੀ ਮੁੱਢਲੀ ਵਿੱਦਿਆ ਪਿੰਡ ਦੇ ਗੁਰਦੁਆਰੇ ਦੇ ਸੰਤ ਈਸ਼ਰ ਦਾਸ ਪਾਸੋਂ ਗ੍ਰਹਿਣ ਕੀਤੀ। 1896 ਈ. ਵਿੱਚ ਬਾਬਾ ਜੀ ਫੌਜ ਵਿੱਚ ਭਰਤੀ ਹੋ ਗਏ ਪਰ ਪਗੜੀ ਸੰਭਾਲ ਜੱਟਾ ਲਹਿਰ ਦੇ ਆਗੂ ਅਜੀਤ ਸਿੰਘ (ਸ਼ਹੀਦ ਭਗਤ ਸਿੰਘ ਦੇ ਚਾਚਾ) ਦੇ ਪ੍ਰਭਾਵ ਹੇਠ ਆ ਕੇ ਉਨ੍ਹਾਂ ਨੇ 1907 ਈਸਵੀ ਨੂੰ ਫੌਜ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਕੁੱਝ ਸਮਾਂ ਪਾ ਕੇ ਉਹ ਹੰਕਾਊ (ਚੀਨ) ਚਲੇ ਗਏ ਅਤੇ ਉਥੇ ਪੁਲੀਸ ਵਿੱਚ ਭਰਤੀ ਹੋ ਗਏ। ਇੱਥੇ ਵੀ ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਵੱਧ-ਵੱਧ ਖਾਣ ਲੱਗਿਆ, ਜਿਸ ਦੀ ਬਦੌਲਤ ਉਨ੍ਹਾਂ ਨੇ ਇਹ ਨੌਕਰੀ ਵੀ ਛੱਡ ਦਿੱਤੀ।

1908 ਈ. ਵਿੱਚ ਬਾਬਾ ਜੀ ਅਮਰੀਕਾ ਚਲੇ ਗਏ। ਇੱਥੇ ਉਨ੍ਹਾਂ ਦਾ ਤਾਲਮੇਲ ਬਹੁਤ ਸਾਰੇ ਗਦਰੀਆਂ ਅਤੇ ਦੇਸ਼ ਭਗਤਾਂ ਜਿਵੇਂ ਬਾਬਾ ਸੋਹਣ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ, ਲਾਲਾ ਹਰਦਿਆਲ, ਹਰਨਾਮ ਸਿੰਘ ਟੁੰਡੀਲਾਟ ਅਤੇ ਭਾਈ ਪਰਮਾਨੰਦ ਨਾਲ ਹੋਇਆ।

ਜੁਲਾਈ 1914 ਈ. ਨੂੰ ਪਹਿਲੀ ਸੰਸਾਰ ਜੰਗ ਛਿੜ ਪਈ। ਇਸ ਜੰਗ ਦੇ ਛਿੜਨ 'ਤੇ ਗ਼ਦਰ ਪਾਰਟੀ ਦੇ 'ਯੁਗਾਂਤਰ ਆਸ਼ਰਮ' ਵਿੱਚ ਇੱਕ ਹੰਗਾਮੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਮੌਕੇ ਦਾ ਫਾਇਦਾ ਉਠਾਉਂਦਿਆਂ ਹੋਇਆਂ ਸਾਰੇ ਗ਼ਦਰੀਆਂ ਨੂੰ ਦੇਸ਼ ਪਰਤ ਕੇ ਗ਼ਦਰ ਕਰਨ ਲਈ ਕਿਹਾ ਗਿਆ। 1914 ਨੂੰ ਸਾਰੇ ਗ਼ਦਰੀਆਂ ਨੇ ਭਾਰਤ ਵੱਲ ਮੁਹਾਰਾਂ ਮੋੜ ਲਈਆਂ, ਪਰ ਬਾਬਾ ਜੀ 1915 ਈ. ਵਿੱਚ ਦੇਸ਼ (ਭਾਰਤ) ਪਹੁੰਚੇ। ਦੇਸ਼ ਪਹੁੰਚਦਿਆਂ ਹੀ ਉਨ੍ਹਾਂ ਨੂੰ ਮਦਰਾਸ ਤੋਂ ਗ੍ਰਿਫ਼ਤਾਰ ਕਰਕੇ ਲੁਧਿਆਣਾ ਭੇਜ ਦਿੱਤਾ ਗਿਆ।


ਰਮੇਸ਼ ਬੱਗਾ ਚੋਹਲਾ

ਪੁੱਛ-ਪੜਤਾਲ ਤੋਂ ਬਾਅਦ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਅਪਰੈਲ 1915 ਨੂੰ ਮੁੜ ਗ੍ਰਿਫਤਾਰੀ ਹੋਈ ਅਤੇ ਮੁਲਤਾਨ ਜੇਲ੍ਹ ਭੇਜ ਦਿੱਤਾ ਗਿਆ। 16 ਨਵੰਬਰ 1915 ਨੂੰ ਕਰਤਾਰ ਸਿੰਘ ਸਰਾਭਾ ਅਤੇ ਉਸ ਦੇ ਸੱਤ ਹੋਰ ਸਾਥੀਆਂ ਨੂੰ ਫਾਂਸੀ ਦੇਣ ਤੋਂ ਬਾਅਦ ਉਨ੍ਹਾਂ ਨੂੰ ਕਾਲੇ ਪਾਣੀ (ਅੰਡੇਮਾਨ) ਭੇਜ ਦਿੱਤਾ ਗਿਆ। 14 ਅਪਰੈਲ 1920 ਨੂੰ ਬਾਬਾ ਜੀ ਦੀ ਸਿਹਤ ਅਚਾਨਕ ਖਰਾਬ ਹੋ ਗਈ ਅਤੇ ਅੰਗਰੇਜ਼ ਸਰਕਾਰ ਨੇ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ। ਰਿਹਾਈ ਤੋਂ ਬਾਅਦ ਉਹ ਪਿੰਡ ਆ ਗਏ।

ਪਿੰਡ ਆ ਕੇ ਬਾਬਾ ਜੀ ਨੇ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਬਣਾ ਲਈ ਅਤੇ ਤਨ ਮਨ ਅਤੇ ਧਨ ਨਾਲ ਦੇਸ਼ ਭਗਤ ਪਰਿਵਾਰਾਂ ਦੀ ਸਹਾਇਤਾ ਵਿੱਚ ਜੁਟ ਗਏ। ਇਸ ਮਨੋਰਥ ਲਈ ਬਾਬਾ ਜੀ ਨੇ ਇੱਕ ਵਿਸ਼ੇਸ਼ ਫੰਡ ਕਾਇਮ ਕੀਤਾ ਜਿਸ ਵਿਚੋਂ ਸਵਾ ਪੰਜ ਲੱਖ ਦੀ ਰਕਮ ਗਦਰ ਲਹਿਰ ਨਾਲ ਜੁੜੇ ਪਰਿਵਾਰਾਂ ਵਿਚ ਵੰਡੀ ਗਈ। ਬਾਬਾ ਜੀ ਬਹੁਤ ਸਾਰੇ ਗਦਰੀਆਂ ਦੇ ਘਰਾਂ ਵਿਚ ਗਏ ਅਤੇ ਉਨ੍ਹਾਂ ਨਾਲ ਮੇਲ-ਮਿਲਾਪ ਕਰਕੇ ਸੁੱਖਸਾਂਦ ਦੱਸੀ। ਕੈਦੀ ਗ਼ਦਰੀਆਂ ਦੇ ਕੇਸਾਂ ਦੀ ਪੈਰਵਾਈ ਕਰਨ ਦਾ ਵੀ ਬਾਬਾ ਜੀ ਵੱਲੋਂ ਵਿਸ਼ੇਸ਼ ਉਪਰਾਲਾ ਕੀਤਾ ਗਿਆ। ਬਾਬਾ ਵਿਸਾਖਾ ਸਿੰਘ ਨੇ ਕਿਰਤੀ-ਕਿਸਾਨ ਜਥੇਬੰਦੀ ਦਾ ਮੁੱਢ ਬੰਨ੍ਹਣ ਵਿਚ ਵੀ ਅਹਿਮ ਯੋਗਦਾਨ ਪਾਇਆ ਅਤੇ ਇਸ ਦੀ ਚੜ੍ਹਦੀਕਲਾ ਲਈ ਵਿਸ਼ੇਸ਼ ਯਤਨ ਕੀਤੇ। ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਲਈ ਵੀ ਬਾਬਾ ਜੀ ਵੱਡਮੁੱਲੀ ਦੇਣ ਰਹੀ ਹੈ।

1932 ਵਿੱਚ ਬਾਬਾ ਜੀ ਨੇ ਅੰਮ੍ਰਿਤ ਪ੍ਰਚਾਰ ਸੰਗਤ ਨਾਂ ਦੀ ਸੰਸਥਾ ਬਣਾਈ ਅਤੇ ਲੋਕਾਂ ਨੂੰ ਅੰਮ੍ਰਿਤ ਪਾਨ ਕਰਵਾਇਆ। ਉਨ੍ਹਾਂ ਦੀਆਂ ਪੰਥਕ ਸੇਵਾਵਾਂ ਨੂੰ ਮੁੱਖ ਰੱਖ ਕੇ 1934 ਈ. ਵਿਚ ਉਨ੍ਹਾਂ ਨੂੰ ਅਕਾਲ ਤਖ਼ਤ ਦਾ ਜਥੇਦਾਰ ਬਣਾਇਆ ਗਿਆ। 5 ਦਸੰਬਰ 1957 ਨੂੰ ਬਾਬਾ ਵਿਸਾਖਾ ਸਿੰਘ ਦਾ ਦੇਹਾਂਤ ਹੋ ਗਿਆ। ਬਾਬਾ ਜੀ ਦੀ ਬਰਸੀ ਹਰ ਸਾਲ 5 ਦਸੰਬਰ ਨੂੰ ਪਿੰਡ ਦਦੇਹਰ ਸਾਹਿਬ ਵਿੱਚ ਮਨਾਈ ਜਾਂਦੀ ਹੈ।

# ਨਵੇਂ ਖੇਤੀ ਕਾਨੂੰਨ ਤੇ ਕਿਸਾਨ ਅੰਦੋਲਨ

(ਸਫਾ 16 ਦੀ ਬਾਕੀ)

ਹੁਣ ਤਾਂ ਆਤਮ-ਅਨੁਸ਼ਾਸਨ ਰਾਹੀਂ ਖੁਦ ਹੀ ਸਥਾਨਕ ਹਾਲਾਤ ਅਨੁਸਾਰ ਨਵੇਂ ਪੈਂਤੜੇ ਅਪਨਾਉਣੇ ਪੈਣਗੇ। ਬੇਸ਼ੱਕ ਇਸ ਸੱਚ ਵਿਚ ਰੱਤੀ ਭਰ ਵੀ ਸੰਦੇਹ ਨਹੀਂ ਹੈ ਕਿ ਕਿਸਾਨ ਵਿਰੋਧੀ ਕਾਨੂੰਨ ਪੂੰਜੀਪਤੀਆਂ ਦੇ ਨਾਪਾਕ ਇਰਾਦਿਆਂ ਦਾ ਪ੍ਰਗਟਾਵਾ ਕਰਦੇ ਹਨ ਤੇ ਪੂੰਜੀਵਾਦ ਨੂੰ ਠੱਲ੍ਹ ਪਾਉਣਾ ਪੂਰੇ ਵਿਸ਼ਵ ਦੇ ਕਾਮਿਆਂ, ਮਜ਼ਦੂਰਾਂ ਅਤੇ ਮਿਹਨਤਕਸ਼ਾਂ ਲਈ ਜ਼ਰੂਰੀ ਹੈ ਪਰ ਇਸ ਮੰਤਵ ਲਈ ਸਾਨੂੰ ਆਪਣੇ ਅੰਦੋਲਨ ਪੂਰੇ ਵਿਸ਼ਵ ਦੇ ਕਾਮਿਆਂ-ਮਜ਼ਦੂਰਾਂ ਨਾਲ ਜੋੜਨੇ ਪੈਣਗੇ।

ਸਿਆਹਫਾਮਾਂ ਦੀਆਂ 'ਸਮੱਸਿਆਵਾਂ, ਨਾਰੀ ਦੇ ਹੋਣ ਵਾਲਾ ਸ਼ੋਸ਼ਣ, ਦਲਿਤਾਂ ਅਤੇ ਕਬੀਲਿਆਂ ਨਾਲ ਸੰਬੰਧਤ ਲੋਕਾਂ 'ਤੇ ਹੋਣ ਵਾਲੀ ਧੱਕੇਸ਼ਾਹੀ, ਬੇਰੁਜ਼ਗਾਰੀ, ਵਿਆਪਕ ਭ੍ਰਿਸ਼ਟਾਚਾਰ, ਆਪਣਾ ਕੰਮ ਕਢਾਉਣ ਦੀ ਨੀਤੀ, ਲੁੱਟ-ਖਸੁੱਟ, ਚਰਿੱਤਰ ਹਨਨ- ਇਹ ਸਭ ਕਾਮਿਆਂ ਨੂੰ ਪਥ-ਭ੍ਰਸ਼ਟ ਕਰਨ ਵਾਲੀਆਂ ਅਲਾਮਤਾਂ ਹਨ, ਅਸੀਂ ਸਭ ਲੋਕ ਜਾਣਦੇ ਵੀ ਹਾਂ ਪਰ ਇਹ ਸਭ ਕਰੀ ਜਾ ਰਹੇ ਹਾਂ। ("We Know it but still we are doing", Marx) ਇਹੋ ਜਿਹੀਆਂ ਹੁਸ਼ਿਆਰੀਆਂ ਤੇ ਹੱਥਕੰਡੇ ਇਨਕਲਾਬ ਨੂੰ ਅੱਗੇ ਨਹੀਂ ਵਧਣ ਦਿੰਦੇ। ਆਤਮ-ਵਿਸ਼ਲੇਸ਼ਣ ਕਰ ਕੇ ਇਨ੍ਹਾਂ ਚਤੁਰਾਈਆਂ ਅਤੇ ਵਿਕਾਰਾਂ ਤੋਂ ਬਚਣ ਦੀ ਲੋੜ ਹੈ। ਨਹੀਂ ਤਾਂ ਸਾਰੇ ਇਨਕਲਾਬ ਕੁਰਾਹੇ ਪੈਂਦੇ ਜਾਣਗੇ ਤੇ ਮੁਕਤੀ ਦੀ ਮੰਜ਼ਿਲ ਦਿਨੋ-ਦਿਨ ਦੂਰ ਹੁੰਦੀ ਜਾਵੇਗੀ।

# ਇਕ ਦੇਸ਼, ਇਕ ਚੋਣ ਦੀ ਲੋੜ ਕਿਉਂ ਪੈ ਰਹੀ ਹੈ?

(ਸਫਾ 14 ਦੀ ਬਾਕੀ)

ਡਿੱਗ ਜਾਣ ਦੀ ਨਹੀਂ ਹੈ। ਕੇਂਦਰ ਵਿਚ ਵੀ ਸਰਕਾਰ ਦੀ ਸਥਿਰਤਾ ਦੀ ਕੋਈ ਸੰਵਿਧਾਨਕ ਵਿਵਸਥਾ ਨਹੀਂ ਹੈ। ਹਰ ਕੋਈ ਇਸ ਤੱਥ ਤੋਂ ਜਾਣੂ ਹੈ ਕਿ ਸਿਆਸੀ ਪਾਰਟੀਆਂ ਆਪਣੇ ਫ਼ਾਇਦੇ ਲਈ ਲੋਕ ਫ਼ਤਵੇ ਦੀ ਕਿਸ ਤਰ੍ਹਾਂ ਮਨ-ਮਾਫ਼ਕ ਵਿਆਖਿਆ ਕਰਦੀਆਂ ਹਨ ਅਤੇ ਉਸ ਦੇ ਨਿਰਾਦਰ ਵਿਚ ਸੰਕੋਚ ਵੀ ਨਹੀਂ ਕਰਦੀਆਂ ਜੋ ਕਿ ਬੇਹੱਦ ਮੰਦਭਾਗਾ ਵਰਤਾਰਾ ਹੈ। ਸੰਨ 1998 ਵਿਚ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠ ਬਣੀ ਸਰਕਾਰ ਸਿਰਫ਼ 13 ਦਿਨ ਚੱਲ ਸਕੀ ਸੀ ਕਿਉਂਕਿ ਉਸ ਸਮੇਂ ਭਾਜਪਾ ਦੀਆਂ ਵਿਰੋਧੀ ਪਾਰ-ਟੀਆਂ ਨੇ ਲੋਕ ਫ਼ਤਵੇ ਨੂੰ ਸਵੀਕਾਰ ਕਰਨ ਦੀ ਥਾਂ ਨਾਂਹ-ਪੱਖੀ ਸੋਚ ਦਾ ਮੁਜ਼ਾਹਰਾ ਕੀਤਾ ਸੀ।

ਉਹ ਅਜਿਹਾ ਇਸ ਲਈ ਕਰ ਸਕੀਆਂ ਸਨ ਕਿਉਂਕਿ ਆਪਣੇ ਦੇਸ਼ ਵਿਚ ਅਜਿਹੀ ਕੋਈ ਵਿਵਸਥਾ ਨਹੀਂ ਹੈ ਜਿਸ ਸਦਕਾ ਰਾਜਨੀਤਕ ਪਾਰਟੀਆਂ ਲਈ ਕਿਸੇ ਸਰਕਾਰ ਨੂੰ ਤੋੜਨ ਤੋਂ ਪਹਿਲਾਂ ਬਦਲਵੀਂ ਸਰਕਾਰ ਦੀ ਰੂਪ-ਰੇਖਾ ਪੇਸ਼ ਕਰਨੀ ਲਾਜ਼ਮੀ ਹੋਵੇ।

ਰਾਜਨੀਤਕ ਪਾਰਟੀਆਂ ਅਜਿਹੀ ਕਿਸੇ ਵਿਵਸਥਾ ਲਈ ਸ਼ਾਇਦ ਹੀ ਸਹਿਮਤ ਹੋਣ ਕਿਉਂਕਿ ਇਸ ਨਾਲ ਉਨ੍ਹਾਂ ਲਈ ਆਪਣੀ ਸਹੂਲਤ ਮੁਤਾਬਕ ਰਾਜਨੀਤੀ ਕਰਨੀ ਔਖੀ ਹੋ ਜਾਵੇਗੀ। ਇਸ ਦਾ ਸਬੂਤ ਇਹ ਹੈ ਕਿ ਸੰਨ 1999 ਵਿਚ ਇਸ ਵਿਸ਼ੇ 'ਤੇ ਲਾਅ ਕਮਿਸ਼ਨ ਨੇ ਵਾਜਪਾਈ ਸਰਕਾਰ ਅੱਗੇ ਜੋ ਰਿਪੋਰਟ ਪੇਸ਼ ਕੀਤੀ ਸੀ, ਉਸ 'ਤੇ ਸੰਨ 2018 ਵਿਚ ਸਰਬ-ਪਾਰਟੀ ਬੈਠਕ ਹੋਈ ਅਤੇ ਸਹਿਮਤੀ ਫਿਰ ਵੀ ਨਹੀਂ ਬਣ ਸਕੀ। ਜੇਕਰ ਇਕੱਠੀਆਂ ਚੋਣਾਂ ਦੇ ਵਿਚਾਰ ਨੂੰ ਅਪਣਾਇਆ ਜਾਣਾ ਹੈ ਤਾਂ ਲਾਅ ਕਮਿਸ਼ਨ ਦੀ ਸਿਫ਼ਾਰਸ਼ ਮੁਤਾਬਕ ਵਿਵਸਥਾ ਦਾ ਨਿਰਮਾਣ ਕਰਨਾ ਹੋਵੇਗਾ। ਅਜਿਹੇ ਕਿਸੇ ਉਪਾਅ ਦੇ ਜ਼ਰੀਏ ਹੀ ਸਰਕਾਰਾਂ ਦੇ ਯਕੀਨੀ ਕਾਰਜਕਾਲ ਪ੍ਰਤੀ ਆਸਵੰਦ ਹੋਇਆ ਜਾ ਸਕਦਾ ਹੈ।

ਇਕੱਠੀਆਂ ਚੋਣਾਂ ਦੇ ਵਿਚਾਰ ਦਾ ਵਿਰੋਧ ਕਰ ਰਹੀਆਂ ਪਾਰਟੀਆਂ ਦੀ ਇਕ ਦਲੀਲ ਇਹ ਵੀ ਹੈ ਕਿ ਇਸ ਨਾਲ ਇਲਾਕਾਈ ਮੁੱਦੇ ਪਿੱਛੇ ਰਹਿ ਜਾਣਗੇ। ਇਸ ਦਲੀਲ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ। ਇਕ ਤਾਂ ਪਹਿਲਾਂ ਵੀ ਇਕੱਠੀਆਂ ਚੋਣਾਂ ਹੋ ਚੁੱਕੀਆਂ ਹਨ ਅਤੇ ਦੂਜਾ, ਰਾਜਨੀਤਕ ਪਾਰਟੀਆਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਸੁਧਾਰ ਦੇ ਉਪਾਵਾਂ ਨੂੰ ਹੱਲਾਸ਼ੇਰੀ ਦੇਣ, ਨਾ ਕਿ ਸੌੜੀ ਸੋਚ ਦੇ ਦਾਇਰੇ ਵਿਚ ਉਲਝੀਆਂ ਰਹਿਣ।

ਉਨ੍ਹਾਂ ਨੂੰ ਹਾਂ-ਪੱਖੀ ਸੋਚ ਦਾ ਮੁਜ਼ਾਹਰਾ ਕਰਦੇ ਹੋਏ ਕ੍ਰਾਂਤੀਕਾਰੀ ਕਦਮਾਂ ਲਈ ਸਰਕਾਰ ਨਾਲ ਕਦਮਤਾਲ ਕਰਨੀ ਚਾਹੀਦੀ ਹੈ। ਇਸ ਵਿਚ ਮੁਲਕ ਦਾ ਭਲਾ ਛੁਪਿਆ ਹੋਇਆ ਹੈ। ਵਿਰੋਧੀ ਪਾਰਟੀਆਂ ਨੂੰ ਆਪਣੇ ਸੌੜੇ ਸਿਆਸੀ ਹਿੱਤਾਂ ਨੂੰ ਤਿਲਾਂਜਲੀ ਦੇ ਕੇ ਕੌਮੀ ਹਿੱਤਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਹ ਠੀਕ ਹੈ ਕਿ ਪਹਿਲਾਂ ਜਦ ਇਕੱਠੀਆਂ ਚੋਣਾਂ ਹੁੰਦੀਆਂ ਸਨ, ਉਦੋਂ ਦੇ ਮੁਕਾਬਲੇ ਅੱਜ ਹਾਲਾਤ ਵੱਖਰੇ ਹਨ। ਖੇਤਰੀ ਪਾਰਟੀਆਂ ਦੇ ਉਭਰਨ ਦੇ ਨਾਲ ਹੀ ਕਾਂਗਰਸ ਦਾ ਰਾਜਨੀਤਕ ਆਧਾਰ ਬਹੁਤ ਜ਼ਿਆਦਾ ਘਟ ਗਿਆ ਹੈ ਜਿਸ ਕਾਰਨ ਇਸ ਵਿਚਾਰ 'ਤੇ ਸਹਿਮਤੀ ਬਣਾਉਣੀ ਮੁਸ਼ਕਲ ਹੋ ਸਕਦੀ ਹੈ ਪਰ ਇਸ ਦੀ ਕੋਈ ਤੁਕ ਨਹੀਂ ਕਿ ਇਕ ਅਜਿਹੇ ਵਿਚਾਰ 'ਤੇ ਚਰਚਾ ਕਰਨ ਤੋਂ ਵੀ ਬਚਿਆ ਜਾਵੇ ਜਿਸ ਨੂੰ ਜ਼ਰੂਰੀ ਮੰਨਿਆ ਜਾ ਰਿਹਾ ਹੈ।

ਦੋ ਸਾਲ ਬਾਅਦ ਦੇਸ਼ ਆਜ਼ਾਦੀ ਦੇ 75 ਵਰ੍ਹੇ ਮੁਕੰਮਲ ਹੋਣ ਦਾ ਜਸ਼ਨ ਮਨਾਵੇਗਾ। ਇਹ ਉਹ ਮੌਕਾ ਹੈ ਜਦ ਲੋਕਤੰਤਰ ਦੀ ਮਜ਼ਬੂਤੀ ਅਤੇ ਪਰਿਪੱਕਤਾ ਲਈ ਸਾਰੀਆਂ ਸਿਆਸੀ ਪਾਰਟੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਇਕੱਠੀਆਂ ਚੋਣਾਂ ਦੇ ਵਿਚਾਰ 'ਤੇ ਅਮਲ ਯਕੀਨੀ ਬਣਾਉਣਾ ਚਾਹੀਦਾ ਹੈ।

# ਅਰਨਬ ਗੋਸਵਾਮੀ ਨੂੰ ਪੱਤਰਕਾਰ ਨਹੀ ਕਿਹਾ ਜਾ ਸਕਦਾ

(ਸਫਾ 11 ਦੀ ਬਾਕੀ)

ਲਈ ਖ਼ੁਦਕੁਸ਼ੀ ਕਰ ਲਈ ਸੀ ਕਿਉਂਕਿ ਬਾਲੂ ਨੇ ਉਸ ਨਾਲ ਵਿਆਹ ਕਰਾਉਣ ਤੋਂ ਇਨਕਾਰ ਕਰ ਦਿੱਤਾ ਸੀ। ਰਾਘਵਨ ਉਦੋਂ ਆਪਣੇ ਜੱਦੀ ਰਾਜ ਵਿਚ ਅਪਰਾਧ ਸ਼ਾਖਾ ਦਾ ਮੁਖੀ ਸੀ ਤੇ ਉਸ ਨੇ ਖ਼ੁਦਕੁਸ਼ੀ ਦੇ ਕੇਸ ਨੂੰ ਹੱਤਿਆ ਦਾ ਕੇਸ ਬਣਾਉਣ ਤੋਂ ਮਨ੍ਹਾਂ ਕਰ ਦਿੱਤਾ ਸੀ। ਫਿਰ ਉਸ ਨੂੰ ਬਾਲੂ ਖ਼ਿਲਾਫ਼ ਖ਼ੁਦਕੁਸ਼ੀ ਲਈ ਉਕਸਾਉਣ ਦਾ ਕੇਸ ਦਰਜ ਕਰਨ ਲਈ ਕਿਹਾ ਗਿਆ, ਪਰ ਜਦੋਂ ਰਾਘਵਨ ਇਸ ਗੱਲ ਲਈ ਵੀ ਰਾਜ਼ੀ ਨਾ ਹੋਇਆ ਤਾਂ ਉਸ ਨੂੰ ਨੌਕਰੀ ਤੋਂ ਬਰਤਰਫ਼ ਕਰ ਦਿੱਤਾ ਗਿਆ। ਹੁਣ ਲੋਕਾਂ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ ਦੇ ਸ਼ੱਕੀ ਕੇਸਾਂ ਵਿਚ ਫਸਾਉਣ ਦਾ ਸਿਲਸਿਲਾ ਆਮ ਹੋ ਗਿਆ ਹੈ। ਰਾਇਗੜ੍ਹ ਵਾਲੇ ਮਾਮਲੇ ਵਿਚ ਮ੍ਰਿਤਕ ਦੀ ਪਤਨੀ ਨੇ ਮੁਕਾਮੀ ਜੁਡੀਸ਼ਲ ਮੈਜਿਸਟਰੇਟ ਸਾਹਮਣੇ ਪੇਸ਼ ਹੋ ਕੇ ਸ਼ਿਕਾਇਤ ਕੀਤੀ ਸੀ ਤੇ ਅਦਾਲਤ ਨੇ ਪੁਲੀਸ ਨੂੰ ਮਾਮਲੇ ਦੀ ਨਵੇਂ ਸਿਰਿਓਂ ਜਾਂਚ ਕਰਨ ਦੇ ਹੁਕਮ ਦਿੱਤੇ ਸਨ। ਇਸ ਗੱਲ 'ਤੇ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਪੁਲੀਸ ਨਵੇਂ ਪ੍ਰਬੰਧ ਬਾਰੇ ਚੰਗੀ ਤਰ੍ਹਾਂ ਵਾਕਫ਼ ਸੀ। ਉਨ੍ਹਾਂ ਜਲਦੀ ਹੀ ਇਹ ਸਿੱਟਾ ਕੱਢ ਦਿੱਤਾ ਕਿ ਗੋਸਵਾਮੀ ਦਾ ਪੈਸੇ ਦੇਣ ਤੋਂ ਇਨਕਾਰ ਹੀ ਉਸ ਸ਼ਖ਼ਸ ਦੀ ਖ਼ੁਦਕੁਸ਼ੀ ਦਾ ਫ਼ੌਰੀ ਕਾਰਨ ਬਣਿਆ ਸੀ, ਪਰ ਇਸ ਬਾਰੇ ਕੋਈ ਸੂਹ ਨਾ ਨਿਕਲੀ ਕਿ ਉਨ੍ਹਾਂ ਪਿਛਲੀ ਭਾਜਪਾ ਸਰਕਾਰ ਵੇਲੇ ਕੀਤੀ ਗਈ ਜਾਂਚ ਨੂੰ ਰੱਦ ਕਿਉਂ ਕੀਤਾ ਸੀ। ਇਸ ਤੋਂ ਅਸੀਂ ਇਹ ਨਤੀਜਾ ਨਹੀਂ ਕੱਢ ਸਕਦੇ ਕਿ ਤਰੀਕਾਕਾਰ ਵਿਚ ਆਈ ਇਸ ਅਚਨਚੇਤ ਤਬਦੀਲੀ ਦਾ ਮਨਸ਼ਾ ਬਦਲੇ ਦੀ ਭਾਵਨਾ ਸੀ।

ਸੱਤਾ ਵਿਚ ਬੈਠੇ ਹਾਕਮਾਂ ਦੀ ਪਸੰਦ ਨਾਪਸੰਦ ਪੁਲੀਸ ਦੀ ਕਾਰਵਾਈ ਦਾ ਪੈਮਾਨਾ ਨਹੀਂ ਬਣ ਸਕਦੀ। ਅਫ਼ਸੋਸਨਾਕ ਗੱਲ ਇਹ ਹੈ ਕਿ ਗੁਨਾਹ ਵਿਚ ਸ਼ਮੂਲੀਅਤ ਦਾ ਫ਼ੈਸਲਾ ਅਕਸਰ ਸਿਆਸੀ ਸਫ਼ਬੰਦੀਆਂ ਤੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਂਦਾ ਹੈ। ਮੁੱਢੋਂ ਸੁੱਢੋਂ ਕਿਸੇ ਦੀ ਇਹੋ ਜਿਹੀ ਕੋਈ ਭਾਵਨਾ ਨਹੀਂ ਹੁੰਦੀ। ਸੱਚ ਜਾਂ ਕਾਨੂੰਨ ਨਾਲ ਅਜਿਹਾ ਖਿਲਵਾੜ ਹੁਣ ਸੱਤਾ ਵਿਚ ਬੈਠੀਆਂ ਪਾਰਟੀਆਂ ਦਾ ਚਲਨ ਬਣ ਗਿਆ ਹੈ। ਵਿਰੋਧੀਆਂ ਨੂੰ ਤੰਗ ਪ੍ਰੇਸ਼ਾਨ ਕਰਨ ਲਈ ਸਰਕਾਰ ਦੇ ਏਜੰਟ ਹਰ ਹਰਬਾ ਵਰਤਣ ਤਕ ਜਾਂਦੇ ਹਨ। ਉਨ੍ਹਾਂ ਦੀਆਂ ਚੋਰ ਚਲਾਕੀਆਂ ਦਾ ਸਿੱਟਾ ਇਹ ਨਿਕਲਦਾ ਹੈ ਕਿ ਪੁਲੀਸ ਦਾ ਸਿਆਸੀਕਰਨ ਹੋ ਜਾਂਦਾ ਹੈ ਤੇ ਸਿਆਸਤ ਰਸਾਤਲ ਵੱਲ ਚਲੀ ਜਾਂਦੀ ਹੈ। ਜੇ ਸਾਡੀ ਨਿਆਂਪਾਲਿਕਾ ਨਿੱਠ ਕੇ ਦਰੁਸਤੀ ਕਾਰਜ ਕਰੇ ਤਾਂ ਇਹ ਸਾਡੇ ਲੋਕਤੰਤਰ ਤੇ ਸਮਾਜ ਲਈ ਵਰਦਾਨ ਸਾਬਤ ਹੋਵੇਗਾ। ਗੋਸਵਾਮੀ ਨੂੰ ਹੋਰ ਭਾਵੇਂ ਕੁਝ ਵੀ ਕਹਿ ਲਓ, ਪਰ ਪੱਤਰਕਾਰ ਨਹੀਂ ਕਿਹਾ ਜਾ ਸਕਦਾ। ਸਿਵਲ ਸਰਵਿਸਿਜ਼ ਪ੍ਰੀਖਿਆ ਦੇਣ ਤੋਂ ਦੋ ਕੁ ਸਾਲ ਪਹਿਲਾਂ ਮੈਂ 'ਨੈਸ਼ਨਲ ਸਟੈਂਡਰਡ' ਅਖ਼ਬਾਰ ਵਿਚ ਉਪ-ਸੰਪਾਦਕ ਵਜੋਂ ਕੰਮ ਕੀਤਾ ਸੀ ਜਿਸ ਨੂੰ ਹੁਣ 'ਦਿ ਇੰਡੀਅਨ ਐਕਸਪ੍ਰੈੱਸ' ਕਹਿੰਦੇ ਹਨ। ਸ਼ਾਰਦਾ ਪ੍ਰਸ਼ਾਦ ਮੇਰੇ ਸੀਨੀਅਰ ਸਨ ਜੋ ਬਾਅਦ ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਪ੍ਰੈੱਸ ਸਲਾਹਕਾਰ ਬਣ ਗਏ ਸਨ। ਮੈਂ ਉਨ੍ਹਾਂ ਤੋਂ ਜੋ ਪਹਿਲਾ ਸਬਕ ਸਿੱਖਿਆ, ਉਹ ਇਹ ਸੀ ਕਿ ਖਰੇ ਪੱਤਰਕਾਰ ਦਾ ਮੂਲ ਫ਼ਰਜ਼ ਸਮੇਂ ਦੀ ਸਰਕਾਰ 'ਤੇ ਕੁੰਡਾ ਰੱਖਣਾ ਹੁੰਦਾ ਹੈ ਤਾਂ ਕਿ ਉਹ ਉਸ ਨੂੰ ਹਾਸਲ ਅਥਾਹ ਸ਼ਕਤੀਆਂ ਦੀ ਕੁਵਰਤੋਂ ਨਾ ਕਰੇ। ਗੋਸਵਾਮੀ ਪੱਤਰਕਾਰੀ ਦੀ ਇਸ ਪਰਿਭਾਸ਼ਾ ਵਿਚ ਬਿਲਕੁਲ ਫਿੱਟ ਨਹੀਂ ਬੈਠਦਾ। ਉਹ ਤਾਂ ਬਸ ਸਰਕਾਰ ਦਾ ਜ਼ਰ-ਖ਼ਰੀਦ ਬੁਲਾਰਾ ਹੈ।

ਬਹੁਤ ਸਾਰੇ ਲੋਕਾਂ ਨੂੰ ਲੱਗਦਾ ਹੈ ਕਿ ਚੰਗਾ ਹੋਇਆ ਕਿ ਉਸ ਨੂੰ ਆਪਣੀ ਦਵਾ ਦਾ ਸਵਾਦ ਪਤਾ ਚੱਲ ਗਿਆ ਹੈ। ਜ਼ਾਤੀ ਤੌਰ 'ਤੇ ਮੈਂ ਮਹਿਸੂਸ ਕਰਦਾ ਹਾਂ ਕਿ ਮਹਾਰਾਸ਼ਟਰ ਸਰਕਾਰ ਨੇ ਉਸ ਨੂੰ ਇਕ ਅਜਿਹੇ ਅਪਰਾਧ ਵਿਚ ਗ੍ਰਿਫ਼ਤਾਰ ਕਰ ਕੇ ਤਕਨੀਕੀ ਗ਼ਲਤੀ ਕੀਤੀ ਹੈ ਜੋ ਹੋਇਆ ਨਹੀਂ ਸੀ। ਉਹ ਜਿਨ੍ਹਾਂ ਦੋਸ਼ੀਆਂ ਤੇ ਬੇਦੋਸ਼ਿਆਂ ਨੂੰ ਇਕੋ ਰੱਸੇ ਬੰਨ੍ਹ ਕੇ ਜਿਵੇਂ ਹਰ ਰੋਜ਼ ਲਤਾੜਦਾ ਹੈ, ਉਸ ਤੋਂ ਬਦਲਾ ਲੈਣ ਦੀ ਵਿਉਂਤ ਬਣਾਉਣ ਵਾਲਿਆਂ ਨੇ ਜਿਵੇਂ ਉਸ ਨੂੰ ਨਿਸ਼ਾਨਾ ਬਣਾਇਆ, ਉਸ ਨਾਲ ਉਸ ਨੂੰ ਆਪਣੇ ਆਪ ਨੂੰ ਪੀੜਤ ਵਜੋਂ ਪੇਸ਼ ਕਰਨ ਦਾ ਮੌਕਾ ਮਿਲ ਗਿਆ। ਜਿਵੇਂ ਕਿ ਅੱਜਕੱਲ੍ਹ ਆਮ ਵਰਤਾਰਾ ਹੈ, ਕਿਸੇ ਵਾਜਬ ਸੋਚ ਵਿਚਾਰ ਤੋਂ ਬਿਨਾਂ ਉਸ ਨੂੰ ਗ੍ਰਿਫ਼ਤਾਰ ਕਰਨ ਨਾਲ ਨੀਤੀਘਾੜਿਆਂ ਨੇ ਉਸ ਨੂੰ ਸ਼ਿਕਾਇਤ ਦਾ ਮੌਕਾ ਦੇ ਦਿੱਤਾ। ਬਿਲਕੁਲ ਉਵੇਂ ਹੀ ਜਿਵੇਂ ਗੋਸਵਾਮੀ ਨੇ ਆਪਣੇ ਚੈਨਲ 'ਤੇ ਰੀਆ ਚਕਰਵਰਤੀ ਨੂੰ ਅਤਿ ਦੇ ਨੀਵੇਂ ਦਰਜੇ ਤਕ ਨਿਸ਼ਾਨਾ ਬਣਾ ਕੇ ਆਖ਼ਰ ਉਸ ਨੂੰ ਤਰਸ ਦੀ ਪਾਤਰ ਬਣਾ ਦਿੱਤਾ ਸੀ।

## ਜੋ ਉਪਜਿਓ ਸੋ ਬਿਨਸਿ ਹੈ

(ਸਫਾ 8 ਦੀ ਬਾਕੀ)

ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ ॥੧॥ ਰਹਾਉ ॥
ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ॥
ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ ॥੧॥
ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ ॥
ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ ॥੨॥
ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ ॥
ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥੩॥੩॥

ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹੀਦ ਹੋਣ ਲਈ ਆਪ ਦਿੱਲੀ ਚਲ ਕੇ ਗਏ । ਉਨ੍ਹਾਂ ਦੇ ਨਾਲ ਭਾਈ ਮਤੀ ਦਾਸ ਜੀ.ਭਾਈ ਦਿਆਲਾ ਜੀ ਅਤੇ ਭਾਈ ਸਤੀ ਦਾਸ ਜੀ ਸਨ। ਜਦੋਂ ਸਮੇਂ ਦੇ ਹਾਕਮ ਨੇ ਗੁਰੂ ਜੀ ਦੀ ਜਾਨ ਬਖਸ਼ੀ ਲਈ ਸ਼ਰਤਾਂ ਰੱਖੀਆਂ ਕਿ ਉਹ ਇਸਲਾਮ ਕਬੂਲ ਕਰਨ ਜਾਂ ਕਰਾਮਾਤ ਵਿਖਾਉਣ ਤਾਂ ਗੁਰੂ ਜੀ ਨੇ ਸ਼ਰਤਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਮੌਤ ਨੂੰ ਸਵੀਕਾਰ ਕਰਨਾ ਮੰਨ ਲਿਆ ਤਾਂ ਗੁਰੂ ਜੀ ਨੂੰ ਡਰਾਉਣ ਲਈ ਉਨ੍ਹਾਂ ਦੇ ਨਾਲ ਗਏ ਸੇਵਾਦਾਰਾਂ ਨੂੰ ਬੜੀ ਬੇਰਹਿਮੀ ਅਤੇ ਬੇ-ਦਰਦੀ ਨਾਲ ਸ਼ਹੀਦ ਕਰ ਦਿਤਾ ਗਿਆ।

ਭਾਈ ਮਤੀ ਦਾਸ ਜੀ ਨੂੰ ਜਿਓਂਦੇ ਜੀਅ ਆਰੇ ਨਾਲ ਚੀਰ ਦਿਤਾ ਗਿਆ। ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਵਿਚ ਉਬਾਲਿਆ ਗਿਆ ਅਤੇ ਭਾਈ ਸਤੀ ਦਾਸ ਜੀ ਨੂੰ ਕਪਾਹ ਵਿਚ ਲਪੇਟ ਕੇ ਸਾੜ ਦਿਤਾ ਗਿਆ । ਇਹ ਸਾਰੇ ਤਸੀਹੇ ਗੁਰੂ ਸਾਹਿਬ ਜੀ ਦੇ ਸਾਹਮਣੇ ਹੀ ਦਿਤੇ ਗਏ ਸਨ । ਇਹਨਾਂ ਸੇਵਾਦਾਰਾਂ ਨੇ ਪੂਰੀ ਦਲੇਰੀ ਅਤੇ ਦ੍ਰਿੜਤਾ ਨਾਲ ਬਿਨਾ ਕਿਸੇ ਡਰ ਅਤੇ ਸਹਿਮ ਦੇ ਬਿਨਾ ਸੀ ਕੀਤੀਆਂ ਸ਼ਹੀਦੀ ਜਾਮ ਪੀ ਲਿਆ ਸੀ । ਗੁਰੂ ਸਾਹਿਬ ਲੋਹੇ ਦੇ ਪਿੰਜਰੇ ਅੰਦਰ ਇਸ ਕਰੁਣਾਮਈ ਵਰਤਾਰੇ ਨੂੰ ਅਡੋਲ ਅਤੇ ਸ਼ਾਂਤ ਚਿੱਤ ਦੇਖ ਰਹੇ ਸਨ । ਉਨ੍ਹਾਂ ਨੇ ਇਸਲਾਮ ਨੂੰ ਕਬੂਲ ਕਰਨ ਤੋਂ ਕੋਰਾ ਜਵਾਬ ਦੇ ਦਿਤਾ । ਕਾਜ਼ੀ ਨੇ ਮੌਤ ਦੀ ਸਜ਼ਾ ਸੁਣਾ ਦਿਤੀ ਤਾਂ ਸੰਗਤਾਂ ਭਾਵਕ ਹੋ ਗਈਆਂ ਤੇ ਰੋਣਾ ਧੋਣਾ ਸ਼ੁਰੂ ਕਰ ਦਿਤਾ । ਗੁਰੂ ਸਾਹਿਬ ਨੇ ਸਮਝ-ਾਇਆ ਅਤੇ ਆਖਿਆ ਕਿ ----

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥੫੦॥
ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥
ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥
ਪੰਨਾ 1429

ਗੁਰੂ ਸਾਹਿਬਾਂ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ ਅਤੇ ਸਮਾਧੀ ਵਿਚ ਲੀਨ ਹੋ ਗਏ । 11 ਨਵੰਬਰ 1675 ਨੂੰ ਜਲਾਲ ਜਲਾਲੁਦੀਨ ਨੇ ਤਲਵਾਰ ਦੇ ਇਕੋ ਵਾਰ ਨਾਲ ਸਿਰ ਨੂੰ ਧੜ ਨਾਲੋਂ ਅਲੱਗ ਕਰ ਦਿਤਾ । ਜਦੋਂ ਸੀਸ ਬਾਲ ਗੋਬਿੰਦ ਰਾਏ ਕੋਲ ਪੂਜਿਆ ਤਾਂ ਓਹਨਾ ਨੇ ਇਹ ਉਚਾਰਿਆ ਕਿ --------
ਰੰਘਰੇਟੇ ਗੁਰੂ ਕੇ ਬੇਟੇ
ਅਤੇ ਉਸ ਭਾਈ ਜੈਤੇ ਨੂੰ ਸੀਨੇ ਨਾਲ ਲਾ ਲਿਆ ਸੀ ।

ਉਨ੍ਹਾਂ ਦੀ ਲਾਸਾਨੀ ਸ਼ਹੀਦੀ ਸਾਨੂੰ ਇਸ ਦੋਹਿਰੇ ਰਾਹੀਂ ਸਮਝਾਉਂਦੀ ਹੈ ਕਿ --------

ਠੀਕਰਿ ਫੋਰ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ ।
ਤੇਗ ਬਹਾਦਰ ਸੀ ਕਿਰਿਆ ਕਰੀ ਨਾ ਕਿਨਹੂੰ ਆਨ ।।
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ।।
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ।

# ਪੰਜਾਬ ਦੀ ਖੇਤੀ ਤੇ ਵਾਤਾਵਰਨ ਨੂੰ ਕਿਵੇਂ ਬਚਾਇਆ ਜਾਵੇ?

(ਸਫਾ 6 ਦੀ ਬਾਕੀ)

ਮੁਕਾਬਲੇ ਵੱਡੇ ਕਿਸਾਨਾਂ ਨੂੰ ਜ਼ਿਆਦਾ ਫਾਇਦਾ ਹੋਇਆ। ਖੇਤ ਮਜ਼ਦੂਰਾਂ ਦੀ ਮਜ਼ਦੂਰੀ ਦੀ ਦਰ/ਦਿਹਾੜੀ ਵੀ ਵਧੀ ਅਤੇ ਰੁਜ਼ਗਾਰ ਦੇ ਦਿਨਾਂ ਵਿਚ ਵਾਧਾ ਵੀ ਹੋਇਆ। ਜਦੋਂ 1970ਵਿਆਂ ਵਿਚ ਟਰੈਕਟਰ ਆਧਾਰਿਤ ਖੇਤੀ ਦਾ ਵਿਕਾਸ ਤੇਜ਼ੀ ਨਾਲ ਹੋਣ ਲੱਗਾ ਤਾਂ ਛੋਟੇ ਕਿਸਾਨ ਇਸ ਦੌੜ ਵਿਚ ਪਛੜਨ ਲੱਗੇ। ਇਸ ਦੇ ਨਾਲ ਇਸ ਸਮੇਂ ਪੰਜਾਬ ਦੇ ਕਿਸਾਨਾਂ ਨੂੰ ਕਣਕ ਤੋਂ ਬਾਅਦ ਅਗਲੀ ਫਸਲ ਝੋਨੇKਚੌਲਾਂ ਦੀ ਖੇਤੀ ਵਾਸਤੇ ਪ੍ਰੇਰਿਆ ਗਿਆ। ਇਨ੍ਹਾਂ ਦੋਵਾਂ ਫਸਲਾਂ ਦੀ ਖਰੀਦ ਵਾਸਤੇ ਕੇਂਦਰ ਸਰਕਾਰ ਵਲੋਂ ਘਟੋ-ਘਟ ਸਮਰਥਨ ਮੁੱਲ ਤੈਅ ਕਰਨ ਵਾਸਤੇ ਐਗਰੀਕਲਚਲ ਪ੍ਰਾਈਸ ਕਮਿਸ਼ਨ (ਹੁਣ ਕਮਿਸ਼ਨ ਫਾਰ ਐਗਰੀਕਲਚਲ ਕਾਸਟਸ ਐਂਡ ਪ੍ਰਾਈਸਸ) 1965 ਵਿਚ ਬਣਾਇਆ ਗਿਆ ਅਤੇ ਆਨਾਜ ਦੀ ਖਰੀਦ ਵਾਸਤੇ ਵਾਸਤੇ ਐਫਸੀਆਈ ਸਥਾਪਿਤ ਕੀਤੀ ਗਈ। ਇਨ੍ਹਾਂ ਦੋਵਾਂ ਫਸਲਾਂ ਦਾ ਕੇਂਦਰ ਸਰਕਾਰ ਵਲੋਂ ਕਿਸਾਨਾਂ ਨੂੰ ਨਿਸ਼ਚਿਤ ਭਾਅ ਵੀ ਮਿਲਦਾ ਰਿਹਾ ਹੈ ਅਤੇ ਇਨ੍ਹਾਂ ਦੀ ਸਰਕਾਰੀ ਖਰੀਦ ਵੀ ਚਲਦੀ ਰਹੀ ਹੈ। ਪੰਜਾਬ ਸਰਕਾਰ ਵੱਲੋਂ ਸਰਕਾਰੀ ਮੰਡੀਆਂ ਅਤੇ ਖਰੀਦ ਕੇਂਦਰ ਸਥਾਪਤ ਕੀਤੇ ਗਏ ਅਤੇ 1970ਵਿਆਂ ਵਿਚ ਸਾਰੇ ਪਿੰਡਾਂ ਵਿਚ ਬਿਜਲੀ ਪਹੁੰਚਾਉਣ ਦਾ ਕੰਮ ਪੂਰਾ ਕਰ ਦਿਤਾ ਗਿਆ। ਇਸ ਤੋਂ ਬਾਅਦ ਕਿਸਾਨਾਂ ਨੂੰ ਟਿਊਬਵੈਲ ਲਗਾਉਣ ਵਾਸਤੇ ਸਸਤੇ ਦਰਾਂ ਤੇ ਕਰਜ਼ਿਆਂ ਦਾ ਪ੍ਰਬੰਧ ਕੀਤਾ ਗਿਆ। ਇਸ ਤੋਂ ਇਲਾਵਾ ਟਿਊਬਵੈਲਾਂ ਵਾਸਤੇ ਸਸਤੀਆਂ ਦਰਾਂ ਤੇ ਬਿਜਲੀ ਦੀ ਸਪਲਾਈ ਸ਼ੁਰੂ ਕੀਤੀ ਗਈ ਜਿਸ ਨੂੰ 1997 ਤੋਂ ਮੁਫਤ ਕਰ ਦਿਤਾ ਗਿਆ ਸੀ। ਕੇਂਦਰ ਸਰਕਾਰ ਵਲੋਂ ਰਸਾਇਨਿਕ ਖਾਦਾਂ ਅਤੇ ਅਤੇ ਕੀੜੇਮਾਰ ਦਵਾਈਆਂ ਉਪਰ ਚੋਖੀ ਸਬਸਿਡੀ ਦਾ ਪ੍ਰਬੰਧ ਕੀਤਾ ਗਿਆ। ਸੰਘਣੀ ਖੇਤੀ ਵਾਸਤੇ ਨਵੇਂ ਬੀਜਾਂ, ਰਸਾਇਨਿਕ ਖਾਦਾਂ, ਕੜੇਮਾਰ ਦਵਾਈਆਂ, ਝੋਨੇ ਦੀ ਫਸਲ ਉਗਾਉਣਾ, ਧਰਤੀ ਹੇਠਲਾ ਪਾਣੀ ਦਾ ਸਿੰਜਾਈ ਵਿਚ ਵਰਤੋਂ ਵੱਧ ਕਰਨਾ, ਭਾਵ ਹਰੀ ਕ੍ਰਾਂਤੀ ਨੂੰ ਕਾਮਯਾਬ ਕਰਨ ਵਾਸਤੇ ਪੰਜਾਬ ਸਰਕਾਰ, ਕੇਂਦਰ ਸਰਕਾਰ, ਖੇਤੀ ਮਾਹਿਰਾਂ,ਸਰਕਾਰੀ ਅਫਸਰਾਂ ਅਤੇ ਕਿਸਾਨਾਂ ਨੇ ਰਲ ਕੇ ਕੰਮ ਕੀਤਾ। ਕੇਂਦਰ ਸਰਕਾਰ ਵਲੋਂ ਲਾਗੂ 1991 ਵਿਚ ਨਵੀਂ ਆਰਥਿਕ ਨੀਤੀ, ਖਾਸ ਕਰ ਕੇ 2020 ਵਿਚ ਪਾਸ ਕੀਤੇ ਤਿੰਨ ਐਕਟਾਂ ਤੋਂ ਬਾਅਦ ਇਸ ਸਿਸਟਮ ਨੂੰ ਜਾਰੀ ਰਖਣ ਲਈ ਖਤਰਾ ਪੈਦਾ ਹੋ ਗਿਆ ਹੈ।

ਪੰਜਾਬ ਵਿਚ ਖੇਤੀ ਦੇ ਸੰਕਟ ਬਾਰੇ ਬਹਿਸ 1986 ਤੋਂ ਸ਼ੁਰੂ ਉਹ ਸਮੇਂ ਹੋ ਗਈ ਸੀ ਜਦੋਂ ਪੰਜਾਬ ਸਰਕਾਰ ਵਲੋਂ ਬਣਾਈ ਡਾਕਟਰ ਸਰਦਾਰਾ ਸਿੰਘ ਜੌਹਲ ਦੀ ਅਗਵਾਈ ਵਿਚ ਜੌਹਲ ਕਮੇਟੀ-1 ਦੀ ਰਿਪੋਰਟ ਪ੍ਰਕਾਸ਼ਿਤ ਹੋਈ ਸੀ। ਇਸ ਕਮੇਟੀ ਦਾ ਮੁੱਖ ਸੁਝਾਅ ਪੰਜਾਬ ਦੀ ਖੇਤੀ ਵਿਚ ਵੰਨ-ਸਵੰਨਤਾ ਲਿਆਉਣਾ ਦਸਿਆ ਗਿਆ ਸੀ। ਇਸ ਰਿਪੋਰਟ ਵਿਚ ਇਹ ਦਰਜ ਕੀਤਾ ਗਿਆ ਕਿ ਅਗਲੇ ਕੁਝ ਸਾਲਾਂ ਵਿਚ ਕੁੱਲ ਖੇਤੀ ਹੇਠ ਰਕਬੇ ਦਾ 20% ਹਿਸਾ ਕਣਕ ਅਤੇ ਝੋਨੇ ਤੋਂ ਹਟਾ ਕੇ ਨਵੀਆਂKਹੋਰ ਫਸਲਾਂ ਹੇਠ ਲਿਆਂਦਾ ਜਾਵੇ। ਸੁਝਾਈਆਂ ਗਈਆਂ ਹੋਰ ਫਸਲਾਂ ਵਿਚ ਦਾਲਾਂ, ਤੇਲ ਵਾਲੇ ਬੀਜਾਂ, ਸਬਜ਼ੀਆਂ, ਫਲਾਂ, ਫੁਲਾਂ,ਗੰਨਾ, ਦਵਾਈਆਂ ਵਾਲੇ ਪੌਦਿਆਂ, ਚਾਰੇ ਆਦਿ ਨੂੰ ਦਰਜ ਕੀਤਾ ਗਿਆ ਸੀ। ਇਨ੍ਹਾਂ ਫਸਲਾਂ ਦੇ ਮੰਡੀਕਰਨ ਵਾਸਤੇ 20 ਗੰਨਾKਖੰਡ ਮਿਲਾਂ, ਹੋਰ ਦੁੱਧ ਪਲਾਂਟਾਂ, ਫਲਾਂ ਤੇ ਸਬਜ਼ੀਆਂ ਵਾਸਤੇ ਪ੍ਰੋਸੈਸਿੰਗ ਪਲਾਂਟ ਆਦਿ ਸਥਾਪਿਤ ਕਰਨ ਦੇ ਸੁਝਾਅ ਦਿੱਤੇ ਗਏ ਸਨ। ਇਸ ਕਮੇਟੀ ਦਾ ਅਨੁਮਾਨ ਸੀ ਕਿ ਇਸ ਦੇ ਸੁਝਾਵਾਂ ਨੂੰ ਮੰਨਣ ਨਾਲ ਰੁਜ਼ਗਾਰ ਦੇ ਕਾਫੀ ਮੌਕੇ ਪੈਦਾ ਹੋ ਜਾਣਗੇ, ਧਰਤੀ ਹੇਠਲੇ ਪਾਣੀ ਦੀ ਵਰਤੋਂ ਘਟਣ ਨਾਲ ਪੰਜਾਬ ਵਿਚ ਵਧ ਰਹੀ ਪਾਣੀ ਦੀ ਕਿਲੱਤ ਦੀ ਸਮਸਿਆ ਸੁਲਝਾਈ ਜਾ ਸਕੇਗੀ। ਸਾਰਿਆਂ ਤੋਂ ਉਪਰ ਨਵੀਆਂ ਫਸਲਾਂ ਤੋਂ ਕਿਸਾਨਾਂ ਨੂੰ ਜ਼ਿਆਦਾ ਆਮਦਨ ਪ੍ਰਾਪਤ ਹੋਵੇਗੀ। ਇਸ ਨਾਲ ਛੋਟੇ ਕਿਸਾਨਾਂ ਦੀ ਖੇਤੀ ਘਾਟੇ ਵਾਲੀ ਦੇ ਬਜਾਏ ਫਾਇਦੇਮੰਦ ਹੋ ਜਾਵੇਗੀ ਅਤੇ ਖੇਤ ਮਜ਼ਦੂਰਾਂ ਤੇ ਪੜ੍ਹੇ-ਲਿਖੇ ਬੇਰੁਜ਼ਗਾਰਾਂ ਨੂੰ ਨੌਕਰੀਆਂ ਮਿਲ ਜਾਣਗੀਆਂ। ਯਾਦ ਰੱਖਣ ਵਾਲੀ ਗਲ ਇਹ ਹੈ ਕਿ ਪੈਪਸੀ ਕੰਪਨੀ ਭਾਰਤ ਵਿਚ ਪੰਜਾਬ ਦੀ ਖੇਤੀ ਵਿਚ ਵੰਨ-ਸਵੰਨਤਾ ਲਿਆਉਣ ਦੇ ਨਾਮ ਤੇ ਹੀ ਆਈ ਸੀ ਪਰ ਜੌਹਲ ਕਮੇਟੀ-1 ਰਿਪੋਰਟ ਪੂਰੀ ਤਰ੍ਹਾਂ ਨਾਲ ਲਾਗੂ ਨਹੀਂ ਹੋ ਸਕੀ। ਇਕ ਤਾਂ ਪੰਜਾਬ ਦੇ ਹਾਲਾਤ ਕਾਫੀ ਖਰਾਬ ਸਨ। ਉਸ ਵਕਤ ਅਤਿਵਾਦ ਦਾ ਜ਼ੋਰ ਸੀ ਅਤੇ ਸਰਕਾਰ ਦੀ ਪਹਿਲ ਅਤਿਵਾਦ ਤੇ ਕਾਬੂ ਪਾਉਣਾ ਸੀ। ਦੂਜੇ ਪਾਸੇ ਕੇਂਦਰ ਸਰਕਾਰ ਨੂੰ ਅਜੇ ਪੰਜਾਬ ਦੀ ਕਣਕ ਅਤੇ ਝੋਨੇ ਦੀ ਦੇਸ਼ ਵਿਚ ਖਾਧ ਸੁਰਖਿਆ ਕਾਇਮ ਰੱਖਣ ਵਾਸਤੇ ਜ਼ਰੂਰਤ ਸੀ। ਇਸ ਕਰ ਕੇ ਸੂਬੇ ਵਿਚ ਗਵਰਨਰੀ ਰਾਜ ਸਮੇਂ ਇਨ੍ਹਾਂ ਸੁਝਾਵਾਂ ਵਲ ਕੋਈ ਗੰਭੀਰਤਾ ਨਹੀਂ ਦਿਖਾਈ ਗਈ। ਐਸੇ ਕਿਸਮ ਦੇ ਸੁਝਾਅ ਪੰਜਾਬ ਸਰਕਾਰ ਵਲੋਂ ਕਾਇਮ ਜੌਹਲ ਕਮੇਟੀ-2 ਵਲੋਂ 2002 ਵਿਚ ਦਿਤੇ ਗਏ ਸਨ। ਇਸ ਦੇ ਨਾਲ ਹੀ ਇਸ ਕਮੇਟੀ ਵਲੋਂ ਇਕ ਨੀਤੀ ਡਿਜ਼ਾਇਨ ਵੀ ਪੇਸ਼ ਕੀਤਾ ਗਿਆ ਸੀ ਜਿਸ ਅਨੁਸਾਰ ਜਿਹੜੇ ਕਿਸਾਨ ਕਣਕ-ਝੋਨੇ ਨੂੰ ਛਡ ਕੇ ਦੂਜੀਆਂ ਫਸਲਾਂ ਬੀਜਣਗੇ, ਉਨ੍ਹਾਂ ਨੂੰ 5000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਸਰਕਾਰ ਸਬਸਿਡੀ ਦੇਵੇਗੀ। ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਾਸਤੇ ਕੇਂਦਰ ਸਰਕਾਰ ਤੋਂ ਸਾਲਾਨਾ 1250 ਕਰੋੜ ਦੀ ਮੰਗ ਰਖੀ ਗਈ ਸੀ। ਕੇਂਦਰ ਸਰਕਾਰ ਵਲੋਂ ਇਸ ਪ੍ਰੋਗਰਾਮ ਨੂੰ ਕੋਈ ਹੁੰਗਾਰਾ ਨਾ ਮਿਲਿਆ ਪਰ ਪੰਜਾਬ ਸਰਕਾਰ ਵਲੋਂ ਕਈ ਵੱਡੀਆਂ ਕੰਪਨੀਆਂ ਜਿਵੇਂ ਟਾਟਾ, ਰਿਲਾਇੰਸ ਆਦਿ ਨਾਲ ਮਿਲ ਕੇ ਕੰਟਰੈਕਟ ਫਾਰਮਿੰਗ ਰਾਹੀਂ ਖੇਤੀ ਵੰਨ-ਸਵੰਨਤਾ ਦਾ ਪੋਗਰਾਮ ਪੰਜਾਬ ਵਿਚ ਲਾਗੂ ਕੀਤਾ ਗਿਆ। ਇਹ ਪ੍ਰੋਗਰਾਮ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ ਅਤੇ ਕਣਕ-ਝੋਨੇ ਹੇਠਾਂ ਰਕਬਾ ਪਿਛਲੇ ਸਾਲਾਂ ਤੋਂ ਵੀ ਵਧ ਗਿਆ। ਇਸ ਤੋਂ ਬਾਅਦ 2013 ਵਿਚ ਡਾਕਟਰ ਕਾਲਕਟ ਕਮੇਟੀ ਵਲੋਂ ਫਸਲੀ ਵੰਨ-ਸਵੰਨਤਾ ਦਾ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਨੂੰ ਪੰਜਾਬ ਸਰਕਾਰ ਨੇ ਵਿਚਾਰਿਆ ਹੀ ਨਹੀਂ। ਅਜ ਵੀ ਖੇਤੀ ਵੰਨ-ਸਵੰਨਤਾ ਦੇ ਪ੍ਰੋਗਰਾਮ ਨੂੰ ਲਾਗੂ ਕਰਨ ਬਾਰੇ ਕਈ ਮਾਹਿਰ ਅਤੇ ਲੇਖਕ ਸੁਝਾਅ ਦੇ ਰਹੇ ਹਨ। ਇਸ ਦੇ ਨਾਲ ਹੀ ਉਹ ਕੁਦਰਤੀ ਖੇਤੀ ਕਰਨ ਲਈ ਵੀ ਕਹਿੰਦੇ ਹਨ ਪਰ ਖੇਤੀ ਵੰਨ-ਸਵੰਨਤਾ ਦੇ ਪ੍ਰੋਗਰਾਮ ਨੂੰ ਨਾ ਤਾਂ ਕੇਂਦਰ ਸਰਕਾਰ ਵਲੋਂ ਹਮਾਇਤ ਮਿਲੀ ਹੈ ਅਤੇ ਨਾ ਕਿਸਾਨਾਂ ਵਲੋਂ ਕੋਈ ਖਾਸ ਹੁੰਗਾਰਾ ਮਿਲਿਆ ਹੈ। ਪੰਜਾਬ ਦੀ ਖੇਤੀ ਨੂੰ ਬਿਹਤਰ ਬਣਾਉਣ ਦਾ ਪਿਛਲੇ 30-35 ਸਾਲਾਂ ਵਿਚ ਕੋਈ ਖਾਸ ਪ੍ਰੋਗਰਾਮ ਲਾਗੂ ਨਾ ਹੋਣ ਦੇ ਕਾਰਨ ਜਰਾਇਤੀ ਸੰਕਟ ਸਮੇਂ ਦੇ ਨਾਲ ਹੋਰ ਜ਼ਿਆਦਾ ਗੰਭੀਰ ਹੁੰਦਾ ਗਿਆ ਹੈ। ਇਸ ਦੀ ਮਾਰ ਹੇਠ ਕਈ ਸੀਮਾਂਤ, ਛੋਟੇ ਕਿਸਾਨ ਅਤੇ ਖੇਤ ਮਜ਼ਦੂਰ ਆ ਗਏ। ਕਿਸਾਨਾਂ ਦੀ ਖੇਤੀ ਘਾਟੇ ਦਾ ਸੌਦਾ ਬਣ ਗਈ ਹੈ ਅਤੇ ਖੇਤ ਮਜ਼ਦੂਰਾਂ ਦਾ ਰੁਜ਼ਗਾਰ ਮਸ਼ੀਨੀਕਰਨ ਨੇ ਕਾਫੀ ਘਟਾ ਦਿਤਾ ਹੈ। ਗਰੀਬKਛੋਟੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਸਿਰ ਕਰਜ਼ੇ ਦੀ ਪੰਡ ਚੜ੍ਹ ਗਈ। ਇਸ ਦਾ ਭਾਰ ਨਾ ਸਹਾਰਦੇ ਹੋਏ 1997-2017 ਵਿਚਾਲੇ 16606 ਕਿਸਾਨ ਅਤੇ ਖੇਤ ਮਜ਼ਦੂਰ ਆਤਮ ਹਤਿਆਵਾਂ ਦੇ ਸ਼ਿਕਾਰ ਹੋ ਗਏ।

ਖੇਤੀ ਵੰਨ-ਸਵੰਨਤਾ ਨਾਲ ਜ਼ਮੀਨ ਹੇਠਲੇ ਪਾਣੀ ਨੂੰ ਬਚਾਇਆ ਜਾ ਸਕਦਾ ਹੈ, ਹਵਾ ਨੂੰ ਸਾਫ ਰੱਖਣ ਵਿਚ ਸਹਾਇਤਾ ਮਿਲ ਸਕਦੀ ਹੈ ਅਤੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰਨ ਵਾਲੇ ਪਾਸੇ ਕਦਮ ਉਠ ਸਕਦੇ ਹਨ ਪਰ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਜਾਂ ਕੋਈ ਹੋਰ ਕਿਸਾਨ ਪੱਖੀ ਪ੍ਰੋਗਰਾਮ ਲਾਗੂ ਕਰਨ ਵਿਚ ਆਉਂਦੀਆਂ ਰੁਕਾਵਟਾਂ ਨੂੰ ਸਮਝਣ ਦੀ ਕਾਫੀ ਹੱਦ ਤਕ ਜ਼ਰੂਰਤ ਹੈ। ਖੇਤੀ ਦੇ ਸੁਧਾਰ ਜਾਂ ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਵਾਸਤੇ ਕੋਈ ਵੀ ਪ੍ਰੋਗਰਾਮ ਉਸ ਵਕਤ ਕਾਮਯਾਬ ਹੋ ਸਕਦਾ ਹੈ, ਜੇਕਰ ਕੇਂਦਰ ਤੇ ਪੰਜਾਬ ਸਰਕਾਰਾਂ ਅਤੇ ਕਿਸਾਨੀ ਦਾ ਵੱਡਾ ਹਿੱਸਾ ਉਸ ਪ੍ਰੋਗਰਾਮ ਨੂੰ ਲਾਗੂ ਕਰਨ ਵਿਚ ਯਕੀਨ ਰੱਖਦੇ ਹੋਣ ਅਤੇ ਉਸ ਨੂੰ ਲਾਗੂ ਕਰਨ ਵਿਚ ਯਤਨਸ਼ੀਲ ਹੋਣ। ਇਹ ਹਾਲਾਤ 1962 ਤੋਂ ਬਾਅਦ ਉਸ ਵਕਤ ਆਏ ਸਨ ਜਦੋਂ ਦੇਸ਼ ਵਿਚ ਆਨਾਜ ਦੀ ਕਾਫੀ ਘਾਟ ਸੀ। ਇਹ ਹਾਲਾਤ ਸਾਜ਼ਗਾਰ ਸਨ ਜਿਸ ਨਾਲ ਹਰੀ ਕ੍ਰਾਂਤੀ ਆਈ ਸੀ ਅਤੇ ਦੇਸ਼ ਨਾ ਕੇਵਲ ਆਨਾਜ ਵਿਚ ਆਤਮ ਨਿਰਭਰ ਹੋ ਗਿਆ ਸਗੋਂ ਆਨਾਜ ਵਾਧੂ ਪੈਦਾ ਕਰਨ ਵਾਲਾ ਦੇਸ਼ ਬਣ ਗਿਆ। ਮੌਜੂਦਾ ਦੌਰ ਵਿਚ ਕੇਂਦਰ ਸਰਕਾਰ ਕੋਈ ਮਦਦ ਪੰਜਾਬ ਸਰਕਾਰ ਜਾਂ ਪੰਜਾਬ ਦੀ ਕਿਸਾਨੀ ਲਈ ਤਿਆਰ ਨਹੀਂ। ਇਸ ਦੌਰ ਵਿਚ 1960ਵਿਆਂ ਵਾਲੀ ਸਹਿਮਤੀ ਬਣਾਉਣਾ ਔਖਾ ਹੀ ਨਹੀਂ, ਅਸੰਭਵ ਨਜ਼ਰ ਆਉਂਦਾ ਹੈ। ਨਵ-ਲਿਬਰਲ ਪਾਲਿਸੀ ਨੂੰ ਪ੍ਰਨਾਈ ਕੇਂਦਰ ਸਰਕਾਰ ਇਕੱਲੇ ਪੰਜਾਬ ਵਾਸਤੇ ਕੋਈ ਸਪੈਸ਼ਲ ਨੀਤੀ ਅਖਤਿਆਰ ਨਹੀਂ ਕਰੇਗੀ। ਦੇਸ਼ ਵਿਚ ਐਡੀ ਤਕੜੀ ਕਿਸਾਨ ਲਹਿਰ ਅਜੇ ਤਕ ਸਿਰਜੀ ਨਹੀਂ ਜਾ ਸਕੀ ਜੋ ਇਸ ਦੀ ਪਾਲਿਸੀ ਦਾ ਰਸਤਾ ਬਦਲ ਕੇ ਉਸ ਨੂੰ ਕਿਸਾਨ ਪੱਖੀ ਕਰ ਸਕੇ।

ਪੰਜਾਬ ਸਰਕਾਰ ਦੇ ਪੱਧਰ ਤੇ ਖੇਤੀ ਵੰਨ-ਸਵੰਨਤਾ ਬਾਰੇ ਸੁਝਾਈਆਂ ਫਸਲਾਂ ਦੇ ਮੰਡੀਕਰਨ ਦਾ ਇੰਤਜ਼ਾਮ ਕਰਨ ਵਾਸਤੇ ਠੋਸ ਕਦਮ ਚੁਕਣੇ ਪੈਣਗੇ। ਇਸ ਕਾਰਜ ਨੂੰ ਕਾਮਯਾਬੀ ਨਾਲ ਸਿਰੇ ਚੜ੍ਹਾਉਣ ਵਾਸਤੇ ਲਾਜ਼ਮੀ ਹੈ ਕਿ 'ਪੰਜਾਬ ਖੇਤੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ' ਕਾਇਮ ਕੀਤਾ ਜਾਵੇ। ਕਰਨਾਟਕ ਵਿਚ ਐਸਾ ਕਮਿਸ਼ਨ 2014 ਤੋਂ ਕੰਮ ਕਰ ਰਿਹਾ ਹੈ। ਇਹ ਕਮਿਸ਼ਨ ਪੰਜਾਬ ਵਿਚ ਪੈਦਾ ਕੀਤੀਆ ਜਾਂਦੀਆਂ ਖੇਤੀ ਜਿਣਸਾਂ ਕਣਕ-ਝੋਨੇ ਨੂੰ ਛਡ ਕੇ ਬਾਕੀ ਦੀਆਂ ਫਸਲਾਂ ਦੀਆਂ ਲਾਗਤਾਂ ਦਾ ਲਗਾਤਾਰ ਅਧਿਐਨ ਕਰਦਾ ਰਹੇਗਾ ਅਤੇ ਹਰ ਛਿਮਾਹੀ ਹਾੜ੍ਹੀ ਅਤੇ ਸਾਉਣੀ ਦੀਆਂ ਫਸਲਾਂ ਦਾ ਉਨ੍ਹਾਂ ਦੀ ਬਿਜਾਈ ਤੋਂ ਪਹਿਲਾਂ ਕੀਮਤਾਂ ਦਾ ਐਲਾਨ ਪੰਜਾਬ ਸਰਕਾਰ ਨਾਲ ਸਲਾਹ ਤੋਂ ਬਾਅਦ ਕਰਦਾ ਰਹੇਗਾ। ਕੀਮਤਾਂ ਨਿਰਧਾਰਤ ਕਰਨ ਵਕਤ ਖੇਤੀ ਦੀਆਂ ਲਾਗਤਾਂ ਸਮੇਤ 50% ਕਿਸਾਨ ਮੁਨਾਫਾ, ਕੌਮਾਂਤਰੀ ਕੀਮਤਾਂ ਅਤੇ ਦੇਸ਼ ਵਿਚ ਕੀਮਤਾਂ ਨੂੰ ਧਿਆਨ ਵਿਚ ਰਖਿਆ ਜਾਵੇਗਾ। ਇਸ ਕਮਿਸ਼ਨ ਦਾ ਚੇਅਰਪਰਸਨ ਖੇਤੀ ਅਰਥ ਵਿਗਿਆਨੀ ਹੋਵੇਗਾ ਅਤੇ ਇਸ ਦੇ ਮੈਂਬਰਾਂ ਵਿਚ ਕਿਸਾਨਾਂ, ਸਮਾਜਿਕ ਵਿਗਿਆਨੀਆਂ ਅਤੇ ਨਾਮੀ ਸਮਾਜਿਕ ਕਾਰਜ-ਕਰਤਾਵਾਂ ਦੀ ਨੁਮਾਇੰਦਗੀ ਹੋਵੇਗੀ। ਇਸ ਕਮਿਸ਼ਨ ਦਾ ਕਾਰਜਕਾਲ ਪੰਜ ਸਾਲ ਲਈ ਹੋਵੇਗਾ। ਇਹ ਕਮਿਸ਼ਨ ਕਣਕ-ਝੋਨੇ ਨੂੰ ਛਡ ਕੇ ਬਾਕੀ ਸਾਰੀਆਂ ਫਸਲਾਂ ਅਤੇ ਸਹਾਇਕ ਉਪਜਾਂ ਦੇ ਭਾਅ/ ਕੀਮਤਾਂ ਮਿਥਣ ਦਾ ਕੰਮ ਕਰੇਗਾ। ਕੀਮਤਾਂ ਤੈਅ ਕਰਨ ਸਮੇਂ ਜੈਵਿਕ ਅਤੇ ਸਾਧਾਰਨ/ ਰਸਾਇਣਕ ਜਿਣਸਾਂ ਦੀਆਂ ਕੀਮਤਾਂ ਵਿਚ ਫਰਕ ਰਖਿਆ ਜਾ ਸਕਦਾ ਹੈ। ਜੈਵਿਕ ਖੇਤੀ ਵਸਤਾਂ ਦੀ ਪ੍ਰਮਾਣਿਕਤਾ ਵਾਸਤੇ ਬਲਾਕ ਪੱਧਰ ਤੇ ਅਤੇ ਇਸ ਤੋਂ ਵੀ ਹੇਠਾਂ ਟੈਸਟ ਲੈਬਾਰਟਰੀਆਂ ਕਾਇਮ ਕੀਤੀਆਂ ਜਾ ਸਕਦੀਆਂ ਹਨ। ਇਸ ਕਮਿਸ਼ਨ ਨੂੰ ਖੁਦਮੁਖਤਾਰ ਸੰਸਥਾ ਵਜੋਂ ਕੰਮ ਕਰਨ ਦਾ ਅਧਿਕਾਰ ਦਿਤਾ ਜਾਣਾ ਚਾਹੀਦਾ ਹੈ। ਨਵੀਆਂ ਸੁਝਾਈਆਂ ਫਸਲਾਂ/ਜਿਣਸਾਂ ਦੀ ਖਰੀਦ ਦਾ ਕੰਮ ਸਰਕਾਰੀ/ਸਹਿਕਾਰੀ ਕਾਰਪੋਰੇਸ਼ਨਾਂKਸੰਸਥਾਵਾਂ ਕਰ ਸਕਦੀਆਂ ਹਨ। ਮਿਸਾਲ ਵਜੋਂ ਪਨਸਪ ਦਾਲਾਂ ਦੀ ਖਰੀਦ ਕਰ ਸਕਦੀ ਹੈ ਅਤੇ ਦਾਲਾਂ ਨੂੰ ਦਾਲ-ਆਟਾ ਸਕੀਮ ਅਧੀਨ ਲੋਕਾਂ/ਲਾਭਪਾਤਰੀਆਂ ਵਿਚ ਵੰਡਿਆ ਜਾ ਸਕਦਾ ਹੈ। ਜੇ ਦਾਲਾਂ ਦੀ ਖਰੀਦ ਦਾਲ-ਆਟਾ ਸਕੀਮ ਦੀ ਜ਼ਰੂਰਤ ਤੋਂ ਵੱਧ ਹੋ ਜਾਵੇ ਤਾਂ ਇਸ ਨੂੰ ਪੰਜਾਬ ਵਿਚ ਜਾਂ ਇਸ ਤੋਂ ਬਾਹਰ ਵੇਚਿਆ ਜਾ ਸਕਦਾ ਹੈ। ਸਬਜ਼ੀਆਂ ਅਤੇ ਫਲਾਂ ਵਾਸਤੇ ਕਿਸਾਨਾਂ ਦੇ ਕੋਅਪਰੇਟਿਵ ਕੋਲਡ ਸਟੋਰ ਅਤੇ ਐਗਰੋ-ਪ੍ਰਾਸੈਸਿੰਗ ਯੂਨਿਟ ਬਣਾਏ ਜਾ ਸਕਦੇ ਹਨ। ਇਹ ਕੰਮ ਮਿਲਕਫੈਡ ਦੇ ਪੈਟਰਨ ਤੇ ਚਲਾਇਆ ਜਾ ਸਕਦਾ ਹੈ। ਵਖ ਵਖ ਕਿਸਮ ਦੀਆਂ ਪ੍ਰਾਸੈਸਡ ਖੇਤੀ ਵਸਤਾਂ ਵਾਸਤੇ ਪੰਜਾਬ ਆਧਾਰਿਤ ਮਿਲਕਫੈਡ ਦੀ ਤਰਜ਼ ਤੇ ਬਰੈਂਡ ਨਾਮ ਸਥਾਪਿਤ ਕਰਨੇ ਪੈਣਗੇ। ਇਸ ਕਾਰਜ ਵਿਚ ਪੰਜਾਬ ਮਾਰਕਫੈਡ ਕਾਫੀ ਨਿੱਗਰ ਰੋਲ ਅਦਾ ਕਰ ਸਕਦਾ ਹੈ। ਸਰਕਾਰੀ/ਕੋਅਪਰੇਟਿਵ ਅਦਾਰਿਆਂ ਦੇ ਨਾਲ ਛੋਟੇ, ਮੀਡੀਅਮ ਅਤੇ ਵੱਡੇ ਪ੍ਰਾਈਵੇਟ ਅਦਾਰਿਆਂ ਨੂੰ ਐਗਰੋ-ਪ੍ਰਾਸੈਸਿੰਗ ਵਾਸਤੇ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਇਹ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਪ੍ਰਾਈਵੇਟ ਅਦਾਰਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਅਤੇ ਕਰਮਚਾਰੀਆਂ ਨੂੰ ਸਰਕਾਰ ਵਲੋਂ ਪ੍ਰਵਾਨਿਤ ਮਜ਼ਦੂਰੀ ਅਤੇ ਤਨਖਾਹ ਮਿਲੇ। ਇਹ ਵੀ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਗਵਾਂਢੀ ਸੂਬੇ ਹਿਮਾਚਲ ਪ੍ਰਦੇਸ਼ ਵਾਂਗ ਸਨਅਤੀ ਅਤੇ ਐਗਰੋ-ਪ੍ਰਾਸੈਸਿੰਗ ਇਕਾਈਆਂ ਵਿਚ 75% ਰੁਜ਼ਗਾਰ ਪੰਜਾਬ ਮੂਲ ਦੇ ਨੌਜਵਾਨਾਂ ਅਤੇ ਖਾਸ ਕਰ ਕੇ ਖੇਤੀ ਵਿਚੋਂ ਬਾਹਰ ਜਾਣ ਵਾਲੇ ਗਰੀਬ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਾਸਤੇ ਰਿਜ਼ਰਵ ਕੀਤੇ ਜਾ ਸਕਦੇ ਹਨ। 1991 ਤੋਂ ਬਾਅਦ ਸਿਹਤ ਅਤੇ ਵਿਦਿਆ ਦੇ ਬਜਟਾਂ ਵਿਚ ਕੀਤੀ ਕਟੌਤੀ ਨੂੰ ਬਹਾਲ ਕਰਨਾ ਚਾਹੀਦਾ ਹੈ। ਪੇਂਡੂ ਵਿਦਿਆ ਅਤੇ ਸਿਹਤ ਖਾਸ ਤੌਰ ਤੇ ਸੁਧਾਰ ਦੀ ਮੰਗ ਕਰਦੇ ਹਨ। ਇਸ ਮਨੁੱਖੀ ਸਰੋਤ ਵਿਚ ਹੀ ਪੰਜਾਬ ਦੇ ਪਿੰਡਾਂ, ਖੇਤੀ ਅਤੇ ਭਵਿੱਖ ਦੇ ਵਿਕਾਸ ਦੀ ਆਸ ਹੈ।

ਅਜੋਕੇ ਸਮੇਂ ਵਿਚ ਨਵੀਆਂ/ਸੁਝਾਈਆਂ ਫਸਲਾਂ ਪੈਦਾ ਕਰਨਾ ਜੋਖਮ ਵਾਲਾ ਕੰਮ ਹੈ। ਸੀਮਾਂਤ, ਛੋਟੇ ਅਤੇ ਮਧਲੇ ਕਿਸਾਨ ਇਹ ਜੋਖਮ ਨਹੀਂ ਉਠਾ ਸਕਦੇ, ਇਸ ਕਰ ਕੇ ਉਹ ਕਣਕ-ਝੋਨੇ ਜਿਹੀਆਂ ਸਥਾਪਤ ਜੋਖਮ-ਮੁਕਤ ਫਸਲਾਂ ਬੀਜਣ ਵਾਸਤੇ ਮਜਬੂਰ ਹਨ। ਮੰਡੀਕਰਨ ਦੇ ਜੋਖਮ ਹੀ ਪੰਜਾਬ ਦੀ ਖੇਤੀ ਵੰਨ-ਸਵੰਨਤਾ ਦੇ ਰਾਹ ਵਿਚ ਵੱਡੀ ਸਮੱਸਿਆ ਬਣੇ ਹੋਏ ਹਨ। ਇਸ ਦੇ ਹੱਲ ਵਾਸਤੇ ਸੰਸਥਾਈ ਤਬਦੀਲੀਆਂ ਦੀ ਸਖਤ ਲੋੜ ਹੈ। ਸੀਮਾਂਤ, ਛੋਟੇ ਅਤੇ ਮਧਲੇ ਕਿਸਾਨਾਂ ਨੂੰ ਨਵੇਂKਸੁਝਾਏ ਖੇਤੀ ਵੰਨ-ਸਵੰਨਤਾ ਪ੍ਰੋਗਰਾਮ ਵਲ ਪ੍ਰੇਰਨ ਵਾਸਤੇ ਜਰੂਰੀ ਹੈ ਕਿ ਉਨ੍ਹਾਂ ਨੂੰ ਰਲ ਮਿਲ ਕੇ ਸਾਂਝੀ ਖੇਤੀ ਵਲ ਮੋੜਿਆ ਜਾਵੇ।

ਮੌਜੂਦਾ ਸਮੇਂ ਵਿਚ ਸਾਂਝੀ ਖੇਤੀ ਦੇ ਦੋ ਮਾਡਲ ਦੇਸ਼ ਵਿਚ ਗੱਲਬਾਤ ਦਾ ਵਿਸ਼ਾ ਹਨ। ਇਕ ਮਾਡਲ ਕਾਫੀ ਪੁਰਾਣਾ ਹੈ ਅਤੇ ਕਈ ਦੇਸ਼ਾਂ ਤੇ ਭਾਰਤ ਦੇ ਕਈ ਇਲਾਕਿਆਂ ਵਿਚ ਕਾਮਯਾਬ ਰਿਹਾ ਹੈ। ਇਹ ਮਾਡਲ ਸਹਿਕਾਰੀ ਆਰਥਿਕ ਗਤੀਵਿਧੀਆਂ ਵਾਲਾ ਹੈ। ਇਹ ਦਖਣੀ ਕੋਰੀਆ ਅਤੇ ਜਾਪਾਨ ਦੀ ਖੇਤੀ ਵਿਚ ਖੂਬ ਕਾਮਯਾਬ ਸਿੱਧ ਹੋਇਆ ਹੈ। ਭਾਰਤ ਵਿਚ ਮਹਾਰਾਸ਼ਟਰ ਅਤੇ ਗੁਜਰਾਤ ਦੇ ਸੂਬਿਆਂ ਵਿਚ ਕ੍ਰਮਵਾਰ ਗੰਨਾ ਉਤਪਾਦਨKਖੰਡ ਮਿੱਲਾਂ ਅਤੇ ਦੁੱਧ ਉਤਪਾਦਨ/ਪ੍ਰਾਸੈਸਿੰਗ ਵਿਚ ਇਸ ਨੂੰ ਕਾਫੀ ਸਫਲਤਾ ਹਾਸਲ ਹੋਈ ਹੈ। ਪੰਜਾਬ ਵਿਚ ਇਸ ਦੀ ਸਫਲਤਾ ਦੁੱਧ ਦੀ ਪ੍ਰਾਸੈਸਿੰਗ ਮਿਲਕਫੈਡ ਦੇ ਜ਼ਰੀਆ ਸਾਰਿਆਂ ਨੂੰ ਪਤਾ ਹੈ। 1960ਵਿਆਂ ਅਤੇ 1970ਵਿਆਂ ਵਿਚ ਖੇਤੀ ਕਰਜ਼ਾ ਕੋਅਪਰੇਟਿਵ ਸੁਸਾਇਟੀਆਂ, ਪੰਜਾਬ ਦੇ ਪਿੰਡਾਂ ਵਿਚ ਕਾਫੀ ਸਫਲਤਾ ਨਾਲ ਕੰਮ ਕਰ ਰਹੀਆਂ ਸਨ। ਇਸ ਸਮੇਂ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਲਾਂਬੜਾ-ਕਾਗੜੀ ਮਲਟੀਪਰਪਸ ਕੋਅਪਰੇਟਿਵ ਸੁਸਾਇਟੀ ਸਫ਼ਲਤਾ ਨਾਲ ਕੰਮ ਕਰ ਰਹੀ ਹੈ। ਇਸ ਤੋਂ ਇਲਾਵਾ 1200 ਤੋਂ ਵੱਧ ਪਿੰਡਾਂ ਵਿਚ ਕੋਅਪਰੇਟਿਵ ਮਸ਼ੀਨਰੀ ਬੈਂਕ ਵੀ ਕੰਮ ਕਰ ਰਹੇ ਹਨ। ਦੂਜੇ ਕਿਸਮ ਦਾ ਸਾਂਝੀ ਖੇਤੀ ਦਾ ਮਾਡਲ ਭਾਰਤ ਦੇ ਯੋਜਨਾ ਕਮਿਸ਼ਨ ਨੇ ਬਾਰਵੀਂ ਪੰਜ ਸਾਲਾ ਯੋਜਨਾ (2012-2017) ਦੇ ਦਸਤਾਵੇਜ਼ ਵਿਚ ਪੇਸ਼ ਕਰ ਕੇ ਇਸ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਮਾਡਲ ਨੂੰ ਮੌਜੂਦਾ ਕੇਂਦਰ ਸਰਕਾਰ ਖੇਤੀ ਵਿਚ ਲਾਗੂ ਕਰਨ ਲਈ ਕਾਫੀ ਸਰਗਰਮ ਹੈ। ਇਸ ਮਾਡਲ ਨੂੰ ਉਤਸ਼ਾਹਿਤ ਕਰਨ ਵਾਸਤੇ ਨਾਬਾਰਡ ਨੂੰ ਨੋਡਲ ਏਜੰਸੀ ਬਣਾਇਆ ਹੈ। ਇਸ ਮਾਡਲ ਦਾ ਨਾਮ ਫਾਰਮਰਜ਼ ਪ੍ਰੋਡਿਊਸਰ ਆਰਗੇਨਾਈਜੇਸ਼ਨਜ ਰਖਿਆ ਗਿਆ ਹੈ। ਇਸ ਮਾਡਲ ਵਿਚ ਨਿਸ਼ਚਿਤ ਗਿਣਤੀ ਦੇ ਕਿਸਾਨ ਮਿਲ ਕੇ ਐਫਪੀਓ, ਕੰਪਨੀ ਐਕਟ ਤਹਿਤ ਰਜਿਸਟਰ ਕਰਵਾ ਕੇ ਖੇਤੀ ਉਤਪਾਦਨ ਕਰ ਕੇ ਆਪਣੀ ਪੈਦਾਵਾਰ ਦਾ ਵਪਾਰ/ਪ੍ਰਾਸੈਸਿੰਗ ਕਰ ਸਕਦੇ ਹਨ। ਇਸ ਨੂੰ ਮੱਧ ਪ੍ਰਦੇਸ਼ ਵਿਚ ਚੰਗਾ ਹੁੰਗਾਰਾ ਮਿਲਿਆ ਹੋਇਆ ਹੈ। ਪੰਜਾਬ ਅਤੇ ਹਰਿਆਣਾ ਦੇ ਸੂਬਿਆਂ ਵਿਚ ਕੁਝ ਕੁ ਐਫਪੀਓ ਹੀ ਕੰਮ ਕਰ ਰਹੀਆਂ ਹਨ।

ਸਾਂਝੀ ਖੇਤੀ ਨਾਲ ਕਿਸਾਨੀ ਦੇ ਵੱਡੇ ਹਿਸੇ ਨੂੰ ਕਣਕ-ਝੋਨੇ ਤੋ ਇਲਾਵਾ ਖੇਤੀ ਵੰਨ-ਸਵੰਨਤਾ ਦੇ ਪ੍ਰੋਗਰਾਮ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਨਾਲ ਸਾਂਝੇ ਤੌਰ ਤੇ ਮੰਡੀਕਰਨ ਦੇ ਜੋਖਮ ਨੂੰ ਘਟਾਇਆ ਜਾ ਸਕਦਾ ਹੈ ਅਤੇ ਸਰਕਾਰੀKਸਹਿਕਾਰੀ ਮਦਦ ਨਾਲ ਇਸ ਨੂੰ ਕੁਝ ਹੱਦ ਤਕ ਸਹਿਣ ਵੀ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਪੰਜਾਬ ਦੀ ਧਰਤੀ ਦਾ ਪਾਣੀ ਬਚਾਇਆ ਜਾ ਸਕਦਾ ਹੈ, ਨੌਜਵਾਨਾਂ ਵਾਸਤੇ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ। ਪਰਾਲੀ, ਹੋਰ ਫਸਲਾਂ ਦੀ ਰਹਿੰਦ ਖੂੰਹਦ ਅਤੇ ਸ਼ਹਿਰੀ ਕੂੜੇ ਤੇ ਸੀਵਰੇਜ ਤੋ ਬਾਇਓ ਗੈਸ ਅਤੇ ਬਾਇਓ ਖਾਦ ਬਣਾ ਕੇ ਸਾਫ ਊਰਜਾ ਪੈਦਾ ਕਰਨ ਦੇ ਨਾਲ ਹਵਾ ਨੂੰ ਸਾਫ ਰਖਿਆ ਜਾ ਸਕਦਾ ਹੈ। ਕਿਸਾਨਾਂ ਦੀਆਂ ਫਸਲਾਂ ਦੀ ਰਹਿੰਦ ਖੂੰਹਦ ਨੂੰ ਨਾ ਸਾੜ ਕੇ ਉਸ ਵਾਸਤੇ ਬਾਇਓ ਗੈਸ ਦੇ ਪਲਾਟਾਂ ਵਿਚ ਇਸ ਦੀ ਮਾਰਕੀਟ ਪੈਦਾ ਕੀਤੀ ਜਾ ਸਕਦੀ ਹੈ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਆਤਮ ਹਤਿਆਵਾਂ ਨੂੰ ਰੋਕਿਆ ਜਾ ਸਕਦਾ ਹੈ।

ਭੂਮੀਹੀਣ ਕਿਸਾਨਾਂ ਨੂੰ ਇਸ ਮਾਡਲ ਵਿਚ ਵਿਕਾਸ ਦੇ ਹਿਸੇਦਾਰ ਬਣਾਇਆ ਜਾ ਸਕਦਾ ਹੈ। ਸਾਂਝੀ ਖੇਤੀ ਅਪਣਾਉਣਾ ਜਾਂ ਨਹੀਂ ਜਾਂ ਕਿਹੜਾ ਮਾਡਲ ਲਾਗੂ ਕਰਨਾ ਹੈ, ਇਸ ਦਾ ਫੈਸਲਾ ਤਾਂ ਕਿਸਾਨ ਲਹਿਰ ਵਿਚ ਸਰਗਰਮ ਕਿਸਾਨ ਜਥੇਬੰਦੀਆਂ ਨੇ ਹੀ ਕਰਨਾ ਹੈ। ਇਵੇਂ ਹੀ ਸਰਕਾਰੀ ਨੀਤੀਆਂ ਨੂੰ ਮੋੜਾ ਦੇ ਸਰਕਾਰ ਦਾ ਹੀ ਕੰਮ ਹੈ। ਸਰਕਾਰੀ ਨੀਤੀਆਂ ਨੂੰ ਮੋੜਾ ਦੇਣ ਵਾਸਤੇ ਜ਼ਰੂਰੀ ਹੈ, ਸੂਬੇ ਦੀ ਸਰਕਾਰ ਦੇ ਵਿਤੀ ਸਾਧਨਾਂ ਨੂੰ ਠੀਕ ਕੀਤਾ ਜਾਵੇ। ਇਸ ਦੇ ਨਾਲ ਹੀ ਇਸ ਦੇ ਅਧਿਕਾਰਾਂ ਨੂੰ ਕੇਂਦਰ ਸਰਕਾਰ ਵੱਲੋਂ ਖੋਹਣ ਤੋਂ ਬਚਾਇਆ ਜਾਵੇ।

# ਪੰਜਾਬ ਦੀਆਂ ਝੀਲਾਂ ’ਤੇ ਹੁਣ ਨਹੀ ਨਜ਼ਰ ਆਉਂਦੇ ਪਰਵਾਸੀ ਪੰਛੀ



ਪੰਜਾਬ ਵਿਚ ਸਿਆਲ ਰੁੱਤ ਦੀ ਹਲਕੀ ਗੁਲਾਬੀ ਠੰਢ ਪੈਂਦਿਆਂ ਹੀ ਸਾਈਬੇਰੀਆ, ਰੂਸ, ਕਜ਼ਾਕਿਸਤਾਨ, ਮੰਗੋਲੀਆ ਅਤੇ ਉੱਤਰ-ਪੂਰਬੀ ਚੀਨ ਤੋਂ ਕੇਂਦਰੀ ਯੂਰੇਸ਼ੀਆ, ਤੁਰਕੀ, ਯੂਰਪ ਅਤੇ ਹੋਰ ਠੰਢੇ ਮੁਲਕਾਂ ਤੋਂ ਪਰਵਾਸੀ ਪੰਛੀਆਂ ਦੇ ਨਾਲ-ਨਾਲ ਕੂੰਜਾਂ ਵੀ ਭਾਰੀ ਗਿਣਤੀ ਵਿਚ ਪੰਜਾਬ ਵਿਚ ਵੱਡੀਆਂ ਜਲਗਾਹਾਂ ਹਰੀਕੇ ਪੱਤਣ ਝੀਲ, ਰੋਪੜ ਜਲਗਾਹ ਅਤੇ ਕਾਂਜਲੀ ਝੀਲ ਸਮੇਤ ਹੁਸੈਨੀਵਾਲ ਝੀਲ, ਮੰਡ ਭਰਥਲਾ, ਨੰਗਲ ਝੀਲ, ਸੁਖਨਾ ਝੀਲ ਚੰਡੀਗੜ੍ਹ ਉੱਪਰ ਆ ਕੇ ਆਪਣਾ ਡੇਰਾ ਲਗਾ ਲੈਂਦੀਆਂ ਸਨ। ਹਰ ਹੁਣ ਦੋ ਦਹਾਕਿਆਂ ਤੋਂ ਸਿਆਲ ਰੁੱਤੇ ਵੱਖ-ਵੱਖ ਕਿਸਮਾਂ ਦੇ ਪਰਵਾਸੀ ਪੰਛੀ ਤਾਂ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਨਜ਼ਰ ਆ ਜਾਂਦੇ ਹਨ ਪਰ ਪਰਵਾਸੀ ਕੂੰਜਾਂ ਖ਼ਾਸ ਕਰ ਕੇ ਸਾਈਬੇਰੀਆ ਦੀਆਂ ਕੂੰਜਾਂ ਹੁਣ ਕਿਧਰੇ ਨਜ਼ਰ ਹੀ ਨਹੀਂ ਆਉਂਦੀਆਂ। ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਇਹ ਕੂੰਜਾਂ ਪੰਜਾਬੀਆਂ ਨਾਲ ਰੁਸ ਗਈਆਂ ਹੋਣ। ਹੁਣ ਇਹ ਪੰਜਾਬੀਆਂ ਦੀ ਪ੍ਰਾਹੁਣਚਾਰੀ ਦਾ ਆਨੰਦ ਮਾਨਣ ਨਹੀਂ ਆਉਂਦੀਆਂ, ਜਾਂ ਬਹੁਤ ਘੱਟ ਗਿਣਤੀ ਵਿਚ ਪੰਜਾਬ ’ਚ ਆਉਂਦੀਆਂ ਹਨ।

ਪੰਜਾਬੀ ਭਾਸ਼ਾ ਦਾ ਕੂੰਜ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਸ਼ਬਦ ਕਰਾਉਚ ਤੋਂ ਲਿਆ ਗਿਆ ਹੈ। ਹਿੰਦੀ ਵਿਚ ਕੂੰਜ ਨੂੰ ਕਰਕਰਾ ਕਹਿੰਦੇ ਹਨ ਜਦੋਂਕਿ ਅੰਗਰੇਜ਼ੀ ਵਿਚ ਕੂੰਜ ਨੂੰ ਕਰੇਨਸ ਕਿਹਾ ਜਾਂਦਾ ਹੈ। ਪੂਰੀ ਦੁਨੀਆ ਵਿਚ ਕੂੰਜਾਂ/ ਸਾਰਸਾਂ ਦੀਆਂ 15 ਕਿਸਮਾਂ ਪਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚੋਂ ਅੱਧੀਆਂ ਕਿਸਮਾਂ ਤਾਂ ਹੋਣ ਅਲੋਪ ਹੋਣ ਕਿਨਾਰੇ ਹਨ। ਭਾਰਤ ਵਿਚ ਕੂੰਜਾਂKਸਾਰਸ ਦੀਆਂ ਸਿਰਫ਼ ਚਾਰ ਕਿਸਮਾਂ ਹੀ

**ਜਗਮੋਹਨ ਸਿੰਘ ਲੱਕੀ**

ਮਿਲਦੀਆਂ ਹਨ, ਜਿਨ੍ਹਾਂ ਵਿੱਚੋਂ ਸਿਰਫ਼ ਇਕ ਜਾਤੀ ਸਾਰਸ ਕਰੇਨ ਹੀ ਭਾਰਤ ਵਿਚ ਰੈਣ ਵਸੇਰਾ ਕਰਦੀ ਹੈ। ਕੂੰਜਾਂ ਦੀਆਂ ਬਾਕੀ ਤਿੰਨ ਕਿਸਮਾਂ ਤਾਂ ਸਿਰਫ਼ ਸਿਆਲ ਰੁੱਤੇ ਠੰਢ ਦੇ ਦਿਨ ਕੱਟਣ ਹੀ ਭਾਰਤ ਆਉਂਦੀਆਂ ਹਨ ਜੋ ਕਿ ਸਿਆਲ ਰੁੱਤ ਦੇ ਖ਼ਤਮ ਹੁੰਦਿਆਂ ਸਾਰ ਮੁੜ ਆਪਣੇ ਵਤਨਾਂ ਨੂੰ ਉਡਾਰੀ ਮਾਰ ਜਾਂਦੀਆਂ ਹਨ।

ਦੋ ਦਹਾਕੇ ਪਹਿਲਾਂ ਤਕ ਦੇ ਪੰਜਾਬ ਵਿਚ ਹਰ ਸਾਲ ਕੱਤਕ ਮਹੀਨੇ ਇਹ ਕੂੰਜਾਂ ਦੀਆਂ ਡਾਰਾਂ ਹਜ਼ਾਰਾਂ ਦੀ ਗਿਣਤੀ ਵਿਚ ਆਉਂਦੀਆਂ ਸਨ ਤੇ ਉਸ ਸਮੇਂ ਪੰਜਾਬ ਦੀ ਫ਼ਿਜ਼ਾ ਵਿਚ ਹਰ ਪਾਸੇ ਕੂੰਜਾਂ ਦੀ ਸੰਗੀਤਮਈ ਆਵਾਜ਼ ਸੁਣਾਈ ਦਿੰਦੀ ਸੀ, ਜੋ ਕਿ ਕੁਰਰ ਕੁਰਰ ਵਰਗੀ ਹੁੰਦੀ ਸੀ। ਇਹ ਪਰਵਾਸੀ ਕੂੰਜਾਂ ਸੈਂਕੜਿਆਂ ਦੀ ਗਿਣਤੀ ਵਿਚ ਹਰ ਨਦੀ, ਛੰਭ, ਢਾਬ, ਛੱਪੜ, ਟੋਭੇ, ਜਲਥਾਵਾਂ ਅਤੇ ਜਲਗਾਹਾਂ ’ਤੇ ਮੌਜ ਮਸਤੀ ਕਰਦੀਆਂ ਅਤੇ ਜ਼ਿੰਦਗੀ ਦਾ ਆਨੰਦ ਮਾਣਦੀਆਂ ਨਜ਼ਰ ਆ ਜਾਂਦੀਆਂ ਸਨ। ਇਸ ਤੋਂ ਇਲਾਵਾ ਪੰਜਾਬ ਦੇ ਖੇਤਾਂ ਵਿਚ ਵੀ ਵੱਡੀ ਗਿਣਤੀ ਕੂੰਜਾਂ ਬੈਠੀਆਂ ਤੇ ਉਡਾਰੀ ਮਾਰਦੀਆਂ, ਪੁੱਠੀਆਂ ਸਿੱਧੀਆਂ ਛਾਲਾਂ ਮਾਰਦੀਆਂ ਮੌਜ ਮਸਤੀ ਕਰਦੀਆਂ ਨਜ਼ਰ ਆ ਜਾਂਦੀਆਂ ਸਨ ਪਰ ਹੁਣ ਇਹ ਪਰਵਾਸੀ ਕੂੰਜਾਂ ਪੰਜਾਬ ਅਤੇ ਪੰਜਾਬੀਆਂ ਨਾਲ ਰੁਸ ਗਈਆਂ ਨੇ। ਇਨ੍ਹਾਂ ਕੂੰਜਾਂ ਦਾ ਰੋਸਾ ਦਿਨੋ ਦਿਨ ਵੱਧਦਾ ਜਾ ਰਿਹਾ ਹੈ।

ਇਹ ਹੀ ਕਾਰਨ ਹੈ ਕਿ ਹੁਣ ਕਾਲੇ ਸਾਗਰ, ਜਿਸ ਨੂੰ ’’ਬਲੈਕ ਸੀ ’’ ਵੀ ਕਿਹਾ ਜਾਂਦਾ ਹੈ, ਸਾਈਬੇਰੀਆ, ਰੂਸ, ਕਜ਼ਾਕਿਸਤਾਨ, ਮੰਗੋਲੀਆ ਅਤੇ ਉੱਤਰ-ਪੂਰਬੀ ਚੀਨ ਤਕ ਕੇਂਦਰੀ ਯੂਰੇਸ਼ੀਆ, ਤੁਰਕੀ, ਯੂਰਪ ਅਤੇ ਹੋਰ ਠੰਢੇ ਮੁਲਕਾਂ ਤੋਂ ਹਰ ਸਾਲ ਸਿਆਲ ਰੁੱਤੇ ਪੰਜਾਬ ਆਉਣ ਵਾਲੀਆਂ ਕੂੰਜਾਂ ਦੀ ਗਿਣਤੀ ਬਹੁਤ ਘੱਟ ਗਈ ਹੈ। ਕੂੰਜ ਨੂੰ ਪਵਿੱਤਰ ਪੰਛੀ ਦਾ ਦਰਜਾ ਮਿਲਿਆ ਹੋਇਆ ਹੈ, ਫਿਰ ਵੀ ਸ਼ਿਕਾਰੀਆਂ ਵਲੋਂ ਕੂੰਜਾਂ ਦਾ ਸ਼ਿਕਾਰ ਪਿਛਲੇ ਸਮੇਂ ਦੌਰਾਨ ਕੀਤਾ ਜਾਂਦਾ ਰਿਹਾ ਹੈ। ਕੂੰਜਾਂ ਦੀ ਘੱਟ ਰਹੀ ਆਮਦ ਅਤੇ ਗਿਣਤੀ ਕਾਰਨ ਕੂੰਜ ਨੂੰ ਉੱਤਰ ਪ੍ਰਦੇਸ਼ ਸਰਕਾਰ ਨੇ ਰਾਜ ਦਾ ਰਾਜ ਪੰਛੀ ਐਲਾਨਿਆ ਹੋਇਆ ਹੈ।

ਸਾਈਬੇਰੀਆ, ਮੰਗੋਲੀਆ, ਚੀਨ ਅਤੇ ਮੱਧ ਯੂਰਪ ਤੋਂ ਭਾਰਤ ਦੇ ਵੱਖ-ਵੱਖ ਇਲਾਕਿਆਂ ਵਿਚ ਆਉਣ ਵਾਲੀਆਂ ਇਨ੍ਹਾਂ ਕੂੰਜਾਂ ਦੇ ਸਿਰ ਛੋਟੇ ਹੁੰਦੇ ਹਨ, ਪਰ ਗਰਦਨ ਲੰਬੀ ਹੁੰਦੀ ਹੈ। ਇਨ੍ਹਾਂ ਦੀਆਂ ਲੱਤਾਂ ਲੰਮੀਆਂ, ਕਾਲੇ ਰੰਗ ਦੀਆਂ ਖੁਰਦਰੀਆਂ ਦਿਖਣ ਵਾਲੀਆਂ ਹੁੰਦੀਆਂ ਹਨ, ਜਿਸ ਕਾਰਨ ਇਨ੍ਹਾਂ ਨੂੰ ਲਮਢੀਂਗ ਵੀ ਕਿਹਾ ਜਾਂਦਾ ਹੈ। ਇਨ੍ਹਾਂ ਕੂੰਜਾਂ ਦੀ ਉਚਾਈ 75 ਸੈਂਟੀਮੀਟਰ ਹੁੰਦੀ ਹੈ। ਇਨ੍ਹਾਂ ਦੇ ਸਰੀਰ ਦੀ ਲੰਬਾਈ 85 ਤੋਂ 100 ਸੈਂਟੀਮੀਟਰ ਤਕ ਹੁੰਦੀ ਹੈ। ਇਨ੍ਹਾਂ ਕੂੰਜਾਂ ਦਾ ਭਾਰ 2 ਅਤੇ 3 ਕਿਲੋ ਦੇ ਦਰਮਿਆਨ ਹੁੰਦਾ ਹੈ। ਕੂੰਜਾਂ ਦਾ ਰੰਗ ਭਾਵੇਂ ਨੀਲੀ ਭਾਅ ਮਾਰਦਾ ਸਲੇਟੀ ਜਿਹਾ ਹੁੰਦਾ ਹੈ ਪਰ ਅੱਖਾਂ ਲਾਲ ਹੁੰਦੀਆਂ ਹਨ। ਕੂੰਜਾਂ ਦੀ ਚੁੰਝ ਛੋਟੀ ਹੁੰਦੀ ਹੈ। ਗਰਦਨ ਦਾ ਪਿੱਠ ਵਾਲਾ ਪਾਸਾ ਚਿੱਟਾ ਅਤੇ ਪੂਛ ਕਾਲੇ ਰੰਗ ਦੀ ਹੁੰਦੀ ਹੈ। ਕੂੰਜਾਂ ਦੇ ਖੰਭ ਭਾਵੇਂ ਸਫ਼ੈਦ ਰੰਗ ਦੇ ਹੁੰਦੇ ਹਨ, ਜਿਨ੍ਹਾਂ ਨੂੰ ਦੁੱਧ ਚਿੱਟੇ ਵੀ ਕਿਹਾ ਜਾਂਦਾ ਹੈ, ਪਰ ਇਨ੍ਹਾਂ ਖੰਭਾਂ ਦੇ ਕਿਨਾਰੇ ਕਾਲੇ ਰੰਗ ਦੇ ਹੁੰਦੇ ਹਨ।

ਇਹ ਕੂੰਜਾਂ ਡਾਰਾਂ ਵਿਚ ਉਡਦੀਆਂ ਹਨ, ਜਿਨ੍ਹਾਂ ਨੂੰ ਕਾਫਲੇ ਵੀ ਕਿਹਾ ਜਾਂਦਾ ਹੈ। ਇਹ ਕੂੰਜਾਂ ਅੰਗਰੇਜ਼ੀ ਦੇ ਅੱਖਰ ’ਵੀ’ ਦੀ ਸ਼ਕਲ ਵਿਚ ਉਡਦੀਆਂ ਹਨ। ਇਹ ਅਕਸਰ ਹੀ 5 ਹਜ਼ਾਰ ਮੀਟਰ ਦੀ ਉਚਾਈ ਤੋਂ ਲੈ ਕੇ 8 ਹਜ਼ਾਰ ਮੀਟਰ ਦੀ ਉਚਾਈ ਤਕ ਉਡਾਰੀ ਮਾਰਦੀਆਂ ਹਨ। ਆਪਣੀ ਲੰਬੀ ਉਡਾਰੀ ਦੌਰਾਨ ਕੂੰਜਾਂ ਹਿਮਾਲਿਆ ਪਰਬਤ ਦੇ ਉੱਚੇ-ਉੱਚੇ ਪਹਾੜਾਂ ਨੂੰ ਵੀ ਪਾਰ ਕਰ ਕੇ ਬਹੁਤ ਦਿੱਕਤਾਂ ਅਤੇ ਜੋਖ਼ਮ ਭਰਿਆ ਰਸਤਾ ਤੈਅ ਕਰ ਕੇ ਭਾਰਤ ਵਿਚ ਪਹੁੰਚਦੀਆਂ ਹਨ। ਕੂੰਜਾਂ ਦਾ ਪਰਵਾਸ ਤਰਜੀਹੀ ਰਸਤਿਆਂ ਵਿਚ ਹੁੰਦਾ ਹੈ ਜਿਸ ਨੂੰ ’ਫਲਾਈਵੇਅ’ ਦਾ ਨਾਂ ਦਿੱਤਾ ਜਾਂਦਾ ਹੈ। ਕੂੰਜਾਂ ਦੇ ਇਹ ਹਵਾਈ ਰਸਤੇ ਆਮ ਤੌਰ ’ਤੇ ਪਹਾੜ, ਸਮੁੰਦਰੀ ਕੰਢਿਆਂ ਜਾਂ ਕਈ ਵਾਰ ਦਰਿਆਵਾਂ ਨੂੰ ਮੁੱਖ ਰੱਖ ਕੇ ਤੈਅ ਕੀਤੇ ਜਾਂਦੇ ਹਨ।

ਇਹ ਕੂੰਜਾਂ ਹਮੇਸ਼ਾ ਲੈਅਬੱਧ ਡਾਰ ਵਿਚ ਉਡਾਣ ਭਰਦੀਆਂ ਹਨ। ਸਭ ਤੋਂ ਅੱਗੇ ਇਕ ਕੂੰਜ ਹੁੰਦੀ ਹੈ, ਜਿਸ ਨੂੰ ਮੋਢੀ ਕੂੰਜ ਜਾਂ ਲੀਡਰ ਕੂੰਜ ਵੀ ਕਿਹਾ ਜਾਂਦਾ ਹੈ, ਉਸ ਤੋਂ ਪਿੱਛੇ ਤਿੰਨ ਕੂੰਜਾਂ, ਫਿਰ ਪੰਜ ਕੂੰਜਾਂ, ਫਿਰ ਸੱਤ ਕੂੰਜਾਂ ਅਤੇ ਇਸੇ ਤਰ੍ਹਾਂ ਹੋਰ ਕੂੰਜਾਂ ਦੀ ਗਿਣਤੀ ਵੱਧਦੀ ਜਾਂਦੀ ਹੈ। ਲੰਬੀ ਉਡਾਰੀ ਦੌਰਾਨ ਸਮਾਂ ਪਾ ਕੇ ਕੂੰਜਾਂ ਦਾ ਮੋਢੀ ਆਗੂ ਬਦਲਦਾ ਰਹਿੰਦਾ ਹੈ। ਇਸ ਤਰ੍ਹਾਂ ਕਰਨ ਨਾਲ ਸਾਰੀਆਂ ਪਰਵਾਸੀ ਕੂੰਜਾਂ ਦੀ ਇਕੋ ਜਿੰਨੀ ਊਰਜਾ ਖਪਤ ਹੁੰਦੀ ਹੈ। ਇਹ ਪਰਵਾਸੀ ਕੂੰਜਾਂ ਡਾਰਾਂ ਵਿਚ ਉਡਾਰੀ ਮਾਰਦੇ ਸਮੇਂ ਇਕੋ ਸਮੇਂ ਆਪਣੇ ਖੰਭ ਹਿਲਾਉਂਦੇ ਹਨ, ਇਸ ਤਰ੍ਹਾਂ ਸਾਰੇ ਕੂੰਜ ਪੰਛੀਆਂ ਵਲੋਂ ਇਕੋ ਸਮੇਂ ਆਪਣੇ ਖੰਭ ਹਿਲਾਉਣ ਨਾਲ ਇਨ੍ਹਾਂ ਦਾ ਉੱਡਣ ਵੇਲੇ ਜ਼ੋਰ ਕਾਫ਼ੀ ਘੱਟ ਲੱਗਦਾ ਹੈ।

ਆਪਣੀ ਹਜ਼ਾਰਾਂ ਮੀਲਾਂ ਦੀ ਲੰਬੀ ਉਡਾਰੀ ਦੌਰਾਨ ਅਨੇਕਾਂ ਹੀ ਕੂੰਜਾਂ ਪਰਵਾਸ ਦੇ ਰਸਤੇ ਵਿਚ ਹੀ ਖ਼ਰਾਬ ਮੌਸਮ, ਬਰਫ਼ਬਾਰੀ, ਬਿਮਾਰੀ ਜਾਂ ਕਿਸੇ ਸ਼ਿਕਾਰੀ ਦੇ ਜਾਲ ਕਾਰਨ ਆਪਣੀ ਜਾਨ ਤੋਂ ਹੱਥ ਧੋ ਲੈਂਦੀਆਂ ਹਨ ਪਰ ਫਿਰ ਵੀ ਜਿਉਂਦੀਆਂ ਕੂੰਜਾਂ ਦਾ ਪਰਵਾਸ ਲਗਾਤਾਰ ਜਾਰੀ ਰਹਿੰਦਾ ਹੈ। ਇਹ ਕੂੰਜਾਂ ਭਾਰਤ ਦੇ ਵੱਖ-ਵੱਖ ਇਲਾਕਿਆਂ ਵਿਚ ਭਾਵੇਂ ਦੇਸੀ ਕੱਤਕ ਮਹੀਨੇ ਅਤੇ ਅੰਗਰੇਜ਼ੀ ਮਹੀਨੇ ਅਕਤੂਬਰ ਦੇ ਸ਼ੁਰੂ ਵਿਚ ਪਹੁੰਚਦੀਆਂ ਹਨ ਪਰ ਆਪਣੇ ਮੂਲ ਸਥਾਨਾਂ ਤੋਂ ਇਹ ਕੂੰਜਾਂ ਅਗਸਤ ਵਿਚ ਹੀ ਆਂਡੇK ਬੱਚੇ ਦੇ ਕੇ ਇੱਕਠੀਆਂ ਹੋ ਕੇ ਲੰਮੀਂ ਉਡਾਰੀ ਮਾਰਨ ਦੀ ਤਿਆਰੀ ਕਰਨ ਲੱਗਦੀਆਂ ਹਨ। ਵੱਡੀ ਗਿਣਤੀ ਕੂੰਜਾਂ ਆਪਣੇ ਵਤਨ ਵਿਚ ਛੋਟੇ-ਛੋਟੇ ਬੱਚਿਆਂ ਨੂੰ ਆਪਣੇ ਆਲ੍ਹਣਿਆਂ ਵਿਚ ਹੀ ਛੱਡ ਆਉਂਦੀਆਂ ਹਨ, ਤੇ ਕਾਫ਼ੀ ਸਾਰਾ ਚੋਗਾ ਆਲ੍ਹਣਿਆਂ ਵਿਚ ਹੀ ਰੱਖ ਆਉਂਦੀਆਂ ਹਨ। ਇਨ੍ਹਾਂ ਕੂੰਜਾਂ ਦੇ ਵਾਪਸ ਮੁੜਨ ਸਮੇਂ ਇਹ ਬੱਚੇ ਵੀ ਉਡਾਰ ਹੋ ਚੁੱਕੇ ਹੁੰਦੇ ਹਨ।

ਮਾਰਚ ਮਹੀਨੇ ਇਹ ਕੂੰਜਾਂ ਵਾਪਸ ਆਪਣੇ ਵਤਨਾਂ ਨੂੰ ਉਸੇ ਪੈਂਡੇ ਮੁੜ ਪੈਂਦੀਆਂ ਹਨ, ਜਿਸ ਪੈਂਡੇ ਇਹ ਭਾਰਤ ਵਿਚ ਆਈਆਂ ਹੁੰਦੀਆਂ ਹਨ। ਆਪਣੇ ਵਤਨਾਂ ਵਿਚ ਇਹ ਕੂੰਜਾਂ ਜਲ ਸੋਮਿਆਂ ਨੇੜੇ ਘਾਹ ਦੇ ਮੈਦਾਨ ਵਿਚ ਰੈਣ ਬਸੇਰਾ ਕਰਦੀਆਂ ਹਨ। ਵਾਪਸ ਵਤਨ ਪਹੁੰਚ ਕੇ ਮਾਦਾ ਕੂੰਜ ਦੋ ਆਂਡੇ ਦਿੰਦੀ ਹੈ, ਜਿਸ ਵਿੱਚੋਂ 27 ਦਿਨਾਂ ਬਾਅਦ ਬੱਚੇ ਨਿਕਲ ਆਉਂਦੇ ਹਨ। ਇਹ ਬੱਚੇ 55 ਦਿਨਾਂ ਵਿਚ ਹੀ ਉਡਾਰੀ ਮਾਰਨ ਦੇ ਯੋਗ ਹੋ ਜਾਂਦੇ ਹਨ ਪਰ ਇਹ ਬੱਚੇ ਪੂਰਾ ਇਕ ਸਾਲ ਆਪਣੇ ਮਾਪਿਆਂ ਦੀ ਡਾਰ ਵਿਚ ਹੀ ਰਹਿੰਦੇ ਹਨ ਅਤੇ ਮਾਪਿਆਂ ਨਾਲ ਹੀ ਰੈਣ ਬਸੇਰਾ ਕਰਦੇ ਹਨ। ਇਕ ਸਾਲ ਤੋਂ ਬਾਅਦ ਇਹ ਬੱਚੇ ਵੀ ਹੋਰਨਾਂ ਕੂੰਜਾਂ ਵਾਂਗ ਲੰਬੀ ਉਡਾਰੀ ਮਾਰਨੀ ਸ਼ੁਰੂ ਕਰ ਦਿੰਦੇ ਹਨ।

ਪਰਵਾਸ ਕਰਨਾ ਕੂੰਜਾਂ ਦੀ ਤਕਦੀਰ ਹੈ ਅਤੇ ਤਦਬੀਰਾਂ ਇਨ੍ਹਾਂ ਤੋਂ ਹੁੰਦੀਆਂ ਹੀ ਨਹੀਂ, ਜਿਸ ਕਰਕੇ ਮੁੱਢ ਕਦੀਮ ਤੋਂ ਇਹ ਲੰਬੀ ਉਡਾਰੀ ਮਾਰ ਕੇ ਪਰਵਾਸ ਕਰਦੀਆਂ ਆ ਰਹੀਆਂ ਹਨ ਅਤੇ ਕਰਦੀਆਂ ਰਹਿਣਗੀਆਂ। ਸਾਇਬੇਰੀਆ ਦੁਨੀਆ ਦਾ ਸਭ ਤੋਂ ਠੰਢਾ ਇਲਾਕਾ ਹੈ। ਸਾਇਬੇਰੀਆ ਵਿਚ ਸੰਘਣੇ ਜੰਗਲ ਹੋਣ ਦੇ ਨਾਲ-ਨਾਲ ਠੰਢ ਵੀ ਬਹੁਤ ਪੈਂਦੀ ਹੈ। ਇਸੇ ਤਰਾਂ ਯੂਰਪ ਸਮੇਤ ਦੁਨੀਆ ਵਿਚ ਹੋਰ ਵੀ ਕਈ ਇਲਾਕੇ ਅਜਿਹੇ ਹਨ, ਜਿੱਥੇ ਸਿਆਲਾਂ ਵਿਚ ਤਾਂ ਉੱਥੇ ਲਗਾਤਾਰ ਅਸਮਾਨ ਵਿੱਚੋਂ ਬਰਫ਼ ਡਿਗਦੀ ਹੈ ਅਤੇ ਦਿਨ ਰਾਤ ਬਰਫ਼ੀਲੇ ਤੂਫ਼ਾਨ ਚੱਲਦੇ ਹਨ। ਸਿਆਲ ਰੁੱਤੇ ਉੱਥੇ ਪਾਣੀ ਵਾਲੀਆਂ ਝੀਲਾਂ ਜੰਮ ਜਾਂਦੀਆਂ ਹਨ। ਪੰਛੀਆਂ ਖ਼ਾਸ ਕਰ ਕੇ ਕੂੰਜਾਂ ਲਈ ਚੋਗਾ ਮਿਲਣਾ ਮੁਸ਼ਕਿਲ ਹੋ ਜਾਂਦਾ ਹੈ। ਇਨ੍ਹਾਂ ਕੂੰਜਾਂ ਨੂੰ ਖਾਣ ਲਈ ਕੋਈ ਚੀਜ਼ ਨਹੀਂ ਬਚਦੀ ਕਿਉਂਕਿ ਰੁੱਖ ਵੀ ਬਰਫ਼ ਹੇਠ ਦੱਬ ਜਾਂਦੇ ਹਨ। ਹਰੇ ਭਰੇ ਰੁੱਖਾਂ ਉੱਪਰ ਚਿੱਟੀ ਬਰਫ਼ ਜੰਮ ਜਾਂਦੀ ਹੈ ਅਤੇ ਉਹ ਸਫ਼ੈਦ ਭਾਅ ਮਾਰਦੇ ਹਨ। ਰਾਤ ਸਮੇਂ ਇਹ ਰੁੱਖ ਚੰਨ ਦੀ ਚਾਨਣੀ ਵਿਚ ਚਮਕਦੇ ਤਾਂ ਬਹੁਤ ਹਨ ਪਰ ਇਹ ਚਮਕ ਚੰਨ ਦੀ ਚਾਣਨੀ ਵਾਂਗ ਉਧਾਰੀ ਹੀ ਹੁੰਦੀ ਹੈ। ਅਸਲ ਵਿਚ ਬਰਫ਼ ਲੱਦੇ ਰੁੱਖਾਂ ਦੀ ਸਫ਼ੈਦ ਮਰਮਰੀ ਚਮਕ ਕੂੰਜਾਂ ਨੂੰ ਚੋਗ ਨਹੀਂ ਦੇ ਸਕਦੀ। ਇਸ ਤੋਂ ਇਲਾਵਾ ਹੱਡ ਚੀਰਵੀਂ ਠੰਢ ਵਿਚ ਜਦੋਂ ਸਰਦ ਅਤੇ ਬਰਫ਼ੀਲੀਆਂ ਹਵਾਵਾਂ ਚਲਦੀਆਂ ਹਨ ਅਤੇ ਰੂੰ ਦੇ ਫੰਬਿਆਂ ਵਾਂਗ ਬਰਫ਼ ਹਵਾ ਵਿਚ ਉਡਦੀ ਹੈ ਤਾਂ ਇਨ੍ਹਾਂ ਕੂੰਜਾਂ ਲਈ ਪਰਵਾਸ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਰਹਿੰਦਾ। ਜਿਸ ਧਰਤੀ ਉੱਪਰ ਇਹ ਕੂੰਜਾਂ ਜੰਮੀਆਂ ਪਲੀਆਂ ਹੁੰਦੀਆਂ ਹਨ, ਜਿਸ ਆਕਾਸ਼ ’ਤੇ ਇਨ੍ਹਾਂ ਨੇ ਉਡਾਰੀਆਂ ਮਾਰੀਆਂ ਹੁੰਦੀਆਂ ਹਨ, ਉਹ ਹੀ ਅਸਮਾਨ ਇਨ੍ਹਾਂ ਲਈ ਪਰਾਇਆ ਹੋ ਜਾਂਦਾ ਹੈ, ਮਜਬੂਰੀਵਸ ਇਨ੍ਹਾਂ ਕੂੰਜਾਂ ਨੂੰ ਪਰਵਾਸ ਕਰਨਾ ਪੈਂਦਾ ਹੈ।

ਭਾਰਤ ਦੇ ਜੱਦੀ ਪੰਛੀ ਆਪਣੀ ਹੀ ਸੁਰੀਲੀ ਆਵਾਜ਼ ਵਿਚ ਪਰਵਾਸੀ ਕੂੰਜਾਂ ਤੋਂ ਉਨ੍ਹਾਂ ਦੇ ਪਰਵਾਸ ਦਾ ਕਾਰਨ ਪੁੱਛਦੇ ਪ੍ਰਤੀਤ ਹੁੰਦੇ ਹਨ। ਪਰਵਾਸੀ ਪੰਛੀਆਂ ਅਤੇ ਪੰਜਾਬ ਦੇ ਦੇਸੀ ਪੰਛੀਆਂ ਦੇ ਆਪਸੀ ਸੰਵਾਦ ਦਾ ਸਹੀ ਚਿਤਰਨ ਇਸ ਗੀਤ ਵਿਚ ਕੀਤਾ ਗਿਆ ਹੈ-

ਮੋਰ ਪੁਛੀਂਦੇਂ ਕੂੰਜਾਂ ਕੋਲੋਂ,
ਤੁਸਾਂ ਨਿੱਤ ਪਰਦੇਸ ਤਿਆਰੀ,
ਜਾਂ ਤਾਂ ਤੁਹਾਡਾ ਵਤਨ ਕੁਚੱਜੜਾ,
ਜਾਂ ਤੁਹਾਡੀ ਲੱਗ ਗਈ ਕਿਸੇ ਨਾਲ ਯਾਰੀ,
ਬੱਚੇ ਛੋੜ ਪਰਦੇਸਣ ਹੋਈਓ,
ਤੁਸਾਂ ਉਮਰ ਵਿਹਾ ਲਈ ਸਾਰੀ,
ਮੋਰਾਂ ਨੂੰ ਸਮਝਾਵਣ ਲੱਗੀਆਂ,
ਓ ਕੂੰਜਾਂ ਵਾਰੋ ਵਾਰੀ ਵੇ.......
ਧੁਰੋਂ ਲਿਖੀਆਂ ਕੋਈ ਮੇਟ
ਨੀ ਸਕਦਾ,
ਸਭ ਦਾਤੇ ਚੋਗ ਖਿਲਾਰੀ

ਪ੍ਰਸਿੱਧ ਲੇਖਕ ਰਸੂਲ ਹਮਜਾਤੋਵ ਨੇ ਵੀ ਕੂੰਜਾਂ ਬਾਰੇ ਆਪਣੀ ਇਕ ਨਜ਼ਮ ਵਿਚ ਲਿਖਿਆ ਹੈ :-

ਕਦੇ ਕਦੇ ਮੈਨੂੰ ਲੱਗਦਾ ਹੈ ਉਹ ਕਿ ਸਾਰੇ ਜਵਾਨ ਫ਼ੌਜੀ ਜੋ
ਜੰਗ ਰੱਤੇ ਮੈਦਾਨਾਂ ਵਿੱਚੋਂ ਮੁੜ ਘਰਾਂ ਨੂੰ ਨਹੀਂ ਪਰਤੇ
ਜ਼ਮੀਨ ਵਿਚ ਦਫਨ ਕਿਤੇ ਆਰਾਮ ਨਹੀਂ ਫਰਮਾ ਰਹੇ
ਦੇਹ ਪਲਟ ਕੇ ਬਣ ਗਏ ਸੀ ਉਹ ਤਾਂ ਕੂੰਜ ਪਰਿੰਦੇ ...

ਪੰਜਾਬੀਆਂ ਲਈ ਮਾੜੀ ਖ਼ਬਰ ਹੈ ਕਿ ਇਹ ਕੂੰਜਾਂ ਹੁਣ ਪੰਜਾਬ ਅਤੇ ਪੰਜਾਬੀਆਂ ਨਾਲ ਪੂਰੀ ਤਰ੍ਹਾਂ ਰੁਸ ਗਈਆਂ ਹਨ ਅਤੇ ਇਹ ਹੁਣ ਦੋ ਦਹਾਕਿਆਂ ਤੋਂ ਪੰਜਾਬ ਵੱਲ ਫੇਰਾ ਨਹੀਂ ਪਾਉਂਦੀਆਂ ਸਗੋਂ ਇਹ ਪੰਜਾਬ ਦੀ ਥਾਂ ਭਾਰਤ ਦੇ ਹੋਰਨਾਂ ਇਲਾਕਿਆਂ ਵਿਚ ਜਾਣ ਨੂੰ ਤਰਜੀਹ ਦੇਣ ਲੱਗ ਪਈਆਂ ਹਨ।

ਪੰਜਾਬ ਦੇ ਦੂਸ਼ਿਤ ਵਾਤਾਵਰਨ, ਗੰਧਲੇ ਤੇ ਜ਼ਹਿਰੀਲੇ ਪੌਣ ਪਾਣੀਆਂ, ਜਲਗਾਹਾਂ ਦੇ ਸੁੰਗੜਨ, ਸ਼ਿਕਾਰੀਆਂ ਵਲੋਂ ਕੀਤੇ ਜਾਂਦੇ ਸ਼ਿਕਾਰ, ਮਨੁੱਖ ਵਲੋਂ ਪਾਏ ਜਾਂਦੇ ਸ਼ੋਰ ਸ਼ਰਾਬੇ, ਥਾਂ ਥਾਂ ਲੱਗੇ ਮੋਬਾਈਲ ਟਾਵਰਾਂ, ਅਸਮਾਨ ਛੂੰਹਦੀਆਂ ਇਮਾਰਤਾਂ ਕਾਰਨ ਵੀ ਪਰਵਾਸੀ ਕੂੰਜਾਂ ਦਾ ਮੋਹ ਪੰਜਾਬ ਨਾਲੋਂ ਟੁੱਟਦਾ ਜਾ ਰਿਹਾ ਹੈ। ਇਸ ਤਰ੍ਹਾਂ ਪੰਜਾਬੀ ਇਨ੍ਹਾਂ ਪਰਵਾਸੀ ਕੂੰਜਾਂ ਦੀ ਪ੍ਰਾਹੁਣਚਾਰੀ ਦਾ ਹੱਕ ਗੁਆਉਂਦੇ ਜਾ ਰਹੇ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹੈ।

ਪੰਜਾਬੀ ਸਾਹਿਤ ਸਮੇਤ ਪੂਰੀ ਦੁਨੀਆ ਦੀਆਂ ਸਾਰੀਆਂ ਸਜੱਭਿਆਤਾਵਾਂ ਦੇ ਸਾਹਿਤ ਵਿਚ ਕੂੰਜਾਂ ਦਾ ਜ਼ਿਕਰ ਬਹੁਤ ਵੱਡੇ ਪੱਧਰ ’ਤੇ ਹੁੰਦਾ ਆਇਆ ਹੈ, ਪੰਜਾਬ ਵਿਚ ਤਾਂ ਪਤਲੀ ਤੇ ਸੋਹਣੀ ਮੁਟਿਆਰ ਨੂੰ ਵੀ ਕੂੰਜ ਕਹਿ ਲਿਆ ਜਾਂਦਾ ਹੈ। ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਪਰਵਾਸੀ ਕੂੰਜਾਂ ਦਾ ਪੰਜਾਬ ਤੇ ਪੰਜਾਬੀਆਂ ਨਾਲ ਰੋਸਾ ਖ਼ਤਮ ਕਰਨ ਲਈ ਸਿਰ ਜੋੜ ਕੇ ਸੋਚ ਵਿਚਾਰ ਕਰਨ ਅਤੇ ਪੰਜਾਬ ਦੇ ਪੌਣ ਪਾਣੀ ਨੂੰ ਸ਼ੁੱਧ ਕਰ ਕੇ, ਵੱਧ ਤੋਂ ਵੱਧ ਰੁੱਖ ਲਗਾ ਕੇ, ਜਲ ਸੋਮਿਆਂ ਦੀ ਸੰਭਾਲ ਕਰਕੇ, ਖੇਤੀ/ ਫ਼ਸਲਾਂ ਉੱਪਰ ਕੀੜੇਮਾਰ ਦਵਾਈਆਂ/ ਜ਼ਹਿਰਾਂ ਦੀ ਵਰਤੋਂ ਬੰਦ ਕਰ ਕੇ ਅਜਿਹਾ ਪ੍ਰਦੂਸ਼ਣ ਮੁਕਤ ਸ਼ੁੱਧ ਵਾਤਾਵਰਨ ਮੁੜ ਸਿਰਜਣ, ਜਿਸ ਕਾਰਨ ਪੰਜਾਬ ਨਾਲ ਰੁਸ ਕੇ ਕਿੱਧਰੇ ਦੂਰ ਉਡ ਪੁੱਡ ਗਈਆਂ ਇਨ੍ਹਾਂ ਕੂੰਜਾਂ ਦਾ ਰੋਸਾ ਖ਼ਤਮ ਹੋ ਸਕੇ ਅਤੇ ਇਹ ਪੰਜਾਬ ਦੇ ਨੀਲੇ ਆਕਾਸ਼ ਵਿਚ ਮੁੜ ਪਹਿਲਾਂ ਵਾਂਗ ਉਡਾਰੀਆਂ ਭਰ ਸਕਣ।

### ਆਪਣੇ ਸਾਥੀ ਪ੍ਰਤੀ ਵਫ਼ਾਦਾਰ

ਕੂੰਜਾਂ ਆਪਣੇ ਸਾਥੀ ਪ੍ਰਤੀ ਪੂਰੀਆਂ ਵਫ਼ਾਦਾਰ ਹੁੰਦੀਆਂ ਹਨ, ਇਹ ਆਮ ਤੌਰ ’ਤੇ ਦੋ-ਦੋ ਦੇ ਜੋੜਿਆਂ ਵਿਚ ਹੀ ਵਿਚਰਦੀਆਂ ਹਨ ਪਰ ਲੰਬੀ ਉਡਾਰੀ ਹਮੇਸ਼ਾ ਡਾਰ ਜਾਂ ਵੱਡੇ ਕਾਫ਼ਲੇ ਵਿਚ ਹੀ ਮਾਰਦੀਆਂ ਹਨ। ਇਨ੍ਹਾਂ ਕੂੰਜਾਂ ਦੇ ਜੋੜਿਆਂ ਦਾ ਜਦੋਂ ਇਕ ਸਾਥੀ ਢਿੱਲਾ ਮੱਠਾ ਹੁੰਦਾ ਹੈ ਤਾਂ ਦੂਜੀ ਕੂੰਜ ਰੁਦਨ ਕਰ-ਕਰ ਕੇ ਸਭ ਨੂੰ ਰੋਣ ਲਗਾ ਦਿੰਦੀ ਹੈ। ਇਸੇ ਤਰ੍ਹਾਂ ਜਦੋਂ ਕੋਈ ਕੂੰਜ ਡਾਰ ਵਿੱਚੋਂ ਵਿਛੜ ਜਾਂਦੀ ਹੈ ਫਿਰ ਉਹ ਵੀ ਰੋਂਦੀ ਕੁਰਲਾਉਂਦੀ ਬਹੁਤ ਰੁਦਨ ਕਰਦੀ ਹੈ। ਡਾਰ ਨਾਲੋਂ ਇਕੱਲੀ ਰਹਿ ਗਈ ਇਸ ਕੂੰਜ ਦਾ ਰੁਦਨ ਸੁਣ ਕੇ ਕੋਈ ਨਵੀਂ ਵਿਆਹੀ ਮੁਟਿਆਰ ਵੀ ਹਉਕਾ ਭਰਦੀ ਹੈ ਤੇ ਵੱਡੀ ਉਮਰ ਦੀਆਂ ਔਰਤਾਂ ਵੀ ਅਸਮਾਨ ਵੱਲ ਮੂੰਹ ਚੁੱਕ ਕੇ ਕੁਝ ਬੁੜਬੁੜਾਉਂਦੀਆਂ ਹਨ।



# MISSION
## PEAK BROCKERS, INC

**CALL A PROFESSIONAL AND GET THE BEST POSSIBLE PRICES AND HIGHEST PROFITS**

**I am a top rated Business and Commercial Real Estate broker with vast experience in Sales.**

For the best possible price and highest profit, call a Business Professional.

As the **President of Mission Peak Brokers, Inc.** and also a **Commercial Real Estate Broker,** I offer you guidance that is based on extensive experience in Sales. Acquisition and Financing of Commercial Real Estate and the purchase of businesses.

Mission Peak Brokers, Inc. is a leading **Business Brokerage** firm based in the San Francisco Bay Area providing t he services required for the sale and acquisition of main street retail business opportunities and commercial real estate as well as an all-inclusive assistance with the business and commercial loan process.

We are here to secure your objectives through a standard of aggressive diligence, measurable integrity and the highest standard of excellence **knowing our client's satisfactions is our ultimate goal.**

**Acquisition and Financing of Commercial Real Estate.**






# GET TOP DOLLAR$

## FOR YOUR COMMERCIAL PROPERTY



# CALL TODAY

## (510) 490-9705

hrsidhu@gmail.com
www.missionpeakbrokers.com



## Harpreet "Harry" Sidhu, CBB
## Broker/president

**BRE Lic #1433114**
**Broker Lic # 01792260**

CABB REALTOR®